12ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -12 ISSUE - 38
December 27, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com


ਰੰਘਰੇਟੇ ਗੁਰੂ ਕੇ ਬੇਟੇ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ (ਵਿਸ਼ੇਸ਼ ਲੇਖ ਅੰਦਰ ਦੇਖੋ)


1 ਜਨਵਰੀ ਲਈ ਭੀਮਾ ਕੋਰੇਗਾਓਂ ਦੀ ਇਤਿਹਾਸਕ ਲੜ੍ਹਾਈ ਸਬੰਧੀ ਵਿਸ਼ੇਸ਼ ਲੇਖ ਅੰਦਰ ਦੇਖੋ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਕੋਟਿ-ਕੋਟਿ ਪ੍ਰਣਾਮ

## ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਮੌਕੇ ਲੱਖਾਂ ਦੀ ਗਿਣਤੀ 'ਚ ਸੰਗਤ ਹੋਈ ਨਤਮਸਤਕ



**ਸ੍ਰੀ ਫਤਹਿਗੜ੍ਹ ਸਾਹਿਬ (ਬਿਊਰੋ)–** ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਸਭਾ ਦੇ ਦੂਜੇ ਦਿਨ ਅੱਜ ਵੱਡੀ ਗਿਣਤੀ ਵਿੱਚ ਦੇਸ਼-ਵਿਦੇਸ਼ ਤੋਂ ਪਹੁੰਚੀ ਸੰਗਤ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ, ਗੁਰਦੁਆਰਾ ਠੰਢਾ ਬੁਰਜ ਤੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਵਿਖੇ ਨਤਮਸਤਕ ਹੋਈ।

ਗੁਰਦੁਆਰੇ ਦੇ ਮੁੱਖ ਦਰਬਾਰ ਵਿੱਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਮਗਰੋਂ ਹੈੱਡ ਗ੍ਰੰਥੀ ਗਿਆਨੀ ਹਰਪਾਲ ਸਿੰਘ ਨੇ ਸਾਹਿਬਜ਼ਾਦਿਆਂ ਦੇ ਇਤਿਹਾਸ ਦੀ ਲੜੀਵਾਰ ਕਥਾ ਕੀਤੀ ਅਤੇ ਸਾਰਾ ਦਿਨ ਗੁਰਬਾਣੀ ਕੀਰਤਨ ਦਾ ਪ੍ਰਵਾਹ ਜਾਰੀ ਰਿਹਾ। ਇਸ ਤੋਂ ਇਲਾਵਾ ਟੋਡਰ ਮੱਲ ਦੀਵਾਨ ਹਾਲ ਤੇ ਗੁਰਦੁਆਰੇ ਦੇ ਸਾਹਮਣੇ ਖੁੱਲ੍ਹੇ ਪੰਡਾਲ ਵਿੱਚ ਵੀ ਧਾਰਮਿਕ ਦੀਵਾਨ ਸਜਾਏ ਗਏ, ਜਿਨ੍ਹਾਂ ਵਿੱਚ ਪੰਥ ਪ੍ਰਸਿੱਧ ਕਥਾਵਾਚਕ, ਢਾਡੀ ਤੇ ਕਵੀਸ਼ਰੀ ਜਥਿਆਂ ਨੇ ਗੁਰੂ ਗੋਬਿੰਦ ਸਿੰਘ, ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਜੀਵਨ ਇਤਿਹਾਸ ਸਰਵਣ ਕਰਵਾਇਆ। ਸ਼ਹੀਦੀ ਸਭਾ ਦੌਰਾਨ ਵੱਖ-ਵੱਖ ਧਾਰਮਿਕ, ਸਿਆਸੀ ਤੇ ਸਮਾਜਿਕ ਸ਼ਖ਼ਸੀਅਤਾਂ ਨੇ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਵਿਖੇ ਹਾਜ਼ਰੀ ਭਰ ਕੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸਤਿਕਾਰ ਭੇਟ ਕੀਤਾ। ਭਲਕੇ 28 ਦਸੰਬਰ ਨੂੰ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਵਿਖੇ ਵਿਸ਼ੇਸ਼ ਤੌਰ 'ਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਕਰਵਾਇਆ ਜਾਵੇਗਾ।

ਦੇਸ਼ ਦੁਆਬਾ

# 2024

## ਨਵੇਂ ਸਾਲ ਦੀਆਂ ਲੱਖ-ਲੱਖ ਮੁਬਾਰਕਾਂ

Prem Kumar Chumber 916-947-8920

ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਆਪਣੇ ਸਾਰੇ ਹੀ ਮਾਣਯੋਗ ਪਾਠਕਾਂ, ਪ੍ਰਸ਼ੰਸਕਾਂ, ਸਹਿਯੋਗੀਆਂ, ਇਸ਼ਤਿਹਾਰਦਾਤਿਆਂ ਅਤੇ ਸਮੂਹ ਮਾਨਵਤਾ ਨੂੰ ਨਵੇਂ ਸਾਲ 2024 ਦੀਆਂ ਲੱਖ-ਲੱਖ ਵਧਾਈਆਂ। ਅਸੀਂ ਦੁਆ ਕਰਦੇ ਹਾਂ ਕਿ ਨਵਾਂ ਸਾਲ ਸਾਡੇ-ਤੁਹਾਡੇ ਜੀਵਨ ਵਿਚ ਖੁਸ਼ੀਆਂ-ਖੇੜੇ ਲੈ ਕੇ ਆਵੇ ਅਤੇ ਆਲਮੀ ਪੱਧਰ ਤੇ ਮਨੁੱਖਤਾ ਸ਼ਾਂਤੀ-ਸਹਿਹੋਂਦ ਨਾਲ ਵੱਸੇ। **– ਪ੍ਰੇਮ ਕੁਮਾਰ ਚੁੰਬਰ**



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434


Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੇ ਦਸੰਬਰ ਮਹੀਨੇ ਦੇ ਪ੍ਰੋਗਰਾਮ

**December 31, 2023**

**Akhand Path Sewa by Bains Family**

Bains family will host Akhand path and Langar Sewa. Akhand Path will start on Friday, December 29, 2023 at 10:00 AM and will conclude with Bhog ceremony on Sunday morning December, 31, 2023. May Guru Sahib keep Bains family in Chardikala.

**December 31, 2023**

**Rain Sabai New Year's Celebration**

We will be celebrating New Year's Eve at Gurughar in welcoming the New Year 2024. Let us start the New Year with a prayer for love, happiness and prosperity of our Sangat.

**For STALLS or any SEWA, please contact :**
**President Vinod Kumar at (408) 718-2506 or Chairman Ramesh Suman at (925) 366-3618**

## Sangat Sewadars

www.sriguruavidasstemple.com

| Chairman | President | General Secretary | Treasurer |
|---|---|---|---|
| Ramesh Suman | Vinod Kumar | Naresh Kumar | Sunita K Singh |
| (925) 366 3618 | (408) 718-2506 | (415) 424 9860 | (415) 233-3319 |




# KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਵਿਖੇ ਚਾਰ ਸਾਹਿਬਜ਼ਾਦਿਆਂ ਅਤੇ ਸ਼ਹੀਦਾਂ ਦੀ ਯਾਦ ਵਿੱਚ ਹੋਏ ਵਿਸ਼ੇਸ਼ ਸਮਾਗਮ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ)–** ਸਿੱਖ ਭਾਈਚਾਰੇ ਨੇ ਆਪਣੀ ਮਿਹਨਤ, ਭਾਇਚਾਰਕ ਅਤੇ ਸਮਾਜਿਕ ਸੇਵਾਵਾਂ ਕਰਕੇ ਆਪਣੀ ਪਹਿਚਾਣ ਦੁਨੀਆਂ ਵਿਚ ਬਣਾਈ ਹੈ। ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਨੇ ਜਿੱਥੇ ਆਪਣੇ ਜੀਵਨ ਪੱਧਰ ਨੂੰ ਖੁਸ਼ਹਾਲ ਬਣਾਉਣ ਲਈ ਮਿਹਨਤਾਂ ਕੀਤੀਆਂ, ਉੱਥੇ ਪੰਜਾਬੀ ਬੋਲੀ ਅਤੇ ਸਿੱਖ ਧਰਮ ਦੀ ਵਿਦੇਸ਼ਾਂ ਵਿੱਚ ਪ੍ਰਫੁੱਲਤਾ ਲਈ ਵੀ ਵਡਮੁੱਲਾ ਯੋਗਦਾਨ ਪਾਇਆ। ਇੱਥੋ ਦੇ ਸਕੂਲਾਂ ਵਿਚ ਪੰਜਾਬੀ ਦੇ ਵਿਸ਼ੇ ਦੀ ਪੜਾਈ ਅਤੇ ਸਿੱਖ ਇਤਿਹਾਸ ਪੜਾਇਆ ਜਾਂਦਾ ਹੈ। ਇਹੀ ਕਾਰਨ ਹੈ ਕਿ ਅੱਜ ਬੇਸ਼ੱਕ ਭਾਰਤ, ਖਾਸਕਰ ਪੰਜਾਬ ਦੇ ਬੱਚਿਆਂ ਨੂੰ



ਇਤਿਹਾਸ ਪੂਰੀ ਤਰਾਂ ਨਾ ਪਤਾ ਹੋਵੇ, ਪਰ ਇੱਥੋ ਦੇ ਬੱਚੇ ਸਿੱਖ ਇਤਿਹਾਸ ਤੋਂ ਭਲੀਭਾਤ ਜਾਣੂ ਹਨ। ਜਿਸ ਵਿੱਚ ਗੁਰੂਘਰਾਂ ਦੁਆਰਾ ਚਲਾਏ ਜਾ ਰਹੇ ਸਕੂਲਾਂ ਦਾ ਵੀ ਵਡਮੁੱਲਾ ਯੋਗਦਾਨ ਹੈ। ਸਿੱਖ ਇਤਿਹਾਸ ਵਿੱਚ ਚੱਲ ਰਹੇ ਦਸੰਬਰ ਮਹੀਨੇ ਦੇ ਆਖਰੀ ਦਿਨ ਬਹੁਤ ਮਹੱਤਵਪੂਰਨ ਹਨ। ਇੰਨਾਂ ਹੀ ਦਿਨਾਂ ਵਿੱਚ ਧੰਨ-ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ, ਮਾਤਾ ਗੁੱਜਰੀ ਜੀ ਅਤੇ ਹੋਰ ਅਨੇਕਾਂ ਸਿੱਖਾ ਨੇ ਧਰਮ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਸੇ ਇਤਿਹਾਸਕ ਸਮੇਂ ਨੂੰ ਯਾਦ ਕਰਦੇ ਹੋਏ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਕਰਮਨ ਨਿਵਾਸੀ ਸ। ਸਰਬਜੀਤ ਸਿੰਘ ਸਰਾਂ ਅਤੇ ਸੰਗਤਾਂ ਨੇ ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਵਿਖੇ ਵਿਸ਼ੇਸ਼ ਸਮਾਗਮ ਕਰਵਾਏ। ਇਸਪ੍ਰੋਗਰਾਮ ਵਿੱਚ ਗੁਰੂਘਰ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸੇ ਦੌਰਾਨ ਤਿੰਨੇ ਦਿਨ ਗੁਰੂਘਰ ਵਿਖੇ ਗੁਰਬਾਣੀ-ਕੀਰਤਨ ਅਤੇ ਢਾਡੀ ਦਰਬਾਰ ਸਜਾਇਆ ਗਿਆਂ। ਜਿਸ ਵਿੱਚ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ ਗਿਆ।

ਇੰਨਾਂ ਸ਼ਹੀਦੀ ਸਮਾਗਮਾਂ ਦੀ ਸਮਾਪਤੀ ਸਮੇਂ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਕੀਰਤਨੀ ਜੱਥੇ ਦੇ ਭਾਈ ਬਲਜਿੰਦਰ ਸਿੰਘ ਅਤੇ ਭਾਈ ਨਰਿੰਦਰ ਸਿੰਘ ਨੇ ਨਿਰੋਲ ਗੁਰਬਾਣੀ ਕੀਰਤਨ ਰਾਹੀਂ ਹਾਜ਼ਰੀ ਭਰਦੇ ਹੋਏ ਸਿੱਖ ਇਤਿਹਾਸ ਸਰਵਣ ਕਰਵਾਇਆ। ਇਸ ਉਪਰੰਤ ਚੱਲੇ ਢਾਡੀ ਦਰਬਾਰ ਵਿੱਚ ਇੰਟਰਨੈਸ਼ਨਲ ਗੋਲਡ ਮੈਡਲਿਸਟ ਗਿਆਨੀ ਇੰਦਰਜੀਤ ਸਿੰਘ ਸ਼ੇਰਗਿੱਲ ਜਮਸ਼ੇਰ ਦੇ ਢਾਡੀ ਜੱਥੇ ਨੇ ਹਾਜ਼ਰੀ ਭਰੀ। ਜਿਸ ਵਿੱਚ ਜੰਡਿਆਲਾ ਮੰਜਕੀ ਵਾਲੇ ਸਕੇ ਭਰਾਵਾਂ ਦਾ ਢਾਡੀ ਜੱਥਾ ਸਾਰੰਗੀ ਵਾਦਕ ਹਰਪਾਲ ਸਿੰਘ ਪਾਲ, ਢਾਡੀ ਰਾਜਵਿੰਦਰ ਸਿੰਘ ਰਾਜ, ਢਾਡੀ ਰਣਜੀਤ ਸਿੰਘ ਰਾਣਾ ਆਦਿਕ ਨੇ ਹਾਜ਼ਰੀ ਭਰੀ। ਇਸ ਸਮੇਂ ਢਾਡੀ ਜੱਥੇ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਪ੍ਰਸੰਗ ਛੋਟੀ ਉਮਰੇ ਵੱਡੀਆਂ ਕੁਰਬਾਨੀਆਂ ਬੜੇ ਵਿਸਥਾਰ ਅਤੇ ਜ਼ਜ਼ਬੇ ਨਾਲ ਸੁਣਾਇਆ ਕਿ ਇਤਿਹਾਸ ਸੁਣ ਰਹੀਆਂ ਸੰਗਤਾਂ ਦੀਆਂ ਅੱਖਾਂ ਨਮ ਦਿਖ ਰਹੀਆਂ ਸਨ। ਢਾਡੀ ਜੱਥਾਂ ਹਾਜ਼ਰ ਸੰਗਤਾਂ ਨੂੰ ਇਤਿਹਾਸ ਸੁਣਾਉਂਦੇ ਹੋਏ ਬੜੀ ਸੂਝ ਨਾਲ ਇਸ ਤਰਾਂ ਤੋਰ ਰਿਹਾ ਸੀ ਕਿ ਸੰਗਤਾਂ ਉਸ ਸਮੇਂ ਦੇ ਹਲਾਤਾ ਨੂੰ ਮਹਿਸੂਸ ਕਰ ਰਹੀਆਂ ਸਨ। ਸੰਗਤਾਂ ਦੇ ਮੂੰਹੋ ਆਪ-ਮੁਹਾਰੇ ਨਿਕਲ ਰਿਹਾ ਸੀ ਕਿ ਧੰਨ ਗੁਰੂ ਗੋਬਿੰਦ ਸਿੰਘ ਜੀ ਅਤੇ ਧੰਨ ਉਨਾਂ ਦੇ ਲਾਲ। ਇਸ ਸਮੇਂ ਸੰਗਤਾਂ ਵੱਲੋਂ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਵੀ ਗਜਾਏ ਗਏ।

ਸਮੁੱਚੇ ਪ੍ਰੋਗਰਾਮ ਵਿੱਚ ਕਰਮਨ ਸ਼ਹਿਰ ਅਤੇ ਹੋਰ ਦੂਰ-ਦੂਰਾਡੇ ਤੋਂ ਸੰਗਤਾਂ ਨੇ ਪਹੁੰਚ ਕੇ ਹਾਜ਼ਰੀਆਂ ਭਰੀਆ। ਜਿਸ ਦੌਰਾਨ ਤਿੰਨੇ ਦਿਨ ਗੁਰੂ ਦੇ ਲੰਗਰ ਅਤੁੱਟ ਵਰਤੇ। ਆਪਣੀ ਨਵੀਂ ਪੀੜੀ ਦੇ ਬੱਚਿਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਲੋਕਾਂ ਨੂੰ ਦੁਨੀਆਂ ਦੇ ਸਭ ਤੋਂ ਵੱਧ ਕੁਰਬਾਨੀਆਂ ਭਰੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਇਹੋ ਜਿਹੇ ਪ੍ਰੋਗਰਾਮ ਬਹੁਤ ਜ਼ਰੂਰੀ ਹਨ। ਇਸ ਤਿੰਨ ਦਿਨਾਂ ਢਾਡੀ ਦਰਬਾਰ ਅਤੇ ਗੁਰਬਾਣੀ ਕੀਰਤਨ ਦਾ ਬਹੁਤ ਵਧੀਆਂ ਪ੍ਰੋਗਰਾਮ ਉਲੀਕਣ ਲਈ ਸ. ਸਰਬਜੀਤ ਸਿੰਘ ਸਰਾਂ ਅਤੇ ਸਮੂੰਹ ਸੰਗਤਾਂ ਵਧਾਈ ਦਾ ਪਾਤਰ ਹਨ।

# ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦਾ ਕਵੀ ਦਰਬਾਰ-ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਵੱਲੋਂ

ਸਿਆਟਲ- ਦੁਸ਼ਟ-ਦਮਨ, ਸਰਬੰਸ ਦਾਨੀ, ਸਾਹਿਬੇ-ਕਲਾਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਲਈ, ਆਪਣੇ ਜ਼ਜਬਾਤਾਂ-ਭਾਵਨਾਵਾਂ ਨੂੰ ਸ਼ਬਦਾਂ ਦਾ ਜਾਮਾ ਪਹਿਨਾ ਕੇ, ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਦੇ ਸਾਹਿਤਕਾਰਾਂ ਨੇ ਸੱਚਾ ਮਾਰਗ ਗੁਰਦੁਆਰਾ, ਆਬਰਨ (ਸਿਆਟਲ, ਵਾਸ਼ਿੰਗਟਨ) ਦੀ ਪ੍ਰਬੰਧਕੀ ਕਮੇਟੀ ਦੇ ਸਹਿਯੋਗ ਨਾਲ ਗੁਰਦਵਾਰਾ ਵਿਖੇ ਕਵੀ ਦਰਬਾਰ ਕਰਵਾਇਆ। ਇਸ ਵਿੱਚ ਸ਼ਾਮਿਲ ਕਵੀਆਂ ਅਤੇ ਖ਼ਾਸ ਕਰਕੇ ਬੱਚਿਆਂ ਦੇ ਸਮੂਹ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ, ਕਾਵਿ ਦੀਆਂ ਵੱਖ ਵੱਖ ਵੰਨਗੀਆਂ ਸਾਧ-ਸੰਗਤ ਦੇ ਰੂ-ਬ-ਰੂ ਕੀਤੀਆਂ। ਕਵੀ ਦਰਬਾਰ ਦੇ ਸ਼ੁਰੂ ਵਿੱਚ ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਵਾਹਿਗੁਰੂ ਨੂੰ ਯਾਦ ਕਰਦਿਆਂ ਆਈਆਂ ਸੰਗਤਾਂ ਅਤੇ ਕਵੀ ਕਵਿਤਰੀਆਂ ਨੂੰ 'ਜੀ ਆਇਆਂ' ਕਿਹਾ। ਸਭਾ ਦੇ ਅਹੁਦੇਦਾਰਾਂ ਮੈਂ-ਬਰਾਂ ਅਤੇ ਮਹਿਮਾਨਾਂ – ਹਰਦਿਆਲ ਸਿੰਘ ਚੀਮਾ, ਅਵਤਾਰ ਸਿੰਘ ਆਦਮਪੁਰੀ, ਰਤਨ ਸਿੰਘ, ਬਲਬੀਰ ਸਿੰਘ ਲਹਿਰਾ, ਦਵਿੰਦਰ ਸਿੰਘ ਹੀਰਾ, ਸਿਮਰਨ ਸਿੰਘ, ਭਾਈ ਦਵਿੰਦਰਪਾਲ ਸਿੰਘ, ਸੁਰਜੀਤ ਸਿੰਘ ਬੈਂਸ, ਬਲਵੰਤ ਸਿੰਘ ਸੋਹਲ, ਪ੍ਰਿਤਪਾਲ ਸਿੰਘ ਟਿਵਾਣਾ, ਬਲਿਹਾਰ ਸਿੰਘ ਲੇਹਲ ਜਸਵੀਰ ਸਿੰਘ ਸਹੋਤਾ, ਇੰਦਰਬੀਰ ਸਿੰਘ, ਲਾਲੀ ਸੰਧੂ, ਸ਼ਸ਼ੀ ਪ੍ਰਾਸ਼ਰ, ਸੁਰਜੀਤ ਸਿੰਘ ਸਿੱਧੂ, ਰਣਜੀਤ ਸਿੰਘ ਮੱਲ੍ਹੀ, ਭਾਈ ਮਨਿੰਦਰ ਸਿੰਘ, ਭਾਈ ਕੁਲਵਿੰਦਰ ਸਿੰਘ, ਭਾਈ ਸੁਖਦੇਵ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ, ਡਾ. ਜਸਬੀਰ ਕੌਰ,ਬੀਬੀ ਦਲਜੀਤ ਕੌਰ ਚੀਮਾ ਸਮੇਤ ਬੱਚਿਆਂ ਕਾਕਾ ਭਗੀਰਥ ਸਿੰਘ, ਬੱਚੀ ਸਦਾ ਕੌਰ, ਕਾਕਾ ਮਨਰਾਜ ਸਿੰਘ, ਕਾਕਾ ਹਰਸ਼ਾਂਨ ਸਿੰਘ, ਬੱਚੀ ਲਵਲੀਨ ਕੌਰ, ਕਾਕਾ ਪ੍ਰਭਜੋਤ ਸਿੰਘ, ਬੱਚੀ ਤ੍ਰਿਮਨ ਕੌਰ, ਨੇ ਆਪਣੇ ਆਪਣੇ ਗੀਤਾਂ, ਕਵਿਤਾਵਾਂ ਅਤੇ ਗੁਰੂ ਸਾਹਿਬਾਨਾਂ ਦੇ ਸਿਰਜੇ ਸ਼ਬਦਾਂ ਨੂੰ, ਆਪਣੀ ਸੁਰੀਲੀ ਆਵਾਜ਼ ਸੰਗ ਗਾਉਂਦਿਆਂ ਮਾਹੌਲ ਨੂੰ ਅਲੌਕਿਕ ਰੰਗ ਬਖਸ਼ਿਆ। ਜਿੱਥੇ ਕਈ ਕਵੀ ਕਵਿੱਤਰੀਆਂ ਨੇ ਜਜ਼ਬਾਤੀ ਸ਼ਬਦਾਂ ਵਿੱਚ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਕੁਰਬਾਨੀ ਨੂੰ ਚਿੱਤਰਿਆ ਉਥੇ ਕੁੱਝ ਕੁ ਨੇ ਬੜੇ ਜੋਸ਼ੀਲੇ ਸ਼ਬਦਾਂ 'ਚ ਸ਼ਹਾਦਤ ਪੇਸ਼ ਕਰਦਿਆਂ ਸੰਗਤ ਵਿੱਚ ਜੋਸ਼ ਭਰਿਆ।


ਜੁੱਗਾਂ ਜੁੱਗਾਂ ਤੋਂ ਅਟੱਲ ਪਾਵਨ ਪਵਿੱਤਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਜੁੜੀ ਸਾਧ ਸੰਗਤ ਨੇ ਕਵੀ ਦਰਬਾਰ



ਦਾ ਆਨੰਦ ਤਾਂ ਮਾਨਿਆ ਹੀ, ਨਾਲ ਦੀ ਨਾਲ ਮਾਨਵ ਇਤਿਹਾਸ ਵਿੱਚ ਖਾਲਸਾ ਪੰਥ ਜਿਹੀ ਲੋਕ-ਸੇਵਕ ਸੰਸਥਾ ਨੂੰ ਕਾਇਮ ਕਰਕੇ ਗਊ ਗਰੀਬ ਨੂੰ ਅੱਤਿਆਚਾਰਾਂ ਤੋਂ ਬਚਾਉਣ ਲਈ ਅਤੇ ਊਚ-ਨੀਚ ਨੂੰ ਖਤਮ ਕਰਕੇ ਬਰਾਬਰਤਾ ਦਾ ਅਧਿਕਾਰ ਦਿਵਾਉਣ ਵਾਲੇ ਦਸਮ-ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਪਰਿਵਾਰ ਦਾ ਇਤਿਹਾਸ ਵਿਦਵਾਨਾਂ ਦੀ ਰਸਨਾ ਤੋਂ ਸਰਵਣ ਕੀਤਾ।ਸਭਾ ਦੇ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ ਨੇ ਸਟੇਜ ਸੰਚਾਲਨ ਕਰਦਿਆਂ ਪ੍ਰੋਗਰਾਮ ਦੀ ਸੰਜੀਦਗੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਨਣ ਅਟੱਲ ਸਚਾਈਆਂ ਦੀਆਂ ਤੁਕਾਂ ਦੇ ਗੁਣਗਾਣ ਨਾਲ ਕਾਇਮ ਰੱਖਿਆ।

**ਬਲਿਹਾਰ ਸਿੰਘ ਲ੍ਹੇਲ ਪ੍ਰਧਾਨ +1 206 244 4663**
**ਪ੍ਰਿਤਪਾਲ ਸਿੰਘ ਟਿਵਾਣਾ ਸਕੱਤਰ**
**+1 206 765 9069**
**ਮੰਗਤ ਕੁਲਜਿੰਦ ਪ੍ਰੈ. ਸਕੱਤਰ +1 425 286 0163**
**ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.)**


SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
✓ DPF Filter Cleaning
✓ Clutch
✓ Transmission
✓ New/Used Tires
✓ Oil Changes
✓ Wheel Balancing
✓ Truck & Trailer Repair
✓ All Major & Minor Repairs
✓ We Do Aluminum Welding
✓ Computer Check
✓ Differential
✓ Inspections
✓ Van/Reefer Work
WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing &
24/7 Mobile Road Services
For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK


1003 Moffat Blvd, Manteca CA 95336
209-239-1551



Ring Records
RING RECORDS / AJAY SARAB GAUGHT
PRESENTS
ਦਿਓ ਦਰਸ਼ਨ ਗੁਰੂ ਮੇਰੇ
ਭਾਈ ਪਵਨ ਕੁਮਾਰ
Deo Darshan Guru Mere
Bhai Pawan Kumar
MUSIC BY
TMC STUDIOZ
DOP
DEEP SINGH
EDIT BY
BUNTY BOSS
PRESENT BY
PROJECT BY
LYRICIST VIDEO BY
AJAY SARAB GAUGHT
MADAN KAMALPURI
SEETU BAI




HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE
FOR SAFETY, AUDITS AND
RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਕਾਂਗਰਸ ਨੇ 14 ਜਨਵਰੀ ਤੋਂ 20 ਮਾਰਚ ਦੌਰਾਨ ਮਨੀਪੁਰ ਤੋਂ ਮੁੰਬਈ ਤੱਕ 'ਭਾਰਤ ਨਿਆਏ ਯਾਤਰਾ' ਕਰਨ ਦਾ ਐਲਾਨ ਕੀਤਾ

**ਨਵੀਂ ਦਿੱਲੀ–** ਕਾਂਗਰਸ 14 ਜਨਵਰੀ ਤੋਂ 20 ਮਾਰਚ ਤੱਕ 'ਭਾਰਤ ਨਿਆਏ ਯਾਤਰਾ' ਕਰੇਗੀ ਤੇ ਇਹ ਯਾਤਰਾ ਮਨੀਪੁਰ ਤੋਂ ਸ਼ੁਰੂ ਹੋ ਕੇ ਮੁੰਬਈ ਜਾਵੇਗੀ। ਇਹ ਐਲਾਨ ਅੱਜ ਇਥੇ ਕਾਂਗਰਸ ਦੇ ਜਨਰਲ ਸਕੱਤਰ (ਸੰਗਠਨ) ਕੇਸੀ ਵੇਣੂਗੋਪਾਲ ਨੇ ਕੀਤਾ। ਉਨ੍ਹਾਂ ਕਿਹਾ ਕਿ ਯਾਤਰਾ ਅਸਾਮ, ਪੱਛਮੀ ਬੰਗਾਲ, ਬਿਹਾਰ, ਛੱਤੀਸਗੜ੍ਹ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਗੁਜਰਾਤ ਸਮੇਤ 14 ਰਾਜਾਂ ਵਿੱਚੋਂ ਹੁੰਦੀ ਹੋਈ 6,200 ਕਿਲੋਮੀਟਰ ਦੀ ਦੂਰੀ ਤੈਅ ਕਰੇਗੀ। ਯਾਤਰਾ ਜ਼ਿਆਦਾਤਰ ਦੂਰੀ ਬੱਸ ਰਾਹੀਂ ਤੈਅ ਕਰੇਗੀ ਤੇ ਕੁੱਝ ਸਥਾਨਾਂ 'ਤੇ ਪੈਦ ਯਾਤਰਾ ਕੀਤੀ ਜਾਵੇਗੀ।

***

# ਉੱਤਰ ਪੱਛਮੀ ਭਾਰਤ 'ਚ ਸੰਘਣੀ ਧੁੰਦ ਕਾਰਨ ਸੜਕ, ਰੇਲ ਤੇ ਹਵਾਈ ਆਵਾਜਾਈ ਪ੍ਰਭਾਵਿਤ

**ਨਵੀਂ ਦਿੱਲੀ–** ਦਿੱਲੀ ਵਿਚ ਸੰਘਣੀ ਧੁੰਦ ਕਾਰਨ ਜਿਥੇ ਸੜਕੀ ਆਵਾਜਾਈ 'ਤੇ ਮਾੜਾ ਅਸਰ ਪਿਆ ਉਥੇ ਰੇਲ ਤੇ ਹਵਾਈ ਆਵਾਜਾਈ ਵੀ ਪ੍ਰਭਾਵਿਤ ਹੋਈ। ਦਿੱਲੀ ਆਉਣ ਵਾਲੀਆਂ 22 ਰੇਲ ਗੱਡੀਆਂ ਤੈਅ ਸਮੇਂ ਤੋਂ ਪਛੜ ਕੇ ਚੱਲ ਰਹੀਆਂ ਹਨ। ਦਿੱਲੀ ਹਵਾਈ ਅੱਡੇ 'ਤੇ 134 ਘਰੇਲੂ ਤੇ ਕੌਮਾਂਤਰੀ ਉਡਾਣਾਂ ਧੁੰਦ ਕਾਰਨ ਦੇਰੀ ਨਾਲ ਆਈਆਂ ਤੇ ਆਪਣੀ ਮੰਜ਼ਿਲ ਵੱਲ ਰਵਾਨਾ ਹੋਈਆਂ। ਦਿੱਲੀ ਤੋਂ 35 ਅੰਤਰਰਾਸ਼ਟਰੀ ਉਡਾਣਾਂ ਦੇਰੀ ਨਾਲ ਰਵਾਨਾ ਹੋਈਆਂ, ਉੱਥੇ ਹੀ 28 ਅੰਤਰਰਾਸ਼ਟਰੀ ਉਡਾਣਾਂ ਵੀ ਦੇਰੀ ਨਾਲ ਪੁੱਜੀਆਂ। ਦੂਜੇ ਪਾਸੇ 43 ਘਰੇਲੂ ਉਡਾਣਾਂ ਦੀ ਰਵਾਨਗੀ ਤੇ 28 ਦੀ ਆਮਦ ਵਿੱਚ ਦੇਰੀ ਹੋਈ। ਪਟਿਆਲਾ, ਅੰਬਾਲਾ, ਚੰਡੀਗੜ੍ਹ, ਹਰਿਆਣਾ, ਦਿੱਲੀ, ਪਾਲਮ, ਬਰੇਲੀ, ਲਖਨਊ, ਵਾਰਾਣਸੀ ਅਤੇ ਗਵਾਲੀਅਰ ਵਿੱਚ ਸੰਘਣੀ ਧੁੰਦ ਕਾਰਨ 30 ਮੀਟਰ ਤੋਂ ਘੱਟ ਦੂਰੀ ਤੱਕ ਦੇਖਿਆ ਜਾ ਸਕਦਾ ਹੈ। ਮੌਸਮ ਵਿਭਾਗ ਨੇ ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਵਿੱਚ ਤੜਕੇ ਤੇ ਦੇਰ ਸ਼ਾਮ ਨੂੰ 31 ਦਸੰਬਰ ਤੱਕ ਸੰਘਣੀ ਧੁੰਦ ਦੀ ਚੇਤਾਵਨੀ ਵੀ ਦਿੱਤੀ ਹੈ। ਸੰਘਣੀ ਧੁੰਦ ਦੇ ਮੱਦੇਨਜ਼ਰ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ, ਜਿਸ ਤਹਿਤ ਵਿਭਾਗ ਨੇ ਡਰਾਈਵਰਾਂ ਨੂੰ 'ਫਾਗ ਲਾਈਟਾਂ' ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਹੈ।



# ਹਿੰਦ ਮਹਾਸਾਗਰ ਵਿਚ ਜੰਗੀ ਬੇੜਿਆਂ ਦੇ ਹਮਲਾਵਰਾਂ ਖ਼ਿਲਾਫ਼ ਕਾਰਵਾਈ ਕਰਾਂਗੇ- ਰਾਜਨਾਥ

**ਮੁੰਬਈ–** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਨੇ ਮਰਚੈਂਟ ਨੇਵੀ ਦੇ ਬੇੜਿਆਂ ਐੱਮਵੀ ਕੈੱਮ ਪਲੂਟੋ ਤੇ ਐੱਮਵੀ ਸਾਈ ਬਾਬਾ ਉੱਤੇ ਹਾਲੀਆ ਹਮਲਿਆਂ ਨੂੰ ਗੰਭੀਰਤਾ ਨਾਲ ਲਿਆ ਹੈ। ਉਨ੍ਹਾਂ ਕਿਹਾ ਕਿ ਹਮਲਾਵਰਾਂ ਨੂੰ 'ਸਮੁੰਦਰ ਦੀ ਗਹਿਰਾਈ' ਵਿਚੋਂ ਲੱਭ ਕੇ ਉਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸਿੰਘ ਇਥੇ ਲੁਕਵੇਂ ਸੇਧਤ ਮਿਜ਼ਾਈਲ ਡਿਸਟਰੌਇਰ ਆਈ ਐੱਨ ਐੱਸ ਇੰਫਾਲ ਨੂੰ ਭਾਰਤੀ ਜਲਸੈਨਾ ਦੇ ਬੇੜੇ ਵਿੱਚ ਸ਼ਾਮਲ ਕਰਨ ਲਈ ਰੱਖੇ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਰੱਖਿਆ ਮੰਤਰੀ ਨੇ ਕਿਹਾ ਕਿ ਮਰਚੈਂਟ ਨੇਵੀ ਬੇੜਿਆਂ 'ਤੇ ਹਾਲੀਆ ਹਮਲਿਆਂ ਮਗਰੋਂ ਸਮੁੰਦਰ ਵਿੱਚ ਗਸ਼ਤ ਵਧਾ ਦਿੱਤੀ ਗਈ ਹੈ।

ਸਿੰਘ ਨੇ ਕਿਹਾ, "ਭਾਰਤ ਸਰਕਾਰ ਨੇ ਐੱਮਵੀ ਕੈੱਮ ਪਲੂਟੋ 'ਤੇ ਡਰੋਨ ਹਮਲੇ ਅਤੇ ਲਾਲ ਸਾਗਰ ਵਿੱਚ ਐੱਮਵੀ ਸਾਈਬਾਬਾ 'ਤੇ ਹਮਲੇ ਨੂੰ ਗੰਭੀਰਤਾ ਨਾਲ ਲਿਆ ਹੈ। ਮਰਚੈਂਟ ਨੇਵੀ ਬੇੜਿਆਂ 'ਤੇ ਹਾਲੀਆ ਹਮਲਿਆਂ ਨੂੰ ਅੰਜਾਮ ਦੇਣ ਵਾਲਿਆਂ ਨੂੰ ਅਸੀਂ ਸਮੁੰਦਰ ਦੀ ਗਹਿਰਾਈ 'ਚੋਂ ਲੱਭ ਕੇ ਉਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਕਰਾਂਗੇ।" ਸ਼ਨਿੱਚਰਵਾਰ ਨੂੰ ਪੋਰਬੰਦਰ ਤੋਂ ਕਰੀਬ 217 ਨੌਟੀਕਲ ਮਾਈਲਜ਼ 'ਤੇ ਐੱਮਵੀ ਕੈੱਮ ਪਲੂਟੋ 'ਤੇ ਡਰੋਨ ਹਮਲਾ ਕੀਤਾ ਗਿਆ ਸੀ। ਹਮਲੇ ਮੌਕੇ ਬੇੜੇ 'ਤੇ ਅਮਲੇ ਦੇ 21 ਭਾਰਤੀ ਮੈਂਬਰ ਸਵਾਰ ਸਨ। ਹਮਲੇ ਮਗਰੋਂ ਭਾਰਤੀ ਜਲਸੈਨਾ ਤੇ ਇੰਡੀਅਨ ਕੋਸਟ ਗਾਰਡ ਨੇ ਬੇੜੇ ਦੀ ਮਦਦ ਲਈ ਦੀ ਸਮਰੱਥਾ ਰੱਖਦਾ ਹੈ। ਇਸ ਮੌਕੇ ਰੱਖਿਆ ਮੰਤਰੀ ਰਾਜਨਾਥ ਸਿੰਘ ਤੋਂ ਇਲਾਵਾ ਜਲ ਸੈਨਾ ਮੁਖੀ ਐਡਮਿਰਲ ਆਰ।ਹਰੀ ਕੁਮਾਰ ਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਵੀ ਮੌਜੂਦ ਸਨ। ਸਮਾਗਮ ਦੌਰਾਨ ਚਾਰ 'ਵਿਸ਼ਾਖਾਪਟਨਮ' ਕਲਾਸ ਡਿਸਟਰੌਇਰਜ਼ ਨੂੰ ਵੀ ਜਲਸੈਨਾ ਵਿਚ ਰਸਮੀ ਤੌਰ 'ਤੇ ਸ਼ਾਮਲ ਕੀਤਾ ਗਿਆ।

**ਆਈਐੱਨਐੱਸ ਇੰਫਾਲ ਜਲਸੈਨਾ ਵਿੱਚ ਸ਼ਾਮਲ**

ਲੁਕਵੇਂ ਗਾਈਡਿਡ ਮਿਜ਼ਾਈਲ ਡਿਸਟਰੌਇਰ ਆਈਐੱਨਐੱਸ ਇੰਫਾਲ ਨੂੰ ਅੱਜ ਰਸਮੀ ਤੌਰ 'ਤੇ ਭਾਰਤੀ ਜਲਸੈਨਾ ਦੇ ਬੇੜੇ ਵਿੱਚ ਸ਼ਾਮਲ ਕੀਤਾ ਗਿਆ ਹੈ। ਇੰਫਾਲ, ਸੁਪਰਸੌਨਿਕ ਬ੍ਰਹਿਮੋਜਸ ਮਿਜ਼ਾਈਲ ਨੂੰ ਹੋਰ ਵਧੇਰੇ ਦੂਰੀ ਤੱਕ ਛੱਡਣ ਦੇ ਸਮਰੱਥ ਹੈ। ਆਈਐੱਨਐੱਸ ਇੰਫਾਲ ਪਹਿਲਾ ਜੰਗੀ ਬੇੜਾ ਹੈ, ਜਿਸ ਦਾ ਨਾਮ ਉੱਤਰ-ਪੂਰਬੀ ਭਾਰਤ ਦੇ ਇਕ ਸ਼ਹਿਰ ਦੇ ਨਾਂ 'ਤੇ ਰੱਖਿਆ ਗਿਆ ਹੈ। ਬੇੜੇ ਦੀ ਲੰਬਾਈ 163 ਮੀਟਰ ਹੈ ਤੇ ਇਸ ਦਾ ਕੁੱਲ ਵਜ਼ਨ 7400 ਟਨ ਹੈ। ਇਸ ਦਾ ਨਿਰਮਾਣ 75 ਫੀਸਦੀ ਭਾਰਤੀ ਸਾਜ਼ੋ-ਸਮਾਨ ਨਾਲ ਕੀਤਾ ਗਿਆ ਹੈ। ਇਸ ਦੀ ਵੱਧ ਤੋਂ ਵੱਧ ਰਫ਼ਤਾਰ 30 ਨੌਟਸ ਹੈ। ਇਹ ਅਤਿ-ਆਧੁਨਿਕ ਹਥਿਆਰਾਂ ਤੇ ਸੈਂਸਰ ਅਤੇ ਆਧੁਨਿਕ ਸਰਵੇਲੈਂਸ ਰਡਾਰ ਨਾਲ ਲੈਸ ਹੈ। ਇਹ ਬੇੜਾ ਨਿਊਕਲੀਅਰ, ਬਾਇਓਲੋਜੀਕਲ ਤੇ ਕੈਮੀਕਲ (ਐਨਬੀਸੀ) ਜੰਗੀ ਹਾਲਾਤ ਵਿੱਚ ਲੜਨ ਦੇ ਸਮਰੱਥ ਹੈ। ਇਹ ਜ਼ਮੀਨ ਤੋਂ ਜ਼ਮੀਨ ਅਤੇ ਜ਼ਮੀਨ ਤੋਂ ਹਵਾ ਵਿਚ ਮਿਜ਼ਾਈਲ ਛੱਡਣ ਆਪਣੇ ਰੱਖਿਆ ਉਪਕਰਣ ਤਾਇਨਾਤ ਕੀਤੇ ਹਨ। ਇਸ ਦੌਰਾਨ ਜਲਸੈਨਾ ਮੁਖੀ ਐਡਮਿਰਲ ਆਰ।ਹਰੀ ਕੁਮਾਰ ਨੇ ਕਿਹਾ ਕਿ ਮਰਚੈਂਟ ਬੇੜਿਆਂ 'ਤੇ ਡਰੋਨ ਹਮਲਿਆਂ ਤੇ ਸਮੁੰਦਰੀ ਧਾੜਵੀਆਂ ਦੇ ਮੁਕਾਬਲੇ ਲਈ ਚਾਰ ਡਿਸਟਰੌਇਅਰ ਤਾਇਨਾਤ ਕੀਤੇ ਗਏ ਹਨ।




CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES

WASH, LUBE, BRAKES

Call:

650-642-0697

3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

## ਗ੍ਰਹਿਸਥੀ ਝਗੜਿਆਂ ਦਾ ਕਾਰਨ ਆਰਥਿਕ ਤੰਗੀ

ਸਿਆਣੇ ਕਹਿੰਦੇ ਹਨ ਕਿ ਜਿੱਥੇ ਦੋ ਭਾਂਡੇ ਹੁੰਦੇ ਹਨ ਉਥੇ ਥੋੜ੍ਹਾ-ਬਹੁਤ ਖੜਕਾ-ਦੜਕਾ ਤਾਂ ਹੁੰਦਾ ਹੀ ਹੈ। ਇਸ ਤਰ੍ਹਾਂ ਗ੍ਰਹਿਸਥੀ ਜੀਵਨ ਵਿਚ ਥੋੜ੍ਹਾ ਬਹੁਤ ਤਾਂ ਕਦੇ-ਕਦੇ ਛੋਟੀ ਵੱਡੀ ਗੱਲ ਤੋਂ ਤਕਰਾਰ ਹੋ ਜਾਂਦੀ ਹੈ। ਪਰ ਇਹੋ ਜਿਹੇ ਛੋਟੇ-ਮੋਟੇ ਝਗੜਿਆਂ ਨੂੰ ਗਲਤੀ ਨਾਲ ਵੱਡਾ ਰੂਪ ਦੇਣਾ ਵੀ ਤਾਂ ਕੋਈ ਅਕਲਮੰਦੀ ਨਹੀਂ ਹੈ। ਪਤੀ ਅਤੇ ਪਤਨੀ ਸਾਡੇ ਸਮਾਜ ਦੇ ਅਹਿਮ ਅੰਗ ਹਨ, ਜਿੱਥੋਂ ਘਰ ਗ੍ਰਹਿਸਥੀ ਦੀ ਸਥਾਪਨਾ ਹੁੰਦੀ ਹੈ। ਇਸ ਸਥਾਪਨਾ ਦੌਰਾਨ ਜ਼ਿੰਦਗੀ ਵਿਚਬਹੁਤ ਸਾਰੇ ਉਤਰਾਅ-ਚੜ੍ਹਾਅ ਆਉਂਦੇ ਹਨ। ਜੇਕਰ ਪਤੀ-ਪਤਨੀ ਆਪਣੀ ਸੂਝ-ਬੂਝ ਨਾਲ ਆਪਣੇ ਚੰਗੇ-ਮਾੜੇ ਹਾਲਾਤ ਨੂੰ ਸਮਝ ਗਏ ਤਾਂ ਉਨ੍ਹਾਂ ਦਾ ਜੀਵਨ ਸੁਖੀ ਬਣ ਜਾਵੇਗਾ ਪਰ ਜੇਕਰ ਪਤੀ ਆਪਣੀ ਪਤਨੀ ਨੂੰ ਸਮਝਣ 'ਚ ਅਸਮਰੱਥ ਰਿਹਾ ਜਾਂ ਫਿਰ ਪਤਨੀ ਹੀ ਪਤੀ ਦੀਆਂ ਮਜਬੂਰੀਆਂ (ਜਾਇਜ਼) ਨੂੰ ਸਮਝਣ 'ਚ ਅਸਮਰੱਥ ਰਹੀ ਤਾਂ ਘਰ ਦੀਆਂ ਖੁਸ਼ੀਆਂ ਨੂੰ ਉਡਣ ਲੱਗਿਆਂ ਦੇਰ ਨਹੀਂ ਲੱਗਦੀ। ਫਿਰ ਦੂਰੀਆਂ, ਛੋਟੀਆਂ ਦੂਰੀਆਂ ਤੋਂ ਵੱਡੀਆਂ ਦੂਰੀਆਂ ਤੱਕ ਪਹੁੰਚ ਜਾਂਦੀਆਂ ਹਨ। ਕਈ ਵਾਰ ਤਾਂ ਇੰਨੀਆਂ ਦੂਰੀਆਂ ਹੋ ਜਾਂਦੀਆਂ ਹਨ ਕਿ ਜ਼ਿੰਦਗੀ ਦੇ ਦੋਨੋਂ ਪਹੀਏ ਅਲੱਗ-ਅਲੱਗ ਹੋ ਜਾਂਦੇ ਹਨ ਤੇ ਜ਼ਿੰਦਗੀ ਫਿਰ ਜ਼ਿੰਦ-ਗਈ ਹੋ ਜਾਂਦੀ ਹੈ। ਅਜਿਹੀ ਨੌਬਤ ਤੋਂ ਬਚਣਾ ਹੀ ਚਾਹੀਦਾ ਹੈ ਤੇ ਇਸ ਦਾ ਇਕੋ-ਇਕ ਉਪਾਅ ਹੈ ਕਿ ਆਪਸੀ ਝਗੜੇ ਨੂੰ ਆਤਮ ਸਨਮਾਨ ਦਾ ਪ੍ਰਸ਼ਨ ਨਾ ਬਣਨ ਦਿੱਤਾ ਜਾਵੇ ਅਤੇ ਬਾਹਰੀ ਦਖਲ-ਅੰਦਾਜ਼ੀ ਨੂੰ ਰੋਕਿਆ ਜਾਵੇ। ਚਾਹੇ ਉਹ ਪਤੀ ਦੇ ਪਰਿਵਾਰ ਵੱਲੋਂ ਹੈ, ਚਾਹੇ ਉਹ ਪਤਨੀ ਦੇ ਪੇਕਿਆਂ ਵੱਲੋਂ ਹੈ। ਜਦੋਂ ਪਤੀ-ਪਤਨੀ ਦੀ ਅੰਦਰੂਨੀ ਅਣਬਣ ਦੀ ਗੱਲ ਮਾਂ-ਪਿਓ, ਭੈਣ-ਭਰਾ ਜਾਂ ਰਿਸ਼ਤੇਦਾਰਾਂ, ਮਿੱਤਰਾਂ ਜਾਂ ਫਿਰ ਆਂਢ-ਗੁਆਂਢ ਫੈਲ ਜਾਵੇ ਤਾਂ ਸਮਝੋ ਮਾਮਲਾ ਗੜਬੜ ਹੈ। ਇਕ ਚੰਗੇ ਪਤੀ-ਪਤਨੀ ਦੀ ਇਹੋ ਇਕ ਨਿਸ਼ਾਨੀ ਹੈ ਕਿ ਆਪਸੀ ਝਗੜਾ ਆਪਸ 'ਚ ਹੀ ਨਿਪਟਾਉਣ ਨਾ ਕਿ ਤੀਜੀ ਧਿਰ ਦੀ ਵਿਚਾਲਗਿਰੀ ਨਾਲ। ਯਾਦ ਰੱਖੋ ਤੀਜੀ ਧਿਰ ਹਮੇਸ਼ਾਂ ਝਗੜੇ ਦਾ ਸੁਆਦ ਲੈਂਦੀ ਹੈ। ਠੀਕ ਹੈ ਕਿ ਉਹ ਕਿਸੇ ਹੱਦ ਤੱਕ ਤੁਹਾਡੇ ਝਗੜੇ ਨੂੰ ਨਿਪਟਾ ਸਕੇਗੀ ਪਰ ਜੇ ਤੁਸੀਂ ਕਹੋ ਕਿ ਸਦਾ ਲਈ ਤਾਂ ਮੁਸ਼ਕਿਲ ਹੈ। ਕਾਰਨ ਝਗੜਾ ਨਿਪਟਾਉਣ ਨਾਲ ਉਸ ਦੀ ਦਖਲਅੰਦਾਜ਼ੀ ਤੁਹਾਡੇ ਵਿਚਕਾਰ ਹੋਰ ਵਧ ਜਾਵੇਗੀ। ਉਸ ਨੇ ਗਾਹੇ-ਬਗਾਹੇ ਪੁੱਛਦੇ ਰਹਿਣਾ ਕਿ ਹੁਣ ਤਾਂ ਨਹੀਂ ਝਗੜਾ ਹੋਇਆ? ਭਾਵ ਕਿ ਉਸ ਨੇ ਪੁੱਛ-ਪੁੱਛ ਕੇ ਤੁਹਾਡੇ ਝਗੜੇ ਨੂੰ ਤਾਜ਼ਾ ਰੱਖਣਾ ਹੁੰਦਾ ਹੈ, ਚਾਹੇ ਉਹ ਸਹਿ-ਸੁਭਾਅ ਹੀ ਪੁੱਛੇ। ਇਸ ਲਈ ਚੰਗਾ ਇਹ ਹੀ ਹੋਵੇਗਾ ਕਿ ਇਸ ਝਗੜੇ ਦਾ ਹੱਲ ਪਤੀ-ਪਤਨੀ ਹੀ ਲੱਭ ਲੈਣ ਤਾਂ ਵਧੀਆ ਰਹੇਗਾ।

ਆਪਸੀ ਝਗੜੇ ਸਮੇਂ ਕੋਈ ਇਹੋ ਜਿਹੇ ਵਿਅੰਗ ਬਾਣ ਇਕ ਦੂਜੇ 'ਤੇ ਨਾ ਦਾਗ ਜਿਸ ਦਾ ਇਲਾਜ ਕਰਨਾ ਹੀ ਅਤੀ ਮੁਸ਼ਕਿਲ ਹੋ ਜਾਵੇ। ਸਿਆਣਿਆਂ ਦਾ ਅਖਾਣ ਹੈ ਕਿ ਤਲਵਾਰ ਜਾਂ ਕਿਸੇ ਹੋਰ ਹਥਿਆਰ ਦੇ ਫੱਟ ਮਿਟ ਜਾਂਦੇ ਹਨ ਪਰ ਬੋਲ-ਕਬੋਲ ਕਦੇ ਨਹੀਂ ਭੁੱਲਦੇ। ਇਸ ਕਰਕੇ ਆਪਣੀ ਬਾਣੀ ਹਮੇਸ਼ਾ ਸ਼ੁੱਧ ਰੱਖਣੀ ਚਾਹੀਦੀ ਹੈ। ਕਦੇ ਵੀ ਕਿਸੇ ਨੂੰ ਅਪ-ਸ਼ਬਦ ਨਹੀਂ ਬੋਲਣੇ ਚਾਹੀਦੇ ਤੇ ਨਾ ਹੀ ਕਦੇ ਆਪਣੇ ਜੀਵਨ ਸਾਥੀ/ਸਾਥਣ ਨੂੰ ਨੀਵਾਂ ਕਰਕੇ ਆਂਕਣਾ ਚਾਹਦਾ ਹੈ। ਉਸ ਨੂੰ ਬਰਾਬਰ ਸਮਝਣਾ ਚਾਹੀਦਾ ਹੈ ਖਾਸ ਕਰਕੇ ਪਤੀ ਨੂੰ ਆਪਣੀ ਪਤਨੀ ਨਾਲ ਪਿਆਰ ਕਰਨਾ ਚਾਹੀਦਾ ਹੈ ਤੇ ਉਸ ਦਾ ਬਣਦਾ ਸਤਿਕਾਰ ਵੀ ਕਰਨਾ ਚਾਹੀਦਾ ਹੈ। ਵਾਦ-ਵਿਵਾਦ ਨਾਲ ਕਦੇ ਵੀ ਕਿਸੇ ਝਗੜੇ ਦਾ ਹੱਲ ਨਹੀਂ ਨਿਕਲ ਸਕਦਾ। ਸੁਖੀ ਅਤੇ ਚੰਗੇ ਆਦਰਸ਼ ਜੀਵਨ ਲਈ ਇਹ ਜ਼ਰੂਰੀ ਹੈ ਕਿ ਆਪਣੇ ਮਨ-ਮੁਟਾਵ ਵਾਲੀ ਦਿਲੀ ਗੱਲ ਮਨ 'ਚ ਨਹੀਂ ਰੱਖਣੀ ਚਾਹੀਦੀ ਬਲਕਿ ਆਪਣੇ ਜੀਵਨ ਸੰਗੀ ਨੂੰ ਜ਼ਰੂਰ ਦੱਸ ਦੇਣੀ ਚਾਹੀਦੀ ਹੈ ਤਾਂ ਕਿ ਉਸ ਨੂੰ ਪਤਾ ਲੱਗ ਸਕੇ ਕਿ ਮੇਰੇ ਕਾਰਨ ਮੇਰੇ ਜੀਵਨ ਸਾਥੀ ਨੂੰ ਕੋਈ ਪ੍ਰੇਸ਼ਾਨੀ ਹੋ ਰਹੀ ਹੈ। ਭੁੱਲੀਆਂ-ਵਿਸਰੀਆਂ ਤੇ ਘਸੀਆਂ-ਪਿਟੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਤੇ ਨਾ ਹੀ ਤਾਅਨੇ-ਮਿਹਣੇ ਮਾਰਨੇ ਚਾਹੀਦੇ ਜਿਸ ਨਾਲ ਦੂਸਰੇ ਪਾਸਿਉਂ ਪਿਆਰ ਨਹੀਂ ਮਿਲਦਾ। ਹਿੰਦੀ ਕਹਾਵਤ ਅਨੁਸਾਰ 'ਏਕ ਨੇ ਕਹੀ ਦੂਸਰੇ ਨੇ ਮਾਨੀ ਤੋ ਦੋਨੋ ਬ੍ਰਹਮ-ਗਿਆਨੀ'। ਇਸ ਤਰ੍ਹਾਂ ਵੀ ਜੀਵਨ ਸਫਲ ਹੋ ਸਕਦਾ ਹੈ। ਵਿਆਹ ਦੀ ਸਫਲਤਾ ਪਤੀ-ਪਤਨੀ 'ਤੇ ਨਿਰਭਰ ਕਰਦੀ ਹੈ। ਦੋਹਾਂ ਦੀ ਸਮਝਦਾਰੀ ਨਾਲ ਘਰ ਸਵਰਗ ਬਣ ਸਕਦਾ ਹੈ। ਔਕੜਾਂ ਅਤੇ ਮੁਸ਼ਕਿਲਾਂ ਸਦਾ ਨਹੀਂ ਰਹਿਣ-ਗੀਆਂ। ਗਮੀਆਂ ਅਤੇ ਖੁਸ਼ੀਆਂ ਵੀ ਸਦਾ ਨਹੀਂ ਰਹਿੰਦੀਆਂ। ਇਹ ਧੁੱਪ-ਛਾਂ ਦੀ ਤਰ੍ਹਾਂ ਆਉਂਦੀਆਂ ਤੇ ਜਾਂਦੀਆਂ ਹਨ। ਜ਼ਰਾ ਠਰ੍ਹੰਠੇ ਨਾਲ ਇਕ ਦੂਜੇ ਦੀ ਗੱਲਬਾਤ ਸੁਣਨ ਅਤੇ ਸਮਝਣ ਨਾਲ ਜੀਵਨ ਸੁਖੀ ਤੇ ਖੁਸ਼ਹਾਲ ਬਣ ਜਾਂਦਾ ਹੈ ਜਿਸ ਨਾਲ ਪਤੀ-ਪਤਨੀ ਅਤੇ ਬੱਚੇ ਵੀ ਜ਼ਿੰਦਗੀ ਦਾ ਆਨੰਦ ਮਾਣਦੇ ਹਨ।

ਘਰੇਲੂ ਝਗੜਿਆਂ ਦੇ ਅਨੇਕਾਂ ਕਾਰਨ ਹੋ ਸਕਦੇ ਹਨ ਪਰ ਅੱਜ ਦੇ ਸਮੇਂ 'ਚ ਜ਼ਿਆਦਾਤਰ ਆਰਥਿਕ ਤੰਗੀ ਕਾਰਨ ਹੀ ਘਰਾਂ ਵਿਚ ਝਗੜੇ ਹੋ ਰਹੇ ਹਨ ਜਿਸ ਨਾਲ ਸਦੀਆਂ ਤੋਂ ਚਲੀ ਆ ਰਹੀ ਸੰਯੁਕਤ ਪਰਿਵਾਰ ਪ੍ਰੰਪਰਾ ਹੁਣ ਟੁੱਟਦੀ ਜਾ ਰਹੀ ਹੈ। ਸੰਯੁਕਤ ਪਰਿਵਾਰ ਅੰਦਰ ਪਹਿਲਾਂ ਜੇਕਰ ਕੋਈ ਇਕ ਮੈਂਬਰ ਕੰਮ ਨਹੀਂ ਵੀ ਕਰਦਾ ਸੀ ਤਾਂ ਚੱਲ ਜਾਂਦਾ ਸੀ। ਇੱਥੋਂ ਤੱਕ ਕਿ ਮੈਂਬਰ ਦਾ ਆਪਣਾ ਟੱਬਰ ਵੀ ਰੋਟੀ ਸੰਯੁਕਤ ਪਰਿਵਾਰ ਅੰਦਰ ਖਾ ਲੈਂਦਾ ਸੀ ਪਰ ਉਦੋਂ ਤੇ ਹੁਣ ਦੇ ਸਮੇਂ 'ਚ ਇਨਸਾਨ ਦੀਆਂ ਜ਼ਰੂਰਤਾਂ/ਖਾਹਿਸ਼ਾਂ ਏਨੀਆਂ ਵਧ ਚੁੱਕੀਆਂ ਹਨ ਕਿ ਉਸ ਦੀਆਂ ਆਪਣੀਆਂ ਹੀ ਖਾਹਸ਼ਾਂ ਨਹੀਂ ਪੂਰੀਆਂ ਹੁੰਦੀਆਂ ਤਾਂ ਉਹ ਆਪਣੇ ਪਰਿਵਾਰ ਦੇ ਨਾਲ ਨਾਲ ਦੂਸਰੇ ਪਰਿਵਾਰ ਬਾਰੇ ਕੀ ਸੋਚੇਗਾ? ਵਰਤਮਾਨ ਸਮੇਂ 'ਚ ਮਹਿੰਗਾਈ ਇੰਨੀ ਵੱਧ ਗਈ ਹੈ ਕਿ ਆਮ ਆਦਮੀ ਦਾ ਲੱਕ ਨਹੀਂ ਸਿੱਧਾ ਹੋ ਰਿਹਾ। ਗਰੀਬ ਆਦਮੀ ਕੀ ਖਾਏਗਾ ਤੇ ਕੀ ਪਹਿਨੇਗਾ ਤੇ ਬਚਾਉਣਾ ਤਾਂ ਦੂਰ ਦੀ ਗੱਲ ਹੋ ਰਹੀ ਹੈ। ਹੁਣ ਸਮੇਂ ਦੀ ਮੰਗ ਹੈ ਕਿ ਸੂਝ-ਬੂਝ ਦੇ ਨਾਲ ਚੱਲਣ ਦੀ। ਆਓ 2024 ਨਵੇਂ ਸਾਲ ਵਿਚ ਉਸਾਰੂ ਸੋਚ ਨੂੰ ਲੈ ਕੇ ਚੱਲੀਏ।

**– ਪ੍ਰੇਮ ਕੁਮਾਰ ਚੁੰਬਰ**

# ਇਤੁ ਮਦਿ ਪੀਤੈ ਨਾਨਕਾ...



**ਲਾਲ ਸਿੰਘ ਸੁਲਹਾਣੀ**
**91-98721-55120**

ਮਦ ਨੂੰ ਆਮ ਬੋਲ ਚਾਲ ਦੀ ਭਾਸ਼ਾ ਵਿਚ ਸ਼ਰਾਬ ਕਿਹਾ ਜਾਂਦਾ ਹੈ। ਅਰਬੀ ਭਾਸ਼ਾ ਦੇ ਸ਼ਰ ਤੇ ਫ਼ਾਰਸੀ ਭਾਸ਼ਾ ਦੇ ਆਬ ਦੋ ਸ਼ਬਦਾਂ ਦਾ ਸਮਾਸ ਹੈ। ਸ਼ਰ ਭਾਵ ਬਦੀ ਜਾਂ ਬੁਰਾਈ ਅਤੇ ਆਬ ਦਾ ਅਰਥ ਹੈ ਪਾਣੀ ਯਾਨੀ ਬੁਰਾਈ ਦਾ ਪਾਣੀ। ਅਰਬੀ ਭਾਸ਼ਾ ਵਿਚ ਏਸੇ ਕਰਕੇ ਇਸਨੂੰ 'ਉਮ-ਉਲ-ਖਾਬਾਸ਼ਿ' ਜਾਂ 'ਉਮ-ਉਲ-ਅਮਰਾਜ' ਬੁਰਾਈਆਂ ਜਾਂ ਰੋਗਾਂ ਦੀ ਮਾਂ ਕਹਿੰਦੇ ਹਨ। ਸੰਸਾਰ ਵਿੱਚ ਇਸ ਨੂੰ ਮਦਿਰਾ,ਮਦ,ਸੋਮਰਸ,ਅਤੇ ਸੁਰਾ ਆਦਿ ਨਾਮ ਦਿੱਤੇ ਗਏ ਹਨ। ਸ਼ਾਇਦ ਸੁਰਾਪਾਨ ਕਰਨ ਵਾਲਿਆਂ ਨੂੰ ਤਾਂ ਹੀ ਸੁਰ (ਦੇਵਤੇ) ਆਖਿਆ ਗਿਆ ਹੋਵੇ।

ਇਸ ਦੇ ਥੋੜ੍ਹੀ ਮਾਤਰਾ ਵਿੱਚ ਪ੍ਰਯੋਗ ਨਾਲ ਕੁਝ ਸਰੂਰ ਤੇ ਨਸ਼ਾ ਪੈਦਾ ਹੋ। ਜਾਂਦਾ ਹੈ। ਲਹੂ ਚੱਕਰ, ਨਬਜ਼ ਅਤੇ ਸਾਹ ਕਿਰਿਆ ਤੇਜ਼ ਹੋ ਜਾਂਦੀ ਹੈ। ਜਿਸ ਕਰਕੇ ਦਿਲ ਦਿਮਾਗ ਨੂੰ ਕੁਝ ਆਰਜ਼ੀ ਜਾਂ ਛਿਨ ਭੰਗਰ ਸ਼ਕਤੀ, ਦਲੇਰੀ ਤੇ ਖੁਸ਼ੀ ਮਹਿਸੂਸ ਹੁੰਦੀ ਹੈ। ਪਰ ਇਸ ਦਾ ਅਸਰ ਘਟਦਿਆਂ ਹੀ ਸਰੀਰ ਸੁਸਤ,ਆਲਸੀ ਤੇ ਨਿਢਾਲ ਹੋਇਆ ਮਹਿਸੂਸ ਕਰਦਾ ਹੈ। ਹੋਰ ਨਸ਼ੀਲੇ ਤੇ ਮਾਦਕ ਪਦਾਰਥਾਂ ਵਾਂਗ ਇਸ ਦਾ ਨਸ਼ਾ ਵੀ ਮਨੁੱਖ ਨੂੰ ਅਮਲੀ ਜਾਂ ਆਦੀ ਬਣਾ ਦਿੰਦਾ ਹੈ। ਸ਼ਰਾਬ ਬੜੀ ਜਲਦੀ ਲਹੂ ਚੱਕਰ ਵਿਚ ਜਾ ਮਿਲਦੀ ਹੈ। ਕਿਉਂਕਿ ਇਸ ਨੂੰ ਹਜ਼ਮ ਕਰਨ ਦੀ ਲੋੜ ਨਹੀਂ ਹੁੰਦੀ। ਇਹ ਕੇਵਲ ਮਿਹਦੇ ਦੀ ਅੰਦਰੂਨੀ ਝਿਲੀ ਵਿੱਚ ਜ਼ਜ਼ਬ ਹੋ ਜਾਂਦੀ ਹੈ। ਜੇਕਰ ਮਿਹਦਾ ਖਾਲੀ ਹੋਵੇ ਤਾਂ ਸਿੱਧਾ ਹੀ ਖੂਨ ਦੇ ਦੌਰੇ 'ਚ ਜ਼ਜ਼ਬ ਹੁੰਦੀ ਹੈ। ਖੂਨ ਦੌਰੇ 'ਚ ਮਿਲਣ ਕਰਕੇ ਇਹ ਇਹ ਸਰੀਰ ਦੇ ਸੈੱਲਾਂ ਤੇ ਕਿਵੇਂ ਨਾ ਕਿਵੇਂ ਬੁਰਾ ਅਸਰ ਪਾਉਂਦੀ ਹੈ। ਦਿਮਾਗ ਦੇ ਸੈੱਲ ਇਸ ਦਾ ਵਧੇਰੇ ਅਸਰ ਕਬੂਲਦੇ ਹਨ। ਤਦੇ ਇਕ ਡਾਕਟਰ ਦਾ ਕਥਨ ਹੈ ਕਿ ਸ਼ਰਾਬ ਅੰਦਰ ਜਾਂਦੀ ਹੈ ਤੇ ਅਕਲ ਬਾਹਰ ਆ ਜਾਂਦੀ ਹੈ।

ਅਮਰੀਕਾ ਦੇ ਪਾਗਲਖਾਨਿਆਂ ਵਿਚ 20 ਫੀਸਦੀ ਮਦ ਰੋਗੀਆਂ ਨੂੰ ਦਾਖਲ ਕੀਤਾ ਜਾਂਦਾ ਹੈ। ਸਾਡੇ ਦੇਸ਼ ਦੇ ਪਾਗਲਖ਼ਾਨਿਆਂ ਵਿਚ ਵੀ ਸ਼ਰਾਬ ਕਾਰਨ ਪਾਗਲ ਜਾਂ ਮਾਨਸਿਕ ਰੋਗੀ ਬਣੇ ਹੋਏ ਲੋਕ ਕਾਫੀ ਵੱਡੀ ਗਿਣਤੀ ਵਿਚ ਦਾਖਲ ਹੋ ਰਹੇ ਹਨ। ਲਹੂ ਵਿਚ ਜੇਕਰ ਸ਼ਰਾਬ ਅੱਧਾ ਤੋਂ ਇਕ ਫ਼ੀਸਦੀ ਜ਼ਜ਼ਬ ਹੋ ਜਾਵੇ ਤਾਂ ਮੌਤ ਹੋ ਜਾਂਦੀ ਹੈ। 1951 ਵਿਚ ਜਨੇਵਾ ਵਿਖੇ ਸ਼ਰਾਬ ਦੇ ਬੁਰੇ ਅਸਰਾਂ ਬਾਰੇ ਹੋਈ ਕਾਨਫਰੰਸ ਵਿਚ 7 ਦੇਸ਼ਾਂ ਦੇ ਡਾਕਟਰ "ਰਾਬਰਟ ਫਲੇਮਿੰਗ" ਦੀ ਇਸ ਰਿਪੋਰਟ ਨਾਲ ਸਹਿਮਤ ਸਨ ਕਿ ਇਸ ਦੀਆਂ ਖ਼ਤਰਨਾਕ ਹਾਨੀਆਂ ਤੋਂ ਕੋਈ ਵਿਅਕਤੀ ਮੁਕਤ ਨਹੀਂ ਹੋ ਸਕਦਾ। ਇਹ ਵੱਖਰੀ ਗੱਲ ਹੈ ਕਿ ਕਿਸੇ ਦੀ ਸਿਹਤ ਨੂੰ ਛੇਤੀ ਨੁਕਸਾਨ ਪੁੱਜਦਾ ਹੈ ਤੇ ਕਿਸੇ ਨੂੰ ਦੇਰ ਨਾਲ।

ਮਨੁੱਖ ਦੇ ਅਮੋਲਕ ਅੰਗ ਜਿਗਰ ਨੂੰ ਸ਼ਰਾਬ ਦੀ ਲਗਾਤਾਰ ਵਰਤੋਂ ਨਾਲ ਭਾਰੀ ਹਾਨੀ ਪੁੱਜਦੀ ਹੈ। ਜਿਗਰ ਵਿਚ ਸੋਜ ਹੋ ਜਾਂਦੀ ਹੈ। ਜਿਸ ਦੇ ਸਿੱਟੇ ਵਜੋਂ ਪੈਰਾਂ ਅਤੇ ਲੱਤਾਂ ਤੇ ਸੋਜ ਹੋ ਜਾਂਦੀ ਹੈ। ਪੇਟ ਅਤੇ ਫੇਫੜਿਆਂ 'ਚ ਪਾਣੀ ਜਮ੍ਹਾਂ ਹੋ ਜਾਂਦਾ ਹੈ ਅਤੇ ਦਿਲ ਤੇ ਭਾਰ ਪੈਕੇ ਮੌਤ ਦਾ ਕਾਰਨ ਬਣ ਸਕਦਾ ਹੈ। ਜ਼ਿਆਦਾ ਕਰਕੇ ਸ਼ਰਾਬੀਆਂ ਦੀ ਮੌਤ ਜਿਗਰ ਦੀ ਸੋਜ ਕਰਕੇ ਹੁੰਦੀ ਹੈ। ਜਦ ਸ਼ਰਾਬ ਲਹੂ ਦੌਰੇ ਵਿਚ ਮਿਲਦੀ ਹੈ ਤਾਂ ਰੱਤੇ ਕਣਾਂ ਨੂੰ ਆਕਸੀਜਨ ਲੈਣ ਅਤੇ ਛੱਡਣ ਵਿੱਚ ਰੁਕਾਵਟ ਪਾਉਂਦੀ ਹੈ। ਮੋਟਾਪੇ ਦੇ ਬੁਰੇ ਅਸਰਾਂ ਦੇ ਨਤੀਜੇ ਦਿਲ ਨੂੰ ਭੁਗਤਣੇ ਪੈਂਦੇ ਹਨ ਸ਼ਰਾਬ ਦੇ ਆਦੀਆਂ ਨੂੰ ਦਿਲ ਦੀ ਧੜਕਣ ਅਤੇ ਬਲੱਡ ਪਰੈਸ਼ਰ ਵਰਗੇ ਰੋਗਾਂ ਦੀ ਵਧੇਰੇ ਸੰਭਾਵਨਾ ਬਣੀ ਰਹਿੰਦੀ ਹੈ। ਸ਼ਰਾਬ ਪੀਣ ਨਾਲ ਭੁੱਖ ਵਧੇਰੇ ਚਮਕਦੀ ਹੈ। ਸ਼ਰਾਬੀ ਚੰਗੀ ਖ਼ੁਰਾਕ ਅਤੇ ਥਿੰਦਿਆਈ ਆਦਿ ਲੋੜੋਂ ਵੱਧ ਖਾ ਜਾਂਦਾ ਹੈ। ਜਿਸ ਕਰਕੇ ਦਿਲ ਅਤੇ ਮਾਸਪੱਠਿਆਂ ਵਿੱਚ ਚਰਬੀ ਜਮ੍ਹਾਂ ਹੋਣ ਕਰਕੇ ਭਿਆਨਕ ਨਤੀਜੇ ਭੁਗਤਣੇ ਪੈਂਦੇ ਹਨ।

ਲਗਾਤਾਰ ਸ਼ਰਾਬ ਦੀ ਵਰਤੋਂ ਹਾਨੀ ਪੁਚਾ ਕੇ ਸੋਜ ਜਾਂ ਮਿਹਦੇ ਦੇ ਅੰਦਰ ਜ਼ਖ਼ਮ ਪੈਦਾ ਕਰ ਦਿੰਦੀ ਹੈ। ਮਿਹਦੇ ਤੇ ਅੰਤੜੀਆਂ ਅੰਦਰਲੀ ਝਿੱਲੀ ਸ਼ਰਾਬ ਦੀ ਲਗਾਤਾਰ ਵਰਤੋਂ ਨਾਲ ਸਖ਼ਤ ਹੋ ਜਾਂਦੀ ਹੈ ਅਤੇ ਲਹੂ ਦੇ ਦੌਰੇ ਵਿਚ ਜਲਦੀ ਜ਼ਜ਼ਬ ਨਹੀਂ ਹੁੰਦੀ। ਸ਼ਰਾਬੀ ਇਸ ਗੱਲ ਤੇ ਗਰਬ ਮਹਿਸੂਸ ਕਰਦਾ ਹੈ ਕਿ ਉਸਨੂੰ ਸ਼ਰਾਬ ਨਹੀਂ ਚੜ੍ਹਦੀ। ਪੁਰਾਣੇ ਸ਼ਰਾਬੀਆਂ ਨੂੰ ਬਦਹਜ਼ਮੀ, ਦਸਤ, ਮਰੋੜ ਆਦਿ ਆਮ ਰਹਿੰਦਾ ਹੈ। ਸ਼ਰਾਬ ਮਿਹਦੇ ਵਿਚ ਪੂਰੀ ਤਰ੍ਹਾਂ ਜ਼ਜ਼ਬ ਨਾ ਹੋਣ ਕਰਕੇ ਕਾਫੀ ਮਾਤਰਾ ਵਿਚ ਸਾਵੀਂ ਹੀ ਖ਼ੂਨ ਵਿਚ ਸ਼ਾਮਿਲ ਹੋ ਕੇ ਗੁਰਦਿਆਂ ਰਾਹੀਂ ਖਾਰਜ ਹੋਣ ਲੱਗਦੀ ਹੈ ਸਿੱਟੇ ਵਜੋਂ ਗੁਰਦਿਆਂ ਦੀਆਂ ਨਾੜੀਆਂ ਫੈਲ ਜਾਂਦੀਆਂ ਹਨ ਅਤੇ ਸ਼ਰਾਬੀ ਨੂੰ ਗੁਰਦਿਆਂ ਦੀ ਸੋਜ ਦਾ ਰੋਗ ਲੱਗ ਜਾਂਦਾ ਹੈ । ਸਮਾਂ ਪਾ ਕੇ ਗੁਰਦੇ ਆਪਣਾ ਕੰਮ ਬੰਦ ਕਰ ਦਿੰਦੇ ਹਨ ਅਤੇ ਸ਼ਰਾਬੀ ਦੀ ਪਿਸ਼ਾਬ ਦੀ ਜ਼ਹਿਰ ਨਾਲ ਮੌਤ ਹੋ ਜਾਂਦੀ ਹੈ। 'ਡਕਟਰ ਰੋਜਨੂੰ' ਦੇ ਕਥਨ ਅਨੁਸਾਰ ਸ਼ਰਾਬ ਦਾ ਵੱਡਾ ਦੋਸ਼ ਇਹ ਹੈ ਕਿ ਇਹ ਕਾਮ ਵਾਸ਼ਨਾ ਨੂੰ ਭੜਕਾਉਂਦੀ ਹੈ ਤੇ ਮਨੁੱਖ ਦੀ ਦ੍ਰਿੜਤਾ ਜਾਂ ਇੱਛਾ ਸ਼ਕਤੀ ਨੂੰ ਕਮਜ਼ੋਰ ਕਰ ਦਿੰਦੀ ਹੈ ਇਸ ਕਾਰਨ ਮਨ ਕਾਬੂ ਨਹੀਂ ਰਹਿੰਦਾ ਤੇ ਚੰਗਾ ਮਨੁੱਖ ਵੀ ਆਚਰਨ ਪਧਰ ਤੋਂ ਗਿਰ ਕੇ ਵਿਭਚਾਰੀ ਬਣ ਸਕਦਾ ਹੈ। ਏਸੇ ਕਰਕੇ ਆਤਸ਼ਕ ਜਾਂ ਸੁਜ਼ਾਕ ਦਾ ਰੋਗ ਸ਼ਰਾਬੀਆਂ ਵਿਚ ਵਧੇਰੇ ਹੁੰਦਾ ਹੈ ਅਤੇ ਏਡਜ਼ ਵਰਗੀ ਮਹਾਂਮਾਰੀ ਦੇ ਰੋਗੀਆਂ ਦੀ ਗਿਣਤੀ ਵਿਚ ਵਾਧਾ ਹੋਈ ਜਾਂਦਾ ਹੈ। ਇਸ ਤੋਂ ਇਲਾਵਾ ਬੇਵਿਉਂਤੀ ਤੇ ਅਣਚਾਹੀ ਉਮੀਦਵਾਰੀ ਆਮ ਤੌਰ ਤੇ ਏਸੇ ਦਾ ਸਿੱਟਾ ਹੁੰਦੀ ਹੈ, ਜੋ ਬੇਲੋੜੀ ਆਬਾਦੀ ਚ ਸਬੱਬ ਬਣਦੀ ਹੈ। ਸ਼ਰਾਬ ਦੇ ਨਸ਼ੇ ਅਧੀਨ ਮਨੁੱਖ ਤੋਂ ਹਰ ਵਿਕਾਰ, ਪਾਪ ਜਾਂ ਜ਼ੁਰਮ ਕਰਨ ਦੀ ਸੰਭਾਵਨਾ ਵਧੇਰੇ ਬਣੀ ਰਹਿੰਦੀ ਹੈ। ਜੇਲ੍ਹਾਂ ਦੀ ਰੌਣਕ ਵਧਾਉਣ ਵਿੱਚ ਸ਼ਰਾਬ ਦਾ ਖਾਸ ਹੱਥ ਹੈ।

ਅਜੋਕੇ ਯੁੱਗ ਵਿੱਚ ਸੜਕਾਂ ਤੇ ਕਾਰਖਾਨਿਆਂ ਵਿਚ ਵਾਪਰਦੀਆਂ ਬਹੁਤ ਸਾਰੀਆਂ ਘਟਨਾਵਾਂ ਸ਼ਰਾਬ ਦੇ ਨਸ਼ੇ 'ਚ ਗੱਡੀਆਂ ਚਲਾਉਣ ਜਾਂ ਕਾਰਖਾਨੇ ਵਿਚ ਕੰਮ ਕਰਨ ਕਰਕੇ ਵਾਪਰਦੀਆਂ ਹਨ। ਸ਼ਰਾਬ ਦੀ ਪੁਰਾਣੀ ਆਦਤ ਮਨੁੱਖ ਨੂੰ ਸਮਾਜਿਕ ਜ਼ਿੰਮੇਵਾਰੀਆਂ ਦੇ ਅਯੋਗ ਬਣਾ ਦਿੰਦੀ ਹੈ ਅਤੇ ਉਸਦੀ ਮਾਣ ਪ੍ਰਤਿਸ਼ਠਾ ਨੂੰ ਠੇਸ ਪੁਚਾਉਂਦੀ ਹੈ।

ਸ਼ਰਾਬ ਦਾ ਖਰਚ ਘਰ ਦੀ ਆਰਥਿਕ ਮੰਦਹਾਲੀ ਦਾ ਕਾਰਨ ਬਣ ਜਾਂਦਾ ਹੈ। ਜਿਸ ਕਾਰਨ ਲੱਖਾਂ ਘਰ ਬਰਬਾਦ ਹੋ ਰਹੇ ਹਨ, ਹਜ਼ਾਰਾਂ ਪਰਵਾਰਾਂ ਦੀਆਂ ਕਰੋੜਾਂ ਰੁਪਏ ਦੀਆਂ ਜਾਇਦਾਦਾਂ ਥੋੜ੍ਹੇ ਸਮੇਂ ਚ ਹੀ ਇਸ ਦੀ ਭੇਟ ਚੜ੍ਹ ਜਾਂਦੀਆਂ ਹਨ ਅਤੇ ਅਮੀਰ ਤੋਂ ਅਮੀਰ ਆਦਮੀ ਵੀ ਗਰੀਬੀ ਦੇ ਜਬਾੜਿਆਂ ਵਿਚ ਜਾ ਪਿਸਦਾ ਹੈ। ਦੁੱਖ ਦੀ ਗੱਲ ਹੈ ਕਿ ਅੰਗਰੇਜ਼ੀ ਰਾਜ ਸਮੇਂ ਸ਼ਰਾਬ ਦੇ ਠੇਕਿਆਂ ਦਾ ਘੇਰਾਓ ਕਰਦੇ ਗਾਂਧੀ ਦੇ ਚੇਲਿਆਂ ਨੇ ਰਾਜਸਤਾ ਹੱਥਿਆਉਂਦਿਆਂ ਹੀ ਥੋੜ੍ਹੇ ਜਿਹੇ ਮੁਫਾਦ ਖਾਤਰ ਥਾਂ ਥਾਂ ਸ਼ਰਾਬ ਦੀਆਂ ਦੁਕਾਨਾਂ ਖੁਲ੍ਹਾ ਦਿੱਤੀਆਂ। ਪਿਛਲੇ ਸਮੇਂ ਦੇ ਇਕ ਬਰਤਾਨਵੀ ਪ੍ਰਧਾਨ ਮੰਤ੍ਰੀ "ਗਲੈਡਸਟੋਨ" ਦੇ ਕਥਨ ਅਨੁਸਾਰ ਜੰਗ, ਕਾਲ ਤੇ ਪਲੇਗ ਤਿੰਨਾਂ ਨੂੰ ਮਿਲਾ ਕੇ ਹੋਈ ਹਾਨੀ ਨਾਲੋਂ ਸ਼ਰਾਬ ਨਾਲ ਹੋਈ ਹਾਨੀ ਵਧੇਰੇ ਭਿਆਨਕ ਹੈ।

ਇਤਿਹਾਸ ਗਵਾਹ ਹੈ ਕਿ ਮਹਾਨ ਰਾਜ ਘਰਾਣੇ, ਕਬੀਲੇ ਅਤੇ ਸਲਤਨਤਾਂ ਬੁਰਾਈ ਦੇ ਇਸ ਪਾਣੀ ਦੀ ਭੇਟ ਚੜ੍ਹ ਗਈਆਂ। ਬਾਬਰ ਰਾਹੀਂ ਸ਼ਰਾਬ ਦਾ ਪਿਆਲਾ ਹੱਥ ਚ ਫੜ ਮੁਗਲਈ ਸਨਤਨਤ ਦਾ ਚੜ੍ਹਿਆ ਸੂਰਜ ਆਖਰ ਜਹਾਂਗੀਰ ਅਤੇ ਮੁਹੰਮਦ ਸ਼ਾਹ ਰੰਗੀਲੇ ਰਾਹੀਂ ਸ਼ਰਾਬ ਦੇ ਖਾਰੇ ਸਾਗਰ ਵਿਚ ਡੁੱਬ ਕੇ ਰਹਿ ਗਿਆ। ਘਰ ਤੇ ਰਾਜ ਮਹਿਲਾਂ ਦੇ ਐਸ਼-ਆਰਾਮ ਛੱਡ ਕੇ ਬਣੇ ਜੋਗੀ ਸ਼ਰਾਬ ਦੇ ਨਸ਼ੇ ਚ ਮਦਮਸਤ ਹੋਕੇ "ਖੱਪਰ ਜੰਗ" ਦਾ ਸਬੱਬ ਬਣ ਗਏ। ਈਸ਼ਵਰ ਤੇ ਸਦੀਵੀ ਸੁੱਖਾਂ ਦੀ ਪ੍ਰਾਪਤੀ ਦੇ ਮੁਤਲਾਸ਼ੀ ਬਣ ਕੇ ਨਿਕਲੇ ਜੋਗੀ ਸੁਰਤ ਟਿਕਾਉਣ ਲਈ ਸ਼ਰਾਬ ਤੇ ਹੋਰ ਨਸ਼ਿਆਂ ਦੀਆਂ ਬੁਰਾਈਆਂ ਵਿਚ ਖਚਿਤ ਹੋ ਕੇ ਅੱਜ ਸੱਪ ਵਿਖਾ ਕੇ ਮੰਗਦੇ ਵੇਖੀਦੇ ਹਨ। ਜੋਗੀਆਂ ਵਲੋਂ ਧਰਮ ਨੂੰ ਸ਼ਰਾਬ ਦੀ ਨਦੀ 'ਚ ਰੋੜ੍ਹੀਦਾ ਅਤੇ ਮੁਗਲਾਂ ਵਲੋਂ ਰਾਜ ਭਾਗ ਸ਼ਰਾਬ ਦੇ ਖਾਰੇ ਸਾਗਰ ਵਿਚ ਡੁਬੋਦਿਆਂ ਤਕ ਕੇ ਮਾਨਵ ਹਿਤੈਸ਼ੀ ਗੁਰੂ ਬਾਬਾ ਨਾਨਕ ਕੁਰਲਾ ਉਠਿਆ:

ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥
(ਗੁਰੂ ਗ੍ਰੰਥ ਸਾਹਿਬ ਅੰਗ ੫੫੩)

ਇਹ ਵਾਕ ਉਹ ਕੇਵਲ ਸ਼ਾਇਰਾਨਾ ਅੰਦਾਜ਼ ਵਿੱਚ ਹੀ ਨਹੀਂ ਕਹਿ ਰਹੇ ਸਗੋਂ ਉਹਨਾਂ ਨੇ ਦੇਸ਼ ਦੀ ਦਰਦਨਾਕ ਅਵਸਥਾ ਨੂੰ ਤੱਕਿਆ ਸੀ। ਉਹਨਾਂ ਸਾਹਮਣੇ ਸਾਰੇ ਵਿਕਾਰਾਂ, ਸਾਰੀਆਂ ਖ਼ਰਾਬੀਆਂ ਦਾ ਪ੍ਰਤੱਖ ਚਿਤਰ ਸੀ ਕਿ ਕਿਵੇਂ ਸੰਸਾਰ ਦੀ ਸਭਿਆਚਾਰਕ, ਧਾਰਮਿਕ, ਸਰੀਰਕ, ਮਾਨਸਿਕ ਅਤੇ ਆਰਥਿਕ ਅਵਸਥਾ ਇਸ ਕਾਰਨ ਕਮਜ਼ੋਰ ਹੋਈ ਅਤੇ ਅਗੋਂ ਵੀ ਇਹ "ਛੂਛਾ ਮਦ" ਹਰ ਪਹਿਲੂ ਤੋਂ ਮਾਨਵਤਾ ਲਈ ਹਾਨੀਕਾਰਕ ਸਾਬਤ ਹੁੰਦਾ ਰਹੇਗਾ। ਮਾਨਵ ਹਿਤੂ ਸ਼ਾਇਰ ਗੁਰੂ ਧਰਮ ਦੇ ਨਾਂ ਤੇ ਹੋ ਰਹੇ ਕੁਕਰਮ ਨੂੰ ਬੰਦ ਕਰਨਾ ਲੋਚਦੇ ਸਨ। ਉਹਨਾਂ ਤਰਕ ਸੰਗਤ ਇਸ ਨੂੰ ਰੋਕਿਆ ਕਿ ਜਿਸ ਸ਼ਰਾਬ ਨੂੰ ਪੀਣ ਨਾਲ ਇਨਸਾਨ ਪਾਗਲ ਹੋ ਜਾਂਦਾ ਹੈ, ਆਪਣੀ ਸੁਧ ਬੁਧ ਖੋ ਬੈਠਦਾ ਹੈ, ਆਪਣੇ ਪਰਾਏ ਦੀ ਪਛਾਣ ਭੁੱਲ ਜਾਂਦਾ ਹੈ ਉਸਦੇ ਪੀਣ ਦਾ ਕੀ ਲਾਭ?

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥
ਸਦਾ ਸਾਹਿਬ ਕੈ ਰੰਗਿ ਰਹੈ ਮਹਿਲੀ ਪਾਵੈ ਥਾਉ॥
( ਗੁਰੂ ਗ੍ਰੰਥ ਸਾਹਿਬ ਜੀ ਅੰਗ ੫੫੪)

ਸ਼ਰਾਬ ਪੀਕੇ ਪਾਗਲ ਹੋਏ ਤੇ ਵਿਸ਼ੇ ਵਿਕਾਰਾਂ ਦੀ ਭੱਠੀ ਵਿਚ ਸੜ ਰਹੇ ਮਨੁੱਖਾਂ ਨੂੰ ਜ਼ਿੰਦਗੀ ਦਾ ਸਹੀ ਲੁਤਫ਼ ਮਾਨਣ ਲਈ ਸਖ਼ਤੀ ਨਾਲ ਚਿਤਾਵਨੀ ਦਿੰਦਿਆਂ ਉਹ ਕੂਕ ਉਠੇ:-

ਦੁਰਮਤਿ ਮਦੁ ਜੋ ਪੀਵਤੇ ਬਿਖਲੀਪਤਿ ਕਮਲੀ॥
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥
(ਗੁਰੂ ਗ੍ਰੰਥ ਸਾਹਿਬ ਜੀ ਅੰਗ ੩੯੯)

ਏਨੀ ਸਖਤ ਮਨਾਹੀ ਦੇ ਬਾਵਜੂਦ ਅਜੋਕੇ ਸਮੇਂ ਅੰਦਰ ਪੰਜਾਬ ਖਾਸ ਕਰਕੇ ਸਿੱਖ ਸ਼ਰਾਬ ਪੀਣ ਵਿਚ ਵਡੱਪਣ ਸਮਝਦੇ ਹਨ। ਜੰਮਣ ਗੁੜ੍ਹਤੀ ਵਾਂਗ ਇਹ ਹਰ ਬਾਲ ਬੁਢੇ ਤੇ ਅਸਰਦਾਇਕ ਹੈ।

ਹੁਣ ਤਾਂ ਗੁਰੂ ਨਾਨਕ ਨਾਮ ਲੇਵਿਆਂ ਨੇ ਏਸ਼ੀਆ ਦਾ ਰਿਕਾਰਡ ਕਾਇਮ ਕਰ ਲਿਆ ਹੈ ਤੇ ਵਿਸ਼ਵ ਜੇਤੂ ਬਣਨ ਦੇ ਆਹਰ 'ਚ ਜੁਟੇ ਹੋਏ ਹਨ। ਪੌਣੇ ਕੁ ਤਿੰਨ ਕਰੋੜ ਪੰਜਾਬੀ ਠੇਕਿਆਂ ਤੋਂ 33 ਕਰੋੜ ਬੋਤਲਾਂ ਹਰ ਸਾਲ ਡਕਾਰ ਜਾਂਦੇ ਹਨ। ਗੁਰਬਾਣੀ ਇਤਿਹਾਸ ਅਤੇ ਰਹਿਤਨਾਮਿਆਂ ਵਿੱਚ ਦਰਸਈਆਂ ਨਸੀਹਤਾਂ ਨੂੰ ਛਿੱਕ ਟੰਗ ਕੇ ਅਜੋਕੇ ਸਿੱਖ 'ਸ਼ਰਾਬੀ ਅਤੇ ਵਧੀਆ ਪਿਆਕੜ' ਕਹਾਉਣ ਵਿਚ ਮਾਣ ਮਹਿਸੂਸ ਕਰਨ ਲੱਗ ਪਏ ਹਨ। ਸ਼ਰਾਬ ਪੰਜਾਬੀ ਜਾਂ ਸਿੱਖ ਸਭਿਆਚਾਰ ਦਾ ਅਨਿੱਖੜਵਾਂ ਅੰਗ ਬਣਦੀ ਜਾ ਰਹੀ ਹੈ। ਸ਼ਰਾਬ ਪੀਣ ਦੀ ਭੈੜੀ ਬਾਣ ਨੂੰ 'ਨਵਾਬੀ ਸ਼ਾਨ' ਨਾਲ ਤੁਲਨਾਇਆ ਜਾ ਰਿਹਾ ਹੈ। ਬਾਬੇ ਨਾਨਕ ਦੀ ਸਿਖਿਦਾਇਕ ਸ਼ਾਇਰੀ ਦੇ ਵਿਰੋਧ ਵਿਚ ਨਾਮਵਾਰ ਤੇ ਪੰਜਾਬੀਆਂ ਦਾ ਚਹੇਤਾ ਗਾਇਕ ਗੁਰਦਾਸ ਮਾਨ ਵੀ ਘਰ ਦੀ ਕੱਢੀ ਨਜਾਇਜ਼ ਸ਼ਰਾਬ ਪੀਣ ਪਿਆਉਣ ਦਾ ਢੰਡੋਰਚੀ ਬਣ ਖੜੋਤਾ ਹੈ। ਹੁਣ ਰੀਸੋ ਰੀਸ ਇਕ ਦੂਜੇ ਤੋਂ ਅੱਗੇ ਹੋਕੇ ਸ਼ਰਾਬ ਨੂੰ ਬੜ੍ਹਾਵਾ ਦੇਣ ਵਾਲੇ ਗੀਤ ਗਾਏ ਜਾ ਰਹੇ ਹਨ।

ਇਉਂ ਭਾਸਦਾ ਹੈ ਜਿਵੇਂ ਅਜੋਕੇ ਸਮੇਂ ਇਨ੍ਹਾਂ ਗਾਇਕਾਂ ਵਿਚ ਜ਼ੋਰਦਾਰ ਮੁਕਾਬਲਾ ਸ਼ੁਰੂ ਹੋ ਗਿਆ ਹੋਵੇ ਕਿ ਕੌਣ ਪੰਜਾਬੀਆਂ ਨੂੰ ਵਧ ਪਿਆਕੜ ਬਣਾਉਂਦਾ ਹੈ। ਨਿੱਤ ਸ਼ਰਾਬੀਆਂ ਨੂੰ ਧਿਰਕਾਰਨ, ਦੁਰਕਾਰਨ ਵਾਲੀ ਅਣਖੀਲੀ ਪੰਜਾਬਣ ਹੁਣ ਸ਼ਰਾਬੀ ਯਾਰ ਨੂੰ ਸਤਿਕਾਰਦੀ, ਪੁਚਕਾਰਦੀ ਗੀਤਾਂ 'ਚ ਪੇਸ਼ ਕੀਤੀ ਜਾਂਦੀ ਹੈ॥ ਪਿਛਲੇ ਸਮਿਆਂ 'ਚ ਇੱਕਾ ਦੁੱਕਾ ਸ਼ਰਾਬੀ ਸਮਾਜ ਵਿਚ ਆਪਣੇ ਆਪ ਨੂੰ ਹੀਣਾ ਜਿਹਾ ਮਹਿਸੂਸ ਕਰਦਾ ਸੀ। ਬਜ਼ੁਰਗਾਂ ਤੇ ਘਰ ਦੀਆਂ ਸੁਆਣੀਆਂ ਤੋਂ ਅੱਖ ਬਚਾ ਕੇ ਘਰ ਵੜਦਾ ਸੀ ਪਰ ਅਜੋਕੇ ਸਮੇਂ ਪੰਜਾਬਣਾਂ ਦੀ ਆਪੇ ਬਣੀ ਪ੍ਰਤੀਨਿਧ ਗਾਇਕਾ ਧੜੱਲੇ ਨਾਲ਼ ਆਪਣੀ ਨਣਾਨ ਨੂੰ 'ਤੇਰਾ ਵੀਰ ਸ਼ਰਾਬੀ ਆਇਆ ਨਣਦੇ ਕੁੰਡਾ ਖੋਲ੍ਹਦੇ' ਕਹਿ ਕੇ ਇਉਂ ਮਾਣ ਮਹਿਸੂਸ ਕਰਦੀ ਹੈ ਜਿਵੇਂ ਉਹ ਕੋਈ ਬਹੁਤ ਵੱਡਾ ਬਹਾਦਰੀ ਦਾ ਕੰਮ ਕਰਕੇ ਜਾਂ ਜੰਗ ਚੋਂ ਜੇਤੂ ਹੋ ਕੇ ਮੁੜਿਆ ਹੋਵੇ। ਰੂੜੀ ਮਾਰਕਾ ਸ਼ਰਾਬ ਵਾਂਗੂੰ ਚੜ੍ਹਨ ਵਾਲੀ ਪੰਜਾਬੀ ਗਾਇਕਾ ਕਮਲਜੀਤ ਨੀਰੂ ਪੰਜਾਬੀਆਂ ਨੂੰ ਕਿਹੜੇ ਸਭਿਆਚਾਰ ਨਾਲ ਜੋੜਨ ਦੇ ਆਹਰ ਲੱਗੀ ਹੋਈ ਹੈ ?

ਪੰਜਾਬੀ/ ਸਿੱਖ ਜਿਨ੍ਹਾਂ ਨੇ ਗੁਰੂ ਅਦੇਸ਼ ਤੇ ਤੁਰਦਿਆਂ ਸੰਸਾਰ ਨੂੰ ਸੇਧ ਦੇਕੇ ਖੁਸ਼ੀਆਂ ਅਤੇ ਖੇੜਿਆਂ ਭਰਪੂਰ ਸਮਾਜ ਸਿਰਜਣ ਲਈ ਅਲਮਬਰਦਾਰ ਬਣਨਾ ਸੀ, ਅੱਜ ਉਹ ਆਪਣੇ ਲੱਛਣਾਂ ਤੇ ਕਰਤੂਤਾਂ ਸਦਕਾ ਸੰਸਾਰ ਦੇ ਉਪਹਾਸ ਦਾ ਕਾਰਨ ਬਣਦੇ ਨਜ਼ਰ ਆ ਰਹੇ ਹਨ। ਹੁਣ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੇ ਧਾਰਮਿਕ ਅਦਾਰਿਆਂ ਦੀਆਂ ਚੋਣਾਂ ਸਮੇਂ ਵੀ ਵੋਟਾਂ ਸ਼ਰਾਬ ਦੇ ਡਰੱਮਾਂ ਵਿਚ ਡੁਬੋ ਕੇ ਵਸੂਲੀਦੀਆਂ ਹਨ। 'ਗੁਰੂ ਬਹੁੜੀ ਕਰੇ।' ਜਿਹੜੀ ਸ਼ਰਾਬ ਸਾਡੇ ਤਮਾਮ ਬਦ ਅਮਲਾਂ ਦਾ ਕਾਰਨ ਬਣਦੀ ਹੋਵੇ, ਕਦੀ ਵੀ ਪੀਣੀ ਲਾਭਦਾਇਕ ਨਹੀਂ। ਇਸ ਦਾ ਭੁਸ ਬੁਰਾ ਹੈ। ਰੱਬ ਕਰਕੇ ਇਹ ਕਿਸੇ ਨੂੰ ਪੈ ਨਾ ਜਾਵੇ। ਕਿਸੇ ਸ਼ਾਇਰ ਨੇ ਤੋਬਾ ਕਰਦਿਆਂ ਠੀਕ ਕਿਹਾ ਹੈ:

ਦਿਕ ਹੋ, ਸਿਲ ਹੋ ਕੇਹਾ ਭੀ ਭਾਰੀ ਅਜ਼ਾਬ ਹੋ।
ਮਗਰ ਐ ਖੁਦਾਇ ਦੋ ਜਹਾਂ, ਨਾ ਕਿਸੀ ਕੋ ਸ਼ੌਕਿ ਸ਼ਰਾਬ ਹੋ।

ਸਪੱਸ਼ਟ ਹੈ ਕਿ ਸ਼ਰਾਬ ਦੇ ਸੇਵਨ ਬਾਰੇ ਤਾੜਨਾ ਕਰਦੇ ਗੁਰੂ ਹੁਕਮਾਂ ਨੂੰ ਪਰ੍ਹੇ ਸੁੱਟ ਕੇ ਗੁਰੂ ਦੇ ਸਿੱਖ ਅਖਵਾਉਣ ਵਾਲੇ ਇਸ ਦਾ ਪ੍ਰਯੋਗ ਗੱਜ ਵੱਜ ਕੇ ਵਿਆਹ ਸ਼ਾਦੀਆਂ, ਪਾਰਟੀਆਂ, ਜਲਸਿਆਂ ਇਥੋਂ ਤੱਕ ਕਿ ਮਰਨਿਆਂ ਪਰਨਿਆਂ ਤੇ ਵੀ ਖੁਲ੍ਹਮ ਖੁਲ੍ਹਾ ਕਰਦੇ ਜ਼ਰਾ ਨਹੀਂ ਝਿਜਕਦੇ। ਸ਼ਰਾਬ ਦਾ ਸੇਵਨ ਨਾ ਕਰਨ ਵਾਲਿਆਂ ਨੂੰ ਪਿਛਾਂਹਖਿਚੂ, ਰੂੜੀਵਾਦੀ ਤੇ ਅੰਧਵਿਸ਼ਵਾਸੀ ਕਹਿ ਕੇ ਛੁਟਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅੱਜ ਸਕੂਲਾਂ ਦੇ ਅਧਿਆਪਕ ਤੇ ਕਾਲਜਾਂ ਦੇ ਪ੍ਰੋਫੈਸਰ, ਜਿਨ੍ਹਾਂ ਦੇ ਹੱਥ ਵਿੱਚ ਬੱਚਿਆਂ ਦਾ ਭਵਿੱਖ ਹੈ, ਡਾਕਟਰ, ਜਿਨ੍ਹਾਂ ਨੇ ਦੇਸ਼ ਨੂੰ ਅਰੋਗ ਰੱਖਣਾ ਹੈ, ਜੱਜ, ਜਿਨ੍ਹਾਂ ਨੇ ਨਿਆਂ ਵਾਲੀ ਕੁਰਸੀ ਤੇ ਬਹਿਣਾ ਹੈ, ਪੁਲਿਸ ਅਧਿਕਾਰੀ, ਜਿਨ੍ਹਾਂ ਨੇ ਕਾਨੂੰਨ ਭੰਗ ਕਰਨ ਵਾਲਿਆਂ ਨੂੰ ਸਜ਼ਾ ਦਿਵਾਉਣੀ ਹੈ, ਰਾਜਨੀਤਕ ਆਗੂ, ਜਿਨ੍ਹਾਂ ਨੇ ਦੇਸ਼ ਦੀ ਬੇੜੀ ਬੰਨੇ ਲਾਉਣੀ ਹੈ, ਧਾਰਮਿਕ ਰਹਿਨੁਮਾ, ਜਿਹਨਾਂ ਨੇ ਅਧਿਆਤਮਕ ਮਾਰਗ 'ਤੇ ਰਾਹ ਰੁਸ਼ਨਾਉਣਾ ਹੈ ਜ਼ਿਆਦਾਤਰ ਆਪ ਸ਼ਰਾਬ ਦੀ ਵਰਤੋਂ ਕਰਦੇ ਹਨ। ਅਨੇਕਾਂ ਬਦੀਆਂ ਦੀ ਮਾਂ, ਸਰੀਰਕ ਤੇ ਮਾਨਸਿਕ ਰੋਗਾਂ ਦੀ ਜਨਮਦਾਤੀ, ਪ੍ਰਵਾਰਕ ਖੁਸ਼ੀਆਂ ਤੇ ਖੇੜਿਆਂ ਦੀ ਦੁਸ਼ਮਣ ਅਤੇ ਆਚਰਣਕ ਗਿਰਾਵਟ ਦਾ ਸਬੱਬ ਬਣਨ ਵਾਲੀ ਸ਼ਰਾਬ ਦਾ ਸੇਵਨ ਕਰਨ ਤੋਂ ਵਾਹ ਲੱਗਦਿਆਂ ਗੁਰੇਜ਼ ਕਰਕੇ ਮਾਨਵ ਜੀਵਨ ਨੂੰ ਸਾਰਥਕ ਤੇ ਸੁਚਾਰੂ ਬਨਾਉਣ ਲਈ ਸਭ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਲਾਪਤਾ ਭਾਰਤੀ ਵਿਦਿਆਰਥਣ ਦੀ ਸੂਹ ਦੇਣ ਵਾਲੇ ਨੂੰ 10000 ਡਾਲਰ ਇਨਾਮ ਦੇਣ ਦਾ ਐਲਾਨ

**ਸੈਕਰਾਮੈਂਟੋ, ਕੈਲੀਫੋਰਨੀਆ–** 4 ਸਾਲ ਤੋਂ ਵਧ ਸਮਾਂ ਪਹਿਲਾਂ ਅਮਰੀਕਾ ਦੇ ਨਿਊ ਜਰਸੀ ਰਾਜ ਤੋਂ ਲਾਪਤਾ ਹੋਈ 29 ਸਾਲਾ ਭਾਰਤੀ ਵਿਦਿਆਰਥਣ ਮੇਊਸ਼ੀ ਭਗਤ ਦੀ ਅਜੇ ਤੱਕ ਕੋਈ ਉੱਗ ਸੁੱਗ ਨਹੀਂ ਲਗੀ ਹੈ ਤੇ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ ਬੀ ਆਈ) ਨੇ ਉਸ ਦੀ ਸੂਹ ਦੇਣ ਵਾਲੇ ਨੂੰ 10000 ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਹੈ ਤੇ ਕਿਹਾ ਹੈ ਕਿ ਜੇਕਰ ਕਿਸੇ ਨੂੰ ਵੀ ਉਸ ਬਾਰੇ ਕੋਈ ਜਾਣਕਾਰੀ ਮਿਲੇ ਤਾਂ ਉਹ ਐਫ ਬੀ ਆਈ ਦੇ ਸਥਾਨਕ ਦਫਤਰ ਜਾਂ ਨੇੜਲੀ ਅਮਰੀਕਨ ਅੰਬੈਸੀ ਜਾਂ ਕੌਂਸਲੇਟ ਨਾਲ ਸੰਪਰਕ ਕਰ ਸਕਦਾ ਹੈ। ਮੇਊਸ਼ੀ ਭਗਤ ਨੂੰ ਆਖਰੀ ਵਾਰ 29 ਅਪ੍ਰੈਲ, 2019 ਦੀ ਸ਼ਾਮ ਨੂੰ ਨਿਊ ਜਰਸੀ ਵਿਚ ਆਪਣੇ ਅਪਾਰਮੈਂਟ ਵਿਚੋਂ ਨਿਕਲਦਿਆਂ ਵੇਖਿਆ ਗਿਆ ਸੀ।



ਉਸ ਨੇ ਰੰਗਦਾਰ ਪਜਾਮਾ-ਪੈਂਟ ਤੇ ਕਾਲੀ ਟੀ ਸ਼ਰਟ ਪਾਈ ਹੋਈ ਸੀ। ਭਗਤ ਦੇ ਪਰਿਵਾਰ ਨੇ ਉਸ ਦੇ ਲਾਪਤਾ ਹੋਣ ਦੀ ਰਿਪੋਰਟ 1 ਮਈ 2019 ਨੂੰ ਲਿਖਵਾਈ ਸੀ। ਉਹ 5 ਫੁੱਟ 10 ਇੰਚ ਉੱਚੀ ਹੈ ਤੇ ਉਸ ਦੇ ਕਾਲੇ ਵਾਲ ਹਨ। ਐਫ ਬੀ ਆਈ ਨਿਊਯਾਰਕ ਫੀਲਡ ਦਫਤਰ ਤੇ ਜਰਸੀ ਸਿਟੀ ਪੁਲਿਸ ਵਿਭਾਗ ਨੇ ਕਿਹਾ ਹੈ ਕਿ ਉਹ ਮੇਊਸ਼ੀ ਭਗਤ ਦੀ ਭਾਲ ਲਈ ਨਿਰੰਤਰ ਆਮ ਲੋਕਾਂ ਤੋਂ ਸਹਾਇਤਾ ਦੀ ਮੰਗ ਕਰਦੇ ਆ ਰਹੇ ਹਨ। ਐਫ ਬੀ ਆਈ ਨੇ ਪਿਛਲੇ ਸਾਲ ਜੁਲਾਈ ਵਿਚ ਲਾਪਤਾ ਵਿਅਕਤੀਆਂ ਦੀ ਸੂਚੀ ਵਿਚ ਮੇਊਸ਼ੀ ਭਗਤ ਨੂੰ ਸ਼ਾਮਿਲ ਕੀਤਾ ਸੀ। ਜੁਲਾਈ 1994 ਵਿਚ ਜਨਮੀ ਭਗਤ 2016 ਵਿਚ ਐਫ 1 ਵਿਦਿਆਰਥੀ ਵੀਜੇ ਉਪਰ ਅਮਰੀਕਾ ਆਈ ਸੀ ਤੇ ਉਹ ਯੂਨੀਵਰਸਿਟੀ ਆਫ ਹੈਮਸ਼ਾਇਰ ਵਿਚ ਦਾਖਲ ਹੋਈ ਸੀ।

# ਅਮਰੀਕਾ ਦੇ ਮਿਨੇਸੋਟਾ ਰਾਜ ਨੇ ਆਪਣਾ ਨਵਾਂ ਝੰਡਾ ਤਿਆਰ ਕੀਤਾ

**ਸੈਕਰਾਮੈਂਟੋ, ਕੈਲੀਫੋਰਨੀਆ–** ਮਿਨੇਸੋਟਾ ਦੇ ਪੁਰਾਣੇ ਅਸਲ ਝੰਡੇ ਦੇ ਡਿਜ਼ਾਈਨ ਤੇ ਚਿਤਰਣ ਨੂੰ ਲੈ ਕੇ ਅਲੋਚਨਾ ਤੋਂ ਬਾਅਦ ਰਾਜ ਨੇ ਆਪਣਾ ਨਵਾਂ ਝੰਡਾ ਤਿਆਰ ਕੀਤਾ ਹੈ ਜਿਸ ਨੂੰ ਰਾਜ ਦੀਆਂ ਇਮਾਰਤਾਂ ਉਪਰ ਲਹਿਰਾਇਆ ਜਾਵੇਗਾ। ਸਟੇਟ ਰੀਡੀਜ਼ਾਈਨ ਕਮਿਸ਼ਨ ਨੇ ਕਿਹਾ ਹੈ ਕਿ ਨਵੇਂ ਝੰਡੇ ਵਿਚ ਮਿਨੇਸੋਟਾ ਦੇ ਗੂੜੇ ਨੀਲੇ ਅਕਾਰ ਉਪਰ ਚਿੱਟਾ ਉੱਤਰੀ ਤਾਰਾ ਹੈ ਤੇ ਝੰਡੇ ਦਾ ਹਲਕਾ ਨੀਲਾ ਰੰਗ ਰਾਜ ਦੇ ਪਾਣੀਆਂ ਦਾ ਪ੍ਰਤੀਕ ਹੈ।



ਮਿਨੇਸੋਟਾ ਦੇ ਚਿੱਤਰਕਾਰ ਐਂਡਰੀਊ ਪਰੇਕਰ ਜਿਸ ਨੇ ਨਵੇਂ ਝੰਡੇ ਦਾ ਡਿਜ਼ਾਈਨ ਤਿਆਰ ਕੀਤਾ ਹੈ, ਨੇ ਕਿਹਾ ਹੈ ਕਿ ਮੇਰੇ ਡਿਜ਼ਾਈਨ ਦੀ ਚੋਣ ਮੇਰੀ ਇਕ ਪ੍ਰਾਪਤੀ ਹੈ ਤੇ ਮੈ ਆਸ ਕਰਦਾ ਹਾਂ ਕਿ ਇਹ ਝੰਡਾ ਸਾਡਾ ਧਰਤੀ 'ਤੇ ਏਕਤਾ ਅਤੇ ਸਨਮਾਨ ਲੈ ਕੇ ਆਵੇਗਾ। ਮੈ ਆਪਣਾ ਰਹਿੰਦਾ ਜੀਵਨ ਇਸੇ ਸਨਮਾਨ ਨਾਲ ਜੀਵਾਂਗਾ।

# ਹੱਤਿਆ ਦੇ ਮਾਮਲੇ ਵਿੱਚ ਸਜ਼ਾ ਭੁਗਤ ਰਹੇ ਵਿਅਕਤੀ ਨੂੰ ਨਿਰਦੋਸ਼ ਕਰਾਰ ਦੇ ਕੇ ਸਾਢੇ 12 ਸਾਲ ਬਾਅਦ ਕੀਤਾ ਰਿਹਾਅ

**ਸੈਕਰਾਮੈਂਟੋ, ਕੈਲੀਫੋਰਨੀਆ –** ਅਮਰੀਕੀ ਸ਼ਹਿਰ ਸ਼ਿਕਾਗੋ (ਇਲੀਨੋਇਸ) ਦੇ ਇਕ 30 ਸਾਲਾ ਡਰੀਨ ਹੈਰਿਸ ਨਾਮੀ ਵਿਅਕਤੀ ਜੋ ਹੱਤਿਆ ਦੇ ਮਾਮਲੇ ਵਿਚ 76 ਸਾਲ ਸਜ਼ਾ ਭੁਗਤ ਰਿਹਾ ਸੀ, ਨੂੰ ਨਿਰਦੋਸ਼ ਕਰਾਰ ਦੇ ਕੇ ਕੁੱਕ ਕਾਊਂਟੀ ਜੇਲ ਵਿਚੋਂ ਰਿਹਾਅ ਕਰ ਦੇਣ ਦੀ ਖਬਰ ਹੈ। ਉਸ ਨੂੰ ਨਿਰੋਲ ਗਵਾਹਾਂ ਦੇ ਬਿਆਨਾਂ ਦੇ ਆਧਰ 'ਤੇ ਦੋਸ਼ੀ ਐਲਾਨਿਆ ਗਿਆ ਸੀ। ਹੈਰਿਸ ਦੇ ਵਕੀਲ ਲੌਰੇਨ ਮਾਈਰਸਕੋਗ ਮਿਊਲਰ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਉਹ 12 ਸਾਲ 6 ਮਹੀਨੇ ਸਜ਼ਾ ਕੱਟ ਚੁੱਕਾ ਹੈ ਤੇ ਬੀਤੇ ਮੰਗਲਵਾਰ ਉਸ ਵਿਰੁੱਧ ਆਇਦ ਸਾਰੇ ਦੋਸ਼ ਵਾਪਿਸ ਲੈ ਲਏ ਗਏ ਹਨ। ਅਪ੍ਰੈਲ 2014 ਵਿਚ ਹੈਰਿਸ ਨੂੰ ਜੂਨ 2011 ਵਿਚ ਰੋਨਡੇਲ ਮੂਰ ਨਾਮੀ ਵਿਅਕਤੀ ਦੀ ਹੱਤਿਆ ਕਰਨ ਤੇ ਸ਼ਿਕਾਗੋ ਦੇ ਇਕ ਗੈਸ ਸਟੇਸ਼ਨ 'ਤੇ ਮਕੈਨਿਕ ਕਿਊਇੰਸੀ ਵੋਲਰਡ ਦੀ ਹੱਤਿਆ ਦੀ ਕੋਸ਼ਿਸ਼ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਹੈਰਿਸ ਦੇ ਵਕੀਲ ਅਨੁਸਾਰ ਗ੍ਰਿਫਤਾਰੀ ਸਮੇ ਉਹ 18 ਸਾਲਾਂ ਦਾ ਸੀ ਤੇ ਇਕ ਹਫਤੇ ਬਾਅਦ ਹਾਈ ਸਕੂਲ ਤੋਂ ਉਸ ਦੀ ਗਰੈਜੂਏਸ਼ਨ ਮੁਕੰਮਲ ਹੋ ਜਾਣੀ ਸੀ।



# ਸੰਘੀ ਅਦਾਲਤ ਨੇ ਸੰਵੇਦਨਸ਼ੀਲ ਥਾਵਾਂ 'ਤੇ ਹਥਿਆਰ ਲਿਜਾਣ ਦੀ ਮਨਾਹੀ ਕਰਨ ਵਾਲੇ ਕੈਲੀਫੋਰਨੀਆ ਦੇ ਕਾਨੂੰਨ ਉਪਰ ਲਾਈ ਰੋਕ

**ਸੈਕਰਾਮੈਂਟੋ, ਕੈਲੀਫੋਰਨੀਆ –** ਇਕ ਸੰਘੀ ਜੱਜ ਨੇ ਕੈਲੀਫੋਰਨੀਆ ਦੇ ਇਕ ਕਾਨੂੰਨ ਦੇ ਕੁਝ ਹਿੱਸਿਆਂ ਉਪਰ ਰੋਕ ਲਾ ਦਿੱਤੀ ਹੈ ਜਿਸ ਤਹਿਤ ਪੂਜਾ ਸਥਾਨਾਂ, ਜਨਤਿਕ ਲਾਇਬਰੇਰੀਆਂ, ਖੇਡ ਸਥਾਨਾਂ ਤੇ ਚਿੜਿਆ ਘਰਾਂ ਸਮੇਤ ਹੋਰ ਸੰਵੇਦਨਸ਼ੀਲ ਥਾਵਾਂ 'ਤੇ ਹਥਿਆਰ ਲਿਜਾਣ ਦੀ ਮਨਾਹੀ ਕੀਤੀ ਗਈ ਹੈ।

ਅਟਰਾਨੀ ਜਨਰਲ ਰਾਬ ਬੋਨਟਾ ਨੇ ਕਿਹਾ ਹੈ ਕਿ ਅਦਾਲਤ ਦਾ ਫੈਸਲਾ ਗਲਤ ਹੈ ਤੇ ਉਹ ਇਸ ਫੈਸਲੇ ਵਿਰੁੱਧ ਅਪੀਲ ਦਾਇਰ ਕਰਨਗੇ। ਇਹ ਕਾਨੂੰਨ ਗੰਨ ਕੰਟਰੋਲ ਕਦਮਾਂ ਤਹਿਤ ਬਣਾਇਆ ਗਿਆ ਸੀ ਤੇ ਕੈਲਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਨੇ ਇਸ ਉਪਰ ਇਸ ਸਾਲ ਸਤੰਬਰ ਵਿਚ ਦਸਤਖਤ ਕੀਤੇ ਸਨ। ਇਹ ਕਾਨੂੰਨ ਉਨਾਂ ਲਾਇਸੰਸਧਾਰੀ ਲੋਕਾਂ ਉਪਰ ਲਾਗੂ ਹੁੰਦਾ ਹੈ ਜੋ ਲਕੋ ਕੇ ਹਥਿਆਰ ਲਿਜਾਂਦੇ ਹਨ।

ਯੂ ਐਸ ਡਿਸਟ੍ਰਿਕਟ ਜੱਜ ਕੋਰਮੈਕ ਕਾਰਨੀ ਨੇ ਮੁੱਢਲੇ ਤੌਰ 'ਤੇ ਜਾਰੀ ਆਦੇਸ਼ ਵਿਚ ਇਸ ਕਾਨੂੰਨ ਨੂੰ ਲਾਇਸੰਸਧਾਰੀ ਲੋਕਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ ਹੈ।

ਕੈਲੀਫੋਰਨੀਆ ਦੇ ਗਵਰਨਰ ਨੇ ਕਿਹਾ ਹੈ ਕਿ ਅਸੀਂ ਆਪਣੇ ਕਾਨੂੰਨ ਦੇ ਹੱਕ ਵਿਚ ਆਪਣੀ ਜਦੋਜਹਿਦ ਜਾਰੀ ਰਖਾਂਗੇ ਕਿਉਂਕ ਸਾਡੇ ਬੱਚਿਆਂ ਦੀਆਂ ਜਾਨਾਂ ਇਸ ਕਾਨੂੰਨ ਨਾਲ ਜੁੜੀਆਂ ਹੋਈਆਂ ਹਨ। ਗਵਰਨਰ ਨੇ ਬਿੱਲ ਉਪਰ ਦਸਤਖਤ ਕਰਨ ਸਮੇ ਕਿਹਾ ਸੀ ਕਿ ਪਿਛਲੇ 72 ਘੰਟਿਆਂ ਦੌਰਾਨ ਦੇਸ਼ ਭਰ ਵਿਚ ਗੰਨ ਹਿੰਸਾ ਵਿੱਚ 104 ਲੋਕ ਮਾਰੇ ਜਾ ਚੁੱਕੇ ਹਨ। ਇਸ ਲਈ ਅਜਿਹੇ ਕਾਨੂੰਨ ਸਾਡੀ ਲੋੜ ਬਣ ਗਈ ਹੈ।

*****

# ਸੋਨੇ ਦਾ ਲਾਲਚ ਦੇ ਕੇ 4 ਵਿਅਕਤੀਆਂ ਦੀ ਜੰਗਲ ਵਿਚ ਲਿਜਾ ਕੇ ਕੀਤੀ ਹੱਤਿਆ

**ਸੈਕਰਾਮੈਂਟੋ, ਕੈਲੀਫੋਰਨੀਆ –** ਅਮਰੀਕਾ ਦੇ ਵਾਸ਼ਿੰਗਟਨ ਰਾਜ ਦੇ ਇਕ ਵਿਅਕਤੀ ਵੱਲੋਂ 4 ਵਿਅਕਤੀਆਂ ਦੀ ਹੱਤਿਆ ਕਰਨ ਦੀ ਖਬਰ ਹੈ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਰਿਚਰਡ ਵਾਲਟਰ ਬਰਾਡਲੇ (40) ਨੇ ਕਥਿਤ ਤੌਰ 'ਤੇ ਪੀੜਤਾਂ ਨੂੰ ਜੰਗਲ ਵਿਚ ਦੱਬਿਆ ਸੋਨਾ ਦੇਣ ਦਾ ਲਾਲਚ ਦਿੱਤਾ ਤੇ ਜੰਗਲ ਵਿਚ ਲਿਜਾ ਕੇ ਉਨਾਂ ਦੀ ਹੱਤਿਆ ਕਰ ਦਿੱਤੀ। ਬਾਅਦ ਵਿਚ ਮ੍ਰਿਤਕਾਂ ਦੀਆਂ ਗੱਡੀਆਂ ਚੋਰੀ ਕਰਕੇ ਉਨਾਂ ਵਿਚ ਘੁੰਮਦਾ ਰਿਹਾ। ਬਰਾ-ਡਲੇ ਵਿਰੁੱਧ ਬਰਾਂਡੀ ਬਲੇਕ ਨਾਮੀ ਵਿਅਕਤੀ ਦੀ ਹੱਤਿਆ ਕਰਨ ਦੇ ਦੋਸ਼ ਮਈ 2021 ਵਿਚ ਆਇਦ ਕੀਤੇ ਗਏ ਸਨ। ਇਸ ਮਹੀਨੇ ਦੇ ਸ਼ੁਰੂ ਵਿਚ ਉਸ ਵਿਰੁੱਧ ਈਮਿਲੀਓ



ਰੌਲ ਮੈਟੂਰਿਨ ਨਾਮੀ ਵਿਅਕਤੀ ਦੀ ਹੱਤਿਆ ਕਰਨ ਦੇ ਦੋਸ਼ ਆਇਦ ਹੋਏ ਹਨ। ਸਰਕਾਰੀ ਵਕੀਲਾਂ ਅਨੁਸਾਰ ਬਰਾਡਲੇ ਵਿਰੁੱਧ ਮਾਈਕਲ ਗੋਮੈਨ ਤੇ ਵਾਂਸ ਲੇਕੀ ਨਾਮੀ ਵਿਅਕਤੀਆਂ ਦੀ ਮੌਤ ਦੇ ਮਾਮਲੇ ਵਿਚ ਵੀ ਹੱਤਿਆਵਾਂ ਦੇ ਦੋਸ਼ ਆਇਦ ਕੀਤੇ ਗਏ ਹਨ। ਕਿੰਗ ਕਾਊਂਟੀ ਦੇ ਸੀਨੀਅਰ ਡਿਪਟੀ ਪ੍ਰਾਸੀਕਿਊਟਿੰਗ ਅਟਾਰਨੀ ਥਾਮਸ ਸੀ ਓ ਬਾਨ ਅਨੁਸਾਰ ਬਰਾਡਲੇ ਨੇ ਸਾਰੀਆਂ ਹੱਤਿਆਵਾਂ ਇਕੋ ਸਕੀਮ ਤਹਿਤ ਕੀਤੀਆਂ। ਉਹ ਪੀੜਤਾਂ ਨੂੰ ਜੰਗਲ ਵਿਚ ਦੱਬਿਆ ਸੋਨਾ ਕੱਢਣ ਵਿਚ ਮੱਦਦ ਕਰਨ ਲਈ ਕਹਿਕੇ ਨਾਲ ਲੈ ਗਿਆ ਤੇ ਬਾਅਦ ਵਿਚ ਉਨਾਂ ਨੂੰ ਮਾਰ ਦਿੱਤਾ।

# ਅਮਰੀਕਾ ਵਿਚ ਵਾਲਮਾਰਟ ਆਪਣੇ ਸਟੋਰਾਂ 'ਤੇ ਭਾਰਤ ਵਿਚ ਬਣੇ ਬਾਈਸਾਈਕਲਾਂ ਦੀ ਕਰੇਗਾ ਵਿਕਰੀ

**ਸੈਕਰਾਮੈਂਟੋ, ਕੈਲੀਫੋਰਨੀਆ –** ਵਾਲਮਾਰਟ ਨੇ ਐਲਾਨ ਕੀਤਾ ਹੈ ਕਿ ਉਹ ਅਮਰੀਕਾ ਦੇ ਬਜਾਰ ਵਿਚ ਭਾਰਤ ਵਿਚ ਬਣੇ ਬਾਈਸਾਇਕਲਾਂ ਦੀ ਵਿਕਰੀ ਆਪਣੇ ਚੋਣਵੇਂ ਸਟੋਰਾਂ ਉਪਰ ਕਰੇਗਾ। ਇਹ ਪਹਿਲਾ ਭਾਰਤ ਵਿਚ ਤਿਆਰ ਬਾਈਸਾਈਕਲ ਹੋਵੇਗਾ ਜੋ ਅਮਰੀਕੀ ਸੜਕਾਂ ਉਪਰ ਦੌੜੇਗਾ। ਭਾਰਤੀ ਕੰਪਨੀ ਹੀਰੋ ਈਕੋਟੈਕ ਵੱਲੋਂ ਇਸ ਬਾਈਸਾਇਕਲ ਨੂੰ 'ਕਰੂਜ਼ਰ ਸਟਾਈਲ' ਬਣਾਇਆ ਗਿਆ ਹੈ ਤੇ ਇਹ ਸਾਈਕਲ ਬਾਲਗ ਮਰਦਾਂ ਤੇ ਔਰਤਾਂ ਦੋਨਾਂ ਵਾਸਤੇ ਉਪਲਬੱਧ ਹੋਵੇਗਾ। ਇਸ



ਸਾਈਕਲ ਨੂੰ 90% ਭਾਰਤੀ ਹਿੱਸੇ ਪੁਰਜਿਆਂ ਨਾਲ ਤਿਆਰ ਕੀਤਾ ਗਿਆ ਹੈ।

ਕਾਰਜਕਾਰੀ ਉੱਪ ਪ੍ਰਧਾਨ ਸੋਰਸਿੰਗ ਵਾਲਮਾਰਟ ਆਂਦਰੀਆ ਅਲਬਰਾਈਟ ਨੇ ਕਿਹਾ ਹੈ ਕਿ ਭਾਰਤ ਬਾਈ ਸਾਈਕਲਾਂ ਦੀ ਵਧੀ ਮੰਗ ਦੀ ਪੂਰਤੀ ਲਈ ਚੰਗੀ ਸਥਿੱਤੀ ਵਿਚ ਹੈ ਤੇ ਅਸੀਂ ਆਪਣੇ ਭਾਈਵਾਲ ਹੀਰੋ ਈਕੋਟੈਕ ਨਾਲ ਕੰਮ ਕਰਨ ਵਾਸਤੇ ਉਤਸ਼ਾਹਿਤ ਹਾਂ। ਅਮਰੀਕਾ ਵਿਚਲੇ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਇਕ ਹਲਕੇ ਨੀਲੇ ਰੰਗ ਦੇ ਇਸ ਬਾਈ ਸਾਈਕਲ ਨਾਲ ਇਕ ਤਸਵੀਰ ਵੀ ਸਾਂਝੀ ਕੀਤੀ ਹੈ।

# ਡਾਕਟਰ ਬੀ ਆਰ ਅੰਬੇਡਕਰ ਐਜੂਕੇਸ਼ਨਲ ਸੋਸਾਇਟੀ ਵਲੋਂ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਨਾਲ ਮਿਲਕੇ ਸਮਾਜਿਕ ਜਾਗਰੂਕਤਾ ਕੈਂਪ ਲਗਾਇਆ ਗਿਆ

ਡਾਕਟਰ ਬੀ ਆਰ ਅੰਬੇਡਕਰ ਐਜੂਕੇਸ਼ਨਲ ਸੋਸਾਇਟੀ ਹਿਮਾਚਲ ਪ੍ਰਦੇਸ਼ ਵਲੋਂ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਨਾਲ ਮਿਲਕੇ ਪਿੰਡ ਰਾਏਪੁਰ ਸਹੋੜਾ ਦੇ ਐਜੂਕੇਸ਼ਨ ਸੈਂਟਰ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾਇਆ ਗਿਆ। ਇਸ ਮੌਕੇ ਚੇਅਰਮੈਨ ਸਤੀਸ਼ ਮੱਲੀ ਦੀ ਅਗਵਾਈ ਵਿੱਚ ਸਮਾਜਿਕ ਜਾਗਰੁਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਐਸ ਪੀ ਊਨਾ ਅਰਜਿਤ ਸੈਨ ਠਾਕੁਰ ਮੁੱਖ ਮਹਿਮਾਨ ਦੇ ਤੋਰ ਤੇ ਸਾਮਿਲ ਹੋਏ। ਇਸ ਪ੍ਰੋਗਰਾਮ ਵਿੱਚ ਮਹਿਤਪੁਰ ਦੇ ਪੁਲਿਸ ਇੰਚਾਰਜ ਮਨੋਜ ਕੌਂਡਲ, ਮਿਸ਼ਨ ਪੇਅ ਬੈਕ ਟੂ ਸੋਸਾਇਟੀ ਆਗੂ ਡਾਕਟਰ ਜੇ ਐਸ ਕਹਿਲ ਨੰਗਲ, ਡਾਕਟਰ ਹਰਪ੍ਰੀਤ ਕੌਰ ਕਹਿਲ, ਡਾਕਟਰ ਬੀ ਆਰ ਅੰਬੇਡਕਰ ਨੌਜਵਾਨ ਸਭਾ ਮਾਣਕਪੁਰ ਦੇ ਆਗੂ ਤੇਜ ਕੁਮਾਰ, ਸਰਪੰਚ ਗਿਆਨ ਚੰਦ ਮਾਣਕਪੁਰ, ਰਾਮ ਕ੍ਰਿਸ਼ਨ, ਪੰਚਾਇਤ ਪ੍ਰਧਾਨ ਰੋਹਿਤ, ਉੱਪ ਪ੍ਰਧਾਨ ਹਰਜੀਤ ਸਿੰਘ, ਰਵੀ ਕਾਂਤ ਬਸੀ, ਪ੍ਰਧਾਨ ਹੇਮ ਰਾਜ, ਪੰਚ ਬਲਬੰਤ ਕੁਮਾਰ, ਅੱਛਰ ਸਿੰਘ, ਮੁਕੇਸ਼ ਸਹਿਗਲ, ਪਵਨ ਕੁਮਾਰ, ਰਾਜ ਕੁਮਾਰ, ਜਰਨੈਲ ਬੈਂਸ, ਮੈਡਮ ਕੰਚਨ, ਮੈਡਮ ਪੂਨਮ, ਜੋਤੀ, ਰਜਨੀ ਬਾਲਾ, ਨੀਤਾ, ਸਕੱਤਰ ਦੀਪਕ, ਕੈਸ਼ੀਅਰ ਦਰਸ਼ਨ ਗੋਜਰਾ, ਬਿੱਟੂ, ਲਕਸ਼ਮੀ ਨਰਾਇਣ, ਸੁਭਾਸ਼ ਮੱਲੀ, ਰਾਮ ਦਾਸ, ਰੋਸ਼ਨ ਲਾਲ, ਵਿਦਿਆਰਥੀ ਮਧੂ, ਗੁਰਪ੍ਰੀਤ, ਕਮਲ, ਸ਼ਿਵ, ਕਰਨ, ਮਨਤ, ਅਭੀਜੀਤ, ਰਿਤੇਸ਼, ਕਿਰਨ, ਜਸ਼ਨ, ਮਹਿਕ, ਸਾਹਿਲ, ਰਾਜਨ, ਵਿਸ਼ਾਲ, ਪ੍ਰਿੰਸ, ਨੀਰਜ਼, ਤਰੁਣ, ਹਰਸ਼, ਆਦਿ ਹਾਜਰ ਸਨ। ਇਸ ਮੌਕੇ ਐਸ ਪੀ ਊਨਾ ਅਰਜਿਤ ਸੈਨ ਠਾਕੁਰ ਨੇ ਕਿਹਾ ਕਿ ਸਿੱਖਿਆ ਦਾ ਜੀਵਨ ਵਿੱਚ ਬਹੁਤ ਮਹੱਤਵ ਹੈ ਅਤੇ ਸਾਨੂੰ ਅਪਣੀਆਂ ਬਾਕੀ ਇਛਾਵਾਂ ਨੂੰ ਘਟਾਕੇ ਅਪਣੇ ਬੱਚਿਆਂ ਦੀ ਪੜ੍ਹਾਈ ਵੱਲ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਮਾਜ ਦੇ ਰਹਿਵਰਾਂ ਨੇ ਵੀ ਸਿੱਖਿਆ ਤੇ ਹੀ ਜੋਰ ਦਿਤਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਫੈਲਾਅ ਨਾਲ ਹੀ ਅਸੀਂ ਸਮਾਜਿਕ ਸਮੱਸਿਆਵਾਂ ਅਤੇ ਕੁਰੀਤੀਆਂ ਤੇ ਕਾਬੂ ਪਾ ਸਕਦੇ ਹਾਂ। ਉਨ੍ਹਾਂ ਕਿਹਾ ਕਿ ਪੁਲਿਸ ਅਤੇ ਸਰਕਾਰ ਲੋਕਾਂ ਦੇ ਸਹਿਯੋਗ ਨਾਲ ਹੀ ਸਮਾਜਿਕ ਬੁਰਾਈਆਂ ਅਤੇ ਅਪਰਾਧਾਂ ਤੇ ਕਾਬੂ ਪਾ ਸਕਦੀ ਹੈ। ਇਸ ਮੌਕੇ ਚੇਅਰਮੈਨ ਸਤੀਸ਼ ਮੱਲੀ ਨੇ ਕਿਹਾ ਕਿ ਸੋਸਾਇਟੀ ਦਾ ਮੁੱਖ ਉਦੇਸ਼ ਸਿੱਖਿਆ ਦੁਆਰਾ ਸਮਾਜਿਕ ਬੁਰਾਈਆਂ ਨੂੰ ਖਤਮ ਕਰਨਾ ਹੈ ਅਤੇ ਵਿਕਸਿਤ ਸਮਾਜ ਅਤੇ ਦੇਸ਼ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਰਾਏਪੁਰ ਸਹੋੜਾਂ ਵਿੱਚ ਸਫਲਤਾਪੂਰਬਕ ਚਲਾਏ ਜਾ ਰਹੇ ਸੈਂਟਰ ਤੋਂ ਬਾਦ ਜਲਦੀ ਹੀ ਹੋਰ ਥਾਵਾਂ ਤੇ ਐਜੂਕੇਸ਼ਨ ਸੈਂਟਰ ਸ਼ੁਰੂ ਕੀਤੇ ਜਾ ਰਹੇ ਹਨ। ਇਸ ਮੌਕੇ ਐਡਵੋਕੇਟ ਨਰੇਸ਼ ਕੁਮਾਰ, ਐਡਵੋਕੇਟ ਕੁਲਦੀਪ ਚੰਦ ਦੋਭੇਟਾ, ਤਰਸੇਮ ਸਹੋਤਾ ਆਦਿ ਨੇ ਵੀ ਬੱਚਿਆਂ ਨੂੰ ਸਿੱਖਿਆ ਦੇ ਮਹੱਤਵ ਬਾਰੇ ਜਾਣਕਾਰੀ ਦਿਤੀ। ਇਸ ਮੌਕੇ ਬੱਚਿਆਂ ਨੇ ਸਿੱਖਿਆ ਦੇ ਮਹੱਤਵ ਸਬੰਧੀ ਨਾਟਕ ਅਤੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ। ਇਸ ਮੌਕੇ ਵੱਖ ਵੱਖ ਪ੍ਰਤੀਯੋਗਤਾਵਾਂ ਵਿੱਚ ਭਾਗ ਲੈਣ ਅਤੇ ਅੱਵਲ ਰਹਿਣ ਵਾਲੇ ਬੱਚਿਆਂ ਨੂੰ ਡਾਕਟਰ ਬੀ ਆਰ ਅੰਬੇਡਕਰ ਐਜੂਕੇਸ਼ਨਲ ਸੋਸਾਇਟੀ ਹਿਮਾਚਲ ਪ੍ਰਦੇਸ਼ ਵਲੋਂ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਨਾਲ ਮਿਲਕੇ ਮੁੱਖ ਮਹਿਮਾਨ ਐਸ ਪੀ ਊਨਾ ਅਰਜਿਤ ਸੈਨ ਠਾਕੁਰ ਦੀ ਅਗਵਾਈ ਵਿੱਚ ਸਨਮਾਨਿਤ ਕੀਤਾ ਗਿਆ।



**ਕੁਲਦੀਪ ਚੰਦ 9417563054**

# ਦੇਸ਼ ਭਗਤ ਰੇਡੀਓ 107.8 FM 'ਤੇ ਮੁਹੰਮਦ ਰਫੀ ਦਾ ਜਨਮ ਦਿਨ ਮਨਾਇਆ

**ਚੰਡੀਗੜ (ਅਵਤਾਰ ਸਿੰਘ ਭੰਵਰਾ)–** ਦੇਸ਼ ਭਗਤ ਰੇਡੀਓ 107।8 ਐਫ ਐਮ ਵੱਲੋਂ ਮਰਹੂਮ ਮੁਹੰਮਦ ਰਫੀ ਦਾ ਜਨਮ ਦਿਨ ਸਟੂਡੀਓ ਵਿੱਚ ਮਨਾਇਆ ਗਿਆ। ਇਸ ਵਿੱਚ ਚੰਡੀਗੜ੍ਹ ਬਾਲੀਵੁੱਡ ਫਾਸਿਲਿਟੇਸ਼ਨ ਸੈੱਲ ਦੇ ਬਾਨੀ ਵਿਮਲ ਤ੍ਰਿਖਾ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਸੀਨੀਅਰ ਅਸਿਸਟੈਂਟ ਅਤੇ ਮੁਹੰਮਦ ਰਫੀ ਦੇ ਪ੍ਰਸ਼ੰਸਕ ਜਸਪਾਲ ਸਿੰਘ ਅਤੇ ਐਨ ਟੀ ਸੀ ਦੇ ਟੈਕਸਟਾਈਲ ਇੰਜੀਨੀਅਰ ਅਤੇ ਰਫੀ ਦੇ ਗੀਤਾਂ ਨੂੰ ਪਿਆਰ ਕਰਨ ਵਾਲੇ ਰਾਮ ਆਨੰਦ ਨੇ ਭਾਗ ਲਿਆ। ਸਭ ਤੋਂ ਪਹਿਲਾਂ ਦੇਸ਼ ਭਗਤ ਰੇਡੀਓ ਦੀ ਸਟੇਸ਼ਨ ਹੈੱਡ ਤੇ ਆਰ ਜੇ ਸ਼੍ਰੀਮਤੀ ਸੰਗਮਿਤ੍ਰਾ ਅਤੇ ਆਰ ਜੇ ਡਾ। ਤੇਜਿੰਦਰ ਕੌਰ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਦੇਸ਼ ਭਗਤ ਰੇਡੀਓ ਦੀ ਸਟੇਸ਼ਨ ਹੈੱਡ ਅਤੇ ਆਰ ਜੇ ਸ਼੍ਰੀਮਤੀ ਸੰਗਮਿਤ੍ਰਾ ਨੇ ਦੱਸਿਆ ਕਿ ਦੇਸ਼ ਭਗਤ ਰੇਡੀਓ ਹਰ ਸਾਲ ਰਫੀ ਜੀ ਦਾ ਜਨਮ ਉਨ੍ਹਾਂ ਦੇ ਗੀਤਾਂ ਨੂੰ ਪਿਆਰ ਕਰਨ ਵਾਲਿਆਂ ਨਾਲ ਵਿਚਾਰ ਸਾਂਝਾ ਕਰਕੇ ਮਨਾਇਆ ਜਾਂਦਾ ਹੈ। ਉਨ੍ਹਾਂ ਰਫੀ ਦੇ ਜੀਵਨ ਉਪਰ ਚਾਨਣਾ ਪਾਉਂਦਿਆਂ ਦੱਸਿਆ ਕਿ ਮੁਹੰਮਦ ਰਫ਼ੀ ਦਾ ਜਨਮ 24 ਦਸੰਬਰ 1924 ਨੂੰ ਹੋਇਆ। ਉਹ ਇੱਕ ਭਾਰਤੀ ਪਿੱਠਵਰਤੀ ਗਾਇਕ ਅਤੇ ਹਿੰਦੀ ਫਿਲਮ ਉਦਯੋਗ ਦੇ ਪ੍ਰਸਿੱਧ ਗਾਇਕ ਸਨ। ਰਫ਼ੀ ਆਪਣੇ ਅਲੱਗ-ਅਲੱਗ ਦੇ ਗਾਣਿਆਂ ਦੇ ਅੰਦਾਜ਼ ਵਾਸਤੇ ਜਾਣੇ ਜਾਂਦੇ ਸੀ, ਉਹਨਾਂ ਨੇ ਸ਼ਾਸਤਰੀ ਗੀਤਾਂ ਤੋਂ ਲੈ ਕੇ ਦੇਸ਼ ਭਗਤੀ ਦੇ ਗੀਤ, ਉਦਾਸ ਵਿਰਲਾਪ ਤੋਂ ਲੈ ਕੇ ਰੁਮਾਂਸਵਾਦੀ ਗੀਤ, ਗ਼ਜ਼ਲ, ਭਜਨ ਅਤੇ ਕੱਵਾਲੀ ਤੱਕ ਹੱਦਬੰਦੀ ਕੀਤੀ ਸੀ। ਉਹਨਾਂ ਨੂੰ ਫਿਲਮ ਦੇ ਅਦਾਕਾਰਾਂ ਦੀ ਆਵਾਜ਼ ਨਾਲ ਮਿਲਦੀ ਆਵਾਜ਼ ਵਿੱਚ ਗਾਉਣ ਦੀ ਵਿਲਖਣ ਯੋਗਤਾ ਕਰਕੇ ਜਾਣਿਆ ਜਾਂਦਾ ਸੀ। 1950 ਅਤੇ 1970 ਦੇ ਵਿਚਕਾਰ, ਰਫ਼ੀ ਹਿੰਦੀ ਫਿਲਮ ਉਦਯੋਗ ਵਿੱਚ ਸਭ ਤੋ ਵੱਧ ਮੰਗ ਵਾਲੇ ਗਾਇਕ ਸਨ। ਉਹਨਾਂ ਨੇ ਛੇ ਫਿਲਮਫੇਅਰ ਐਵਾਰਡ ਅਤੇ ਇੱਕ ਨੈਸ਼ਨਲ ਫਿਲਮ ਐਵਾਰਡ ਪ੍ਰਾਪਤ ਕੀਤਾ ਸੀ। 1967 ਵਿੱਚ, ਉਸ ਨੂੰ ਭਾਰਤ ਸਰਕਾਰ ਦੁਆਰਾ ਪਦਮ-ਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਮੁਹੰਮਦ ਰਫ਼ੀ ਆਮ ਤੌਰ 'ਤੇ ਹਿੰਦੀ ਵਿੱਚ ਗਾਣੇ ਗਾਉਣ ਵਾਸਤੇ ਜਾਣੇ ਜਾਂਦੇ ਸੀ, ਜਿਸ ਉਪਰ ਉਹਨਾਂ ਨੂੰ ਬਹੁਤ ਮੁਹਾਰਤ ਸੀ। ਉਹਨਾਂ ਨੇ ਕਈ ਭਾਸ਼ਾਵਾਂ ਵਿੱਚ ਗਾਣੇ ਗਾਏ ਜਿਸ ਵਿੱਚ ਆਸਾਮੀ, ਕੋਂਕਣੀ, ਭੋਜਪੁਰੀ, ਉੜੀਆ, ਪੰਜਾਬੀ, ਬੰਗਾਲੀ, ਮਰਾਠੀ, ਸਿੰਧੀ, ਕੰਨੜ, ਗੁਜਰਾਤੀ, ਤੇਲਗੂ, ਮਗਾਹੀ, ਮੈਥਲੀ ਅਤੇ ਉਰਦੂ ਸ਼ਾਮਿਲ ਹਨ। ਭਾਰਤੀ ਭਾਸ਼ਵਾਂ ਤੋਂ ਇਲਾਵਾ ਉਹਨਾਂ ਨੇ ਅੰਗਰੇਜ਼ੀ, ਫਾਰਸੀ, ਅਰਬੀ, ਹੈਤੀਆਈ ਅਤੇ ਡੱਚ ਭਾਸ਼ਾਵਾਂ ਵਿੱਚ ਵੀ ਗਾਣੇ ਗਾਏ ਸਨ। ਦੇਸ਼ ਭਗਤ ਰੇਡੀਓ ਦੀ ਸਟੇਸ਼ਨ ਹੈੱਡ ਤੇ ਆਰ ਜੇ ਸ਼੍ਰੀਮਤੀ ਸੰਗਮਿਤ੍ਰਾ ਨੇ ਦੱਸਿਆ ਕਿ ਦੇਸ਼ ਭਗਤ ਰੇਡੀਓ 107।8 ਐਫ ਐਮ ਵਲੋਂ ਮੁਹੰਮਦ ਰਫੀ ਬਾਰੇ ਪ੍ਰਸਾਰਿਤ ਕੀਤੇ ਜਾਂਦੇ ਪ੍ਰੋਗਰਾਮ ਟ੍ਰਾਈਸਿਟੀ ਦੇ ਵੱਡੀ ਗਿਣਤੀ ਵਿੱਚ ਸਰੋਤੇ ਪਿਆਰ ਨਾਲ ਸੁਣਦੇ ਹਨ।




# ਅੰਬੇਡਕਰ ਭਵਨ ਟਰੱਸਟ ਦੀ ਨਵੀਂ ਬਾਡੀ ਦੀ ਹੋਈ ਚੋਣ, ਸੋਹਨ ਲਾਲ ਬਣੇ ਟਰੱਸਟ ਦੇ ਚੇਅਰਮੈਨ








**ਜਲੰਧਰ–** ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਅੰਬੇਡਕਰ ਭਵਨ ਟਰੱਸਟ (ਰਜਿ) ਦੀ ਜਨਰਲ ਬੌਡੀ ਮੀਟਿੰਗ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਸ਼੍ਰੀ ਸੋਹਨ ਲਾਲ ਜੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸਰਬਸ਼੍ਰੀ ਡਾ. ਜੀਸੀ ਕੌਲ, ਡਾ. ਸੁਰਿੰਦਰ ਅਜਨਾਤ, ਡਾ. ਰਾਹੁਲ ਐਮ. ਐਸ., ਬਲਦੇਵ ਰਾਜ ਭਾਰਦਵਾਜ, ਡਾ. ਰਾਹੁਲ ਕੁਮਾਰ ਬਾਲੀ, ਹਰਮੇਸ਼ ਜਸਲ ਅਤੇ ਚਰਨ ਦਾਸ ਸੰਧੂ ਨੇ ਭਾਗ ਲਿਆ। ਮੀਟਿੰਗ ਵਿਚ ਟਰੱਸਟ ਦੀਆਂ ਗਤੀਵਿਧੀਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਅੰਬੇਡਕਰ ਭਵਨ ਟਰੱਸਟ ਦੀ ਨਵੀਂ ਬੌਡੀ ਦੀ ਚੋਣ ਕੀਤੀ ਗਈ, ਜਿਸ ਵਿੱਚ ਨਵੇਂ ਅਹੁਦੇਦਾਰ ਸਰਬਸੰਮਤੀ ਨਾਲ ਚੁਣੇ ਗਏ। ਸ਼੍ਰੀ ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ) ਨੂੰ ਟਰੱਸਟ ਦਾ ਚੇਅਰਮੈਨ ਚੁਣਿਆ ਗਿਆ। ਡਾ. ਸੁਰਿੰਦਰ ਅਜਨਾਤ ਐਮ.ਏ. ਪੀਐਚ.ਡੀ.- ਵਾਈਸ ਚੇਅਰਮੈਨ, ਡਾ. ਜੀਸੀ ਕੌਲ- ਜਨਰਲ ਸਕੱਤਰ, ਬਲਦੇਵ ਰਾਜ ਭਾਰਦਵਾਜ-ਵਿੱਤ ਸਕੱਤਰ, ਚਰਨ ਦਾਸ ਸੰਧੂ ਨੂੰ ਜੁਆਇੰਟ ਸੈਕਟਰੀ ਅਤੇ ਹਰਮੇਸ਼ ਜਸਲ-ਆਡੀਟਰ, ਸਰਬ ਸੰਮਤੀ ਨਾਲ ਚੁਣੇ ਗਏ। ਇਸ ਦੇ ਨਾਲ ਹੀ ਬਲਦੇਵ ਰਾਜ ਭਾਰਦਵਾਜ ਨੂੰ ਪ੍ਰੈਸ ਸਕੱਤਰ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਭਾਰਦਵਾਜ ਨੇ ਕਿਹਾ ਕਿ 27 ਅਕਤੂਬਰ 1951 ਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜਲੰਧਰ ਵਿਖੇ ਇਸ ਜਗ੍ਹਾ ਤੇ ਆਏ ਸਨ ਅਤੇ ਉਹਨਾਂ ਨੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ। ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀ ਵਿਰਾਸਤ ਨੂੰ ਕਾਇਮ ਕਰਨ ਲਈ ਪ੍ਰਸਿੱਧ ਅੰਬੇਡਕਰਵਾਦੀ ਅਤੇ ਭੀਮ ਪੱਤਰਿਕਾ ਦੇ ਸੰਪਾਦਕ ਸ੍ਰੀ ਲਾਹੌਰੀ ਰਾਮ ਬਾਲੀ ਨੇ ਸੇਠ ਕਰਮ ਚੰਦ ਬਾਠ ਦੇ ਸਹਿਯੋਗ ਨਾਲ ਇੱਕ-ਇੱਕ ਰੁਪਈਆ ਇਕੱਠਾ ਕਰਕੇ ਇਹ ਜਮੀਨ, ਜਿਸ ਤੇ ਬਾਬਾ ਸਾਹਿਬ ਨੇ 1951 ਵਿੱਚ ਭਾਸ਼ਣ ਕੀਤਾ ਸੀ, 'ਅੰਬੇਡਕਰ ਭਵਨ' ਦੇ ਨਾਮ ਤੇ ਖਰੀਦੀ। ਇਸ ਦੀ ਸਾਂਭ-ਸੰਭਾਲ ਅਤੇ ਵਿਕਾਸ ਕਰਨ ਵਾਸਤੇ ਬਾਲੀ ਸਾਹਿਬ ਨੇ 1972 ਵਿੱਚ ਇੱਕ ਟਰੱਸਟ ਬਣਾ ਕੇ 'ਅੰਬੇਡਕਰ ਭਵਨ ਟਰੱਸਟ' ਦੀ ਸਥਾਪਨਾ ਕੀਤੀ। ਉਨ੍ਹਾਂ ਦੀ ਰਹਿਨੁਮਾਈ ਹੇਠ 'ਅੰਬੇਡਕਰ ਭਵਨ ਟਰੱਸਟ' ਨੇ ਅੰਬੇਡਕਰ ਮਿਸ਼ਨ ਦੇ ਪ੍ਰਚਾਰ-ਪ੍ਰਸਾਰ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਭਾਰਦਵਾਜ ਨੇ ਅੱਗੇ ਕਿਹਾ ਕਿ ਟਰੱਸਟ ਦੀ ਨਵੀਂ ਟੀਮ ਨੇ ਅੰਬੇਡਕਰ ਮਿਸ਼ਨ ਦੇ ਪ੍ਰਚਾਰ-ਪ੍ਰਸਾਰ ਲਈ ਤਨ-ਮਨ-ਧਨ ਨਾਲ ਸੇਵਾ ਕਰਨ ਦਾ ਸੰਕਲਪ ਲਿਆ।


"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। –ਸੰਪਾਦਕ



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


# ਸਵਾਲ ਪੁੱਛ ਕੇ ਬੜਾ ਪਛਤਾਇਆ ਮੈਂ!



ਸਾਡੇ ਸਮਾਜ ਵਿੱਚ ਪੰਜ ਸਿੱਖਾਂ ਨੂੰ ਪ੍ਰਸ਼ਾਦਾ ਛਕਾਉਣ ਦੀ ਰਵਾਇਤ ਆਮ ਹੈ। ਇੱਕ ਵਾਰ ਮੈਂ ਵੀ ਪੰਜ ਸਿੱਖਾਂ ਵਿੱਚ ਸ਼ਾਮਲ ਹੋ ਕੇ ਕੜਾਹ ਖੀਰ ਛਕਣ ਲਈ ਚੌਂਕੜਾ ਮਾਰੀ ਬੈਠਾ ਸਾਂ।ਸੰਯੋਗ ਵੱਸ ਬਾਕੀ ਦੇ ਚਾਰ ਬਜ਼ੁਰਗ ਸਨ ਤੇ ਹਲਕੀ ਉਮਰ ਦਾ ਇਕੱਲਾ ਮੈਂ ਹੀ ਸਾਂ।

ਰਸੋਈ ਵਿੱਚੋਂ ਥਾਲ਼ ਪ੍ਰੋਸ ਪ੍ਰੋਸ ਕੇ 'ਕੱਲੇ 'ਕੱਲੇ ਸਿੱਖ ਮੋਹਰੇ ਰੱਖੇ ਜਾ ਰਹੇ ਸਨ। ਥਾਲ਼ ਵਿੱਚ ਸਜੀਆਂ ਹੋਈਆਂ ਕਈ ਕੌਲੀਆਂ ਵਿੱਚ ਮਹਾਂ ਦੀ ਦਾਲ਼, ਮਟਰ-ਪਨੀਰ ਅਤੇ ਖੀਰ ਕੜਾਹ ਪਾਏ ਹੋਏ ਸਨ। ਮੇਰੇ ਨਾਲ ਬੈਠੇ ਬਜ਼ੁਰਗ ਨੇ ਆਪਣੇ ਥਾਲ਼ ਵਿੱਚੋਂ ਰੱਖੀਆਂ ਹੋਈਆਂ ਦੋਏ ਚੋਪੜੀਆਂ ਰੋਟੀਆਂ ਚੁੱਕ ਕੇ ਸੇਵਾਦਾਰ ਨੂੰ ਫੜਾਉਂਦਿਆਂ ਕਿਹਾ ਕਿ ਮੇਰੇ ਲਈ ਸੁੱਕੇ (ਅਣਚੋਪੜੇ) ਪ੍ਰਸ਼ਾਦੇ ਲਿਆ ਬਈ!

ਮੈਂ ਹੌਲ਼ੀ ਦੇਣੀ ਉਹਨੂੰ ਪੁੱਛਿਆ ਕਿ ਚੋਪੜੀ ਤੇ ਅਣਚੋਪੜੀ ਰੋਟੀ ਖਾਣ ਦਾ ਕੀ ਫਰਕ ਹੈ? ਮੇਰੇ ਮੋਹਰੇ ਹਾਲੇ ਪ੍ਰੋਸਿਆ ਥਾਲ਼ ਆਇਆ ਨਹੀਂ ਸੀ।ਉਹ ਕਹਿੰਦਾ-'ਕਾਕਾ ਤੈਨੂੰ ਦੱਸਦਾ ਹਾਂ।'

ਜਦ ਸੇਵਾਦਾਰ ਨੇ ਮੇਰੇ ਮੋਹਰੇ ਵੀ ਥਾਲ਼ ਲਿਆ ਰੱਖਿਆ ਤਾਂ ਸੁੱਕੇ ਪ੍ਰਸ਼ਾਦੇ ਮੰਗਾਉਣ ਵਾਲ਼ੇ ਬਜ਼ੁਰਗ ਨੇ ਆਪਣੇ ਥਾਲ਼ 'ਚ ਪਈ ਸੁੱਕੀ ਰੋਟੀ ਦੀ ਇੱਕ ਬੁਰਕੀ ਤੋੜ ਕੇ ਮੇਰੇ ਥਾਲ਼ ਵਿਚਲੀ ਮਟਰ-ਪਨੀਰ ਦੀ ਸਬਜ਼ੀ ਵਾ਼ਲੀ ਕੌਲੀ ਵਿੱਚ ਡੋਬ ਦਿੱਤੀ ! ਨਾ਼ਲੇ ਕਹਿੰਦਾ-ਦੇਖਿਆ, ਸੁੱਕੀ ਰੋਟੀ ਕਿੱਦਾਂ ਭਿੱਜ ਗਈ ਸਬਜ਼ੀ ਵਿੱਚ! ਏਦਾਂ ਚੋਪੜੀ ਰੋਟੀ ਨੀ ਗ਼ਲਦੀ ਹੁੰਦੀ ਕਾਕਾ!

ਬੁਰਕੀ ਡੋਬ ਕੇ ਜਦ ਉਸਨੇ ਮੇਰੀ ਕੌਲੀ 'ਚੋਂ ਆਪਣੀਆਂ ਦੋ ਉਂਗ਼ਲੀਆਂ ਤੇ ਅੰਗੂਠਾ 'ਤਾਂਹ ਕੱਢੇ ਤਾਂ ਮੈ਼ਲ ਨਾਲ ਭਰੇ ਪਏ ਉਹਦੇ ਕਿੱਡੇ ਕਿੱਡੇ ਨੌਂਹ ਦੇਖ ਕੇ ਮੈਨੂੰ ਬੜੀ ਕਚ੍ਹੀਲ ਜਿਹੀ ਆਈ! ਜੀਅ ਕੱਚਾ ਕੱਚਾ ਹੋਣ ਲੱਗ ਪਿਆ ਮੇਰਾ!

ਉੱਧਰ ਪ੍ਰਸ਼ਾਦੇ ਛਕਣ ਲਈ ਇੱਕ ਸਿੱਖ ਨੇ ਅਰੰਭਕ ਅਰਦਾਸ ਕੀਤੀ ਤੇ ਇੱਧਰ ਮੈਂ ਸੋਚੀਂ ਪੈ ਗਿਆ ਕਿ ਮਟਰ-ਪਨੀਰ ਖਾਵਾਂ ਕਿ ਛੱਡਾਂ! ਜੇ ਛੱਡਾਂ ਤਾਂ ਕਿਵੇਂ ਛੱਡਾਂ?

ਉਸ ਵੇਲੇ ਅਚਨਚੇਤ ਮੈਨੂੰ ਇੱਕ ਜੁਗਤਿ ਫੁਰ ਗਈ! ਮਟਰ-ਪਨੀਰ ਵਾ਼ਲੀ ਕੌਲੀ ਵਿੱਚ ਘਿਉ ਤਰਦਾ ਦੇਖ ਕੇ ਮੈਂ ਉਹ ਥਾਲ ਵਿੱਚੋਂ ਚੁੱਕੀ ਤੇ ਵਰਤਾਵੇ ਸੇਵਾਦਾਰ ਨੂੰ ਝੂਠ ਮਾਰਿਆ ਕਿ ਮੈਨੂੰ ਖੰਘ ਹੋਈ ਹੋਈ ਐ ਇਸ ਕਰਕੇ ਮੈਂ ਇਹ ਸਬਜ਼ੀ ਨਹੀਂ ਖਾਣੀ!

ਭਰੇ ਦਿਲ ਨਾਲ ਆਪਣੀ ਉਹ ਮਨਪਸੰਦ ਸਬਜ਼ੀ ਮੋੜਦਿਆਂ ਮਨ ਹੀ ਮਨ ਪਛਤਾ ਰਿਹਾ ਸਾਂ ਮੈਂ ਕਿ ਐਂਵੇਂ ਈ ਸਵਾਲ ਪੁੱਛਿਆ ਬਾਪੂ ਨੂੰ !

**–ਤਰਲੋਚਨ ਸਿੰਘ ਦੁਪਾਲ ਪੁਰ**
**78146–92724**

# ਕ੍ਰਿਸ਼ਨ ਹੀਉਂ ਦੇ ਨਵੇਂ ਰੋਮੈਂਟਿਕ ਗੀਤ ਦਾ ਵੀਡੀਓ ਸ਼ੂਟਿੰਗ ਹੋਇਆ ਪੂਰਾ



ਗਾਇਕ ਕ੍ਰਿਸ਼ਨ ਹੀਉਂ ਦਾ ਨਵਾਂ ਰੋਮੈਂਟਿਕ ਗੀਤ ਜਨਵਰੀ 2024 ਵਿੱਚ ਆਪ ਸਾਹਮਣੇ ਪੇਸ਼ ਕਰਾਂਗੇ ਗੀਤ ਨੂੰ ਲਿਖਿਆ ਹੈ ਸੰਜੀਵ ਕੁਮਾਰ ਸੰਜੂ ਨੇ ਸੰਗੀਤ ਤਿਆਰ ਕੀਤਾ ਹੈ ਬੰਟੀ ਬੀਸਲਾ ਨੇ ਵੀਡੀਓ ਅਵੀ ਲੱਖੀਵਾਲ ਵਲੋਂ ਬਣਾਈ ਗਈ ਹੈ। ਇਸ ਗੀਤ ਨੂੰ ਬਨਾਉਣ ਲਈ ਕ੍ਰਿਸ਼ਨ ਹੀਉਂ ਐਂਡ ਪੂਰੀ ਟੀਮ ਨੇ ਬਹੁਤ ਮਿਹਨਤ ਕੀਤੀ ਹੈ। ਇਸ ਗੀਤ ਨੂੰ ਤਿਆਰ ਕਰਨ ਲਈ ਵਿਸ਼ੇਸ਼ ਸਹਿਯੋਗ ਦਿੱਤਾ ਹੈ ਪੰਜਾਬੀ ਜੰਕਸ਼ਨ ਰੈਸਟੋਰੈਂਟ ਵਾਲੇ ਦੀਪਕ ਰਾਏ ਜੀ ਨੇ ਸਾਨੂੰ ਪੂਰੀ ਉਮੀਦ ਹੈ ਤੁਸੀਂ ਇਸ ਗੀਤ ਨੂੰ ਬਹੁਤ ਪਿਆਰ ਦਿਉਗੇ।

# ਪਿੰਡ ਘੁੰਮਣਾ ਤੇ ਲੱਖਪੁਰ ਵਿਖੇ ਲਗਾਏ ਲਸਾਨੀ ਸ਼ਹਾਦਤਾਂ ਨੂੰ ਸਮਰਪਿਤ ਦੁੱਧ ਦੇ ਲੰਗਰ

**ਬੰਗਾ (ਚਰਨਜੀਤ ਸੱਲਾ)** ਘੁੰਮਣਾ ਵਿਖੇ ਗੁਰਦੁਆਰਾ ਸ਼ਹੀਦ ਸਿੰਘਾਂ ਦੀ ਪ੍ਰਬੰਧਕ ਕਮੇਟੀ ਅਤੇ ਨੌਜਵਾਨ ਸਭਾ ਤੇ ਪਿੰਡ ਲੱਖਪੁਰ ਵਿਖੇ ਗੁਰਦੁਆਰਾ ਸ੍ਰੀ ਚੌੜਾ ਖੂਹ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਾਤਾ ਗੁਜਰ ਕੌਰ, ਚਾਰੇ ਸਾਹਿਬਜਾਦਿਆਂ ਅਤੇ ਸਮੂਹ ਸਿੰਘਾਂ, ਸਿੰਘਣੀਆਂ ਦੀਆਂ ਲਸਾਨੀ ਸ਼ਹਾਦਤਾਂ ਨੂੰ ਸਮਰਪਿਤ ਦੁੱਧ ਦੇ ਲੰਗਰ ਲਗਾਏ ਗਏ। ਦੁੱਧ ਤੇ ਬਿਸਕੁਟਾਂ ਦੇ





ਲੰਗਰਾਂ ਦੀ ਸੇਵਾ ਨੌਜਵਾਨਾਂ ਵਲੋਂ ਬੜੀ ਸ਼ਰਧਾ ਤੇ ਪ੍ਰੇਮ ਨਾਲ ਵਰਤਾਈ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਘੁਮਣਾ ਦੇ ਪ੍ਰਧਾਨ ਸੁਰਜੀਤ ਸਿੰਘ, ਕਰਨੈਲ ਸਿੰਘ, ਗੁੱਜਰ ਸਿੰਘ ਤੋਂ ਇਲਾਵਾ ਪਿੰਡ ਲੱਖਪੁਰ ਦੇ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ, ਸੰਸਾਰ ਸਿੰਘ ਬਿੱਲੂ ਅਤੇ ਪਰਮਿੰਦਰ ਸਿੰਘ ਨੇ ਮਾਤਾ ਗੁਜਰ ਕੌਰ ਜੀ, ਚਾਰੇ ਸਾਹਿਬਜਾਦਿਆਂ ਅਤੇ ਸਮੂਹ ਸਿੰਘ, ਸਿੰਘਣੀਆਂ ਦੀਆਂ ਲਸਾਨੀ ਸ਼ਹਾਦਤਾਂ ਨੂੰ ਯਾਦ ਕਰਦੇ ਹੋਏ ਕਿਹਾ ਕਿ ਨੌਂਵੀ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਏ ਪੂਰਨਿਆਂ ਤੇ ਚਲਦੇ ਹੋਏ ਮਾਤਾ ਗੁਜਰ ਕੌਰ ਜੀ, ਦਸ਼ਮ ਪਿਤਾ ਦੇ ਚਾਰੇ ਸਾਹਿਬਜਾਦਿਆਂ ਅਤੇ ਸਮੂਹ ਸਿੰਘਾਂ ਤੇ ਸਿੰਘਣੀਆਂ ਨੇ ਧਰਮ ਦੀ ਆਨ-ਬਾਨ-ਸ਼ਾਨ ਨੂੰ ਬਰਕਰਾਰ ਰੱਖਣ ਲਈ ਆਪਣੀਆਂ ਜਿੰਦਗੀਆਂ ਕੁਰਬਾਨ ਕੀਤੀਆਂ ਸਨ। ਸਾਨੂੰ ਉਹਨਾਂ ਦੇ ਹੌਸਲੇ ਨੂੰ ਜਿੱਥੇ ਪ੍ਰਣਾਮ ਕਰਨਾ ਚਾਹੀਦਾ ਹੈ, ਉੱਥੇ ਹੀ ਇਹਨਾਂ ਲਸਾਨੀ ਸ਼ਹਾਦਤਾਂ ਨੂੰ ਯਾਦ ਰੱਖਦੇ ਹੋਏ ਨੌਜਵਾਨ ਪੀੜ੍ਹੀ ਨੂੰ ਜਬਰ ਤੇ ਜੁਲਮ ਦੇ ਖਿਲਾਫ ਹਮੇਸ਼ਾ ਡਟੇ ਰਹਿਣ ਦੀ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਪਰਮਜੀਤ ਸਿੰਘ, ਕੁਲਦੀਪ ਸਿੰਘ, ਜਸਵਿੰਦਰ ਸਿੰਘ ਘੁੰਮਣਾਂ ਤੋਂ ਇਲਾਵਾ ਹਰਸ਼ ਭਾਰਦਵਾਜ, ਲਾਡੀ ਲੱਖਪੁਰ, ਸਤਪਾਲ, ਤਜਿੰਦਰ ਸਿੰਘ, ਹਰਪ੍ਰੀਤ ਸਿੰਘ, ਰਣਬੀਰ ਸਿੰਘ ਸਮੇਤ ਪਿੰਡ ਦੀਆਂ ਸੰਗਤਾਂ ਹਾਜਰ ਸਨ।

# ਡਾ ਬੀ ਆਰ ਅੰਬੇਡਕਰ ਲਾਇਬ੍ਰੇਰੀ ਪਿੰਡ ਢੱਡਾ (ਫਗਵਾੜਾ) ਵਿਖੇ ਪੁਸਤਕਾਂ ਭੇਟ ਕੀਤੀਆਂ ਗਈਆਂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਡਾ ਬੀ ਆਰ ਅੰਬੇਡਕਰ ਲਾਇਬ੍ਰੇਰੀ ਪਿੰਡ ਢੱਡਾ (ਫਗਵਾੜਾ) ਜਿਲ੍ਹਾ ਕਪੂਰਥਲਾ ਵਿਖੇ ਨੌਜਵਾਨ ਪੀੜ੍ਹੀ ਨੂੰ ਪੁਸਤਕਾਂ ਨਾਲ ਜੋੜਨ ਦਾ ਪੁਖਤਾ ਉਪਰਾਲਾ ਐਨ ਆਰ ਆਈ ਬਲਵੀਰ ਜੀ ਵਲੋਂ ਕੀਤਾ ਗਿਆ ਹੈ। ਜਿਸ ਨਾਲ ਇਲਾਕੇ ਵਿਚ ਨਵੇਂ ਪਾਠਕ ਪੈਦਾ ਹੋ ਰਹੇ ਹਨ। ਪਿਛਲੇ ਦਿਨੀਂ ਰੂਪ ਲਾਲ ਰੂਪ ਨੇ ਜਿਥੇ ਲਾਇਬ੍ਰੇਰੀ ਲਈ ਪੁਸਤਕਾਂ ਭੇਟ ਕੀਤੀਆਂ, ਉੱਥੇ ਉਨ੍ਹਾਂ ਗੁਰੂ ਰਵਿਦਾਸ ਮਹਾਰਾਜ ਜੀ ਦੀ ਜੀਵਨ ਕਥਾ ਦੀ ਦੁਰਲੱਭ ਪੁਸਤਕ ਵੀ ਪੜ੍ਹਨ ਹਿੱਤ ਜਾਰੀ ਕਰਵਾਈ ਸੀ। ਮਿੱਥੀ ਮਿਤੀ ਨੂੰ ਉਨ੍ਹਾਂ ਪੁਸਤਕ ਵਾਪਸ ਕਰਨ ਲਈ ਲਾਇਬ੍ਰੇਰੀ ਦੀ ਫੇਰੀ ਪਾਉਣ ਸਮੇਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਤੱਥਾਂ ਦੀਆਂ ਝਲਕੀਆਂ ਦਰਸਾਉਂਦਾ, ਬ੍ਰਿਟਿਸ਼ ਰਵਿਦਾਸੀਆ ਹੈਰੀਟੇਜ ਫਾਊਂਡੇਸ਼ਨ, ਯੂ ਕੇ ਵਲੋਂ ਜਾਰੀ ਕੀਤਾ ਸਾਲ 2024 ਈ ਦਾ ਕਲੰਡਰ ਜਿਸ ਦੇ ਵੇਰਵੇ ਲਿਖਣ ਦਾ ਸੁਭਾਗ ਉਨ੍ਹਾਂ ਨੂੰ ਹਾਂਸਲ ਹੈ, ਕਲੰਡਰ ਲਾਇਬ੍ਰੇਰੀ ਅਤੇ ਪਿੰਡ ਦੇ ਗੁਰੂ ਘਰ ਲਈ ਭੇਟ ਕੀਤਾ। ਇਸ ਮੌਕੇ ਉਨ੍ਹਾਂ ਨੂੰ ਲਾਇਬ੍ਰੇਰੀ ਵਲੋਂ 'ਭਾਰਤ ਦਾ ਸੰਵਿਧਾਨ' ਭੇਂਟ ਕੀਤਾ ਗਿਆ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਇਸ ਨੂੰ ਲਗਨ ਨਾਲ ਪੜ੍ਹਨਗੇ ਅਤੇ ਇਸਦਾ ਪ੍ਰਕਾਸ਼ ਸਮਾਜ ਵਿਚ ਫੈਲਾਉਣਗੇ। ਇਲਾਕੇ ਭਰ ਦੇ ਸਮੂਹ ਨੌਜਵਾਨਾਂ ਤੇ ਵਿਦਵਾਨਾਂ ਨੂੰ ਸੱਦਾ ਹੈ ਕਿ ਉਹ ਲਾਇਬ੍ਰੇਰੀ ਦਾ ਭਰਪੂਰ ਲਾਹਾ ਲੈਣ ਅਤੇ ਲੋਕਾਂ ਨੂੰ ਸਮਾਜ ਹਿੱਤਕਾਰੀ ਲੀਹਾਂ 'ਤੇ ਤੋਰਨ ਵਿਚ ਸਹਿਯੋਗ ਦੇਣ।




# ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀਆਂ ਹਦਾਇਤਾਂ 'ਤੇ ਜ਼ਿਲ੍ਹੇ ਵਿੱਚ ਚੀਨੀ ਡੋਰ ਦੀ ਵਿਕਰੀ ਰੋਕਣ ਲਈ ਛਾਪੇਮਾਰੀ

**ਸੰਗਰੂਰ, (ਦਲਜੀਤ ਕੌਰ)-** ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚੀਨੀ ਡੋਰ ਦੀ ਵਰਤੋਂ ਨੂੰ ਰੋਕਣ ਲਈ ਸਰਗਰਮ ਕਦਮ ਚੁੱਕਦਿਆਂ ਚੈਕਿੰਗ ਅਭਿਆਨ ਤੇਜ਼ ਕਰ ਦਿੱਤਾ ਹੈ। ਇਸ ਸਬੰਧ ਵਿੱਚ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਸਮੂਹ ਉਪ ਮੰਡਲ ਮੈਜਿਸਟ੍ਰੇਟ ਨੂੰ ਸਬ ਡਵੀਜ਼ਨਾਂ ਦੇ ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿਚ ਚੀਨੀ ਡੋਰ ਖ਼ਿਲਾਫ਼ ਸਖ਼ਤ ਤਲਾਸ਼ੀ ਮੁਹਿੰਮ ਜਾਰੀ ਰੱਖਣ ਦੇ ਹੁਕਮ ਦਿੱਤੇ ਹਨ।

ਇਨ੍ਹਾਂ ਹੁਕਮਾਂ ਤਹਿਤ ਵੱਖ ਵੱਖ ਸਬ ਡਵੀਜ਼ਨਾਂ ਵਿਚ ਉਪ ਮੰਡਲ ਮੈਜਿਸਟ੍ਰੇਟ ਦੀ ਅਗਵਾਈ ਹੇਠ ਟੀਮਾਂ ਵੱਲੋਂ ਡੋਰ ਵਿਕਰੇਤਾਵਾਂ ਦੀਆਂ ਦੁਕਾਨਾਂ ਉੱਤੇ ਅਚਨਚੇਤ ਛਾਪਾਮਾਰੀ ਕਰਕੇ ਜਾਂਚ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਚੀਨੀ ਡੋਰ ਦੀ ਵਿਕਰੀ ਅਤੇ ਭੰਡਾਰ ਨੂੰ ਰੋਕਣ ਲਈ ਅਧਿਕਾਰੀਆਂ ਨੂੰ ਸਮੁੱਚੇ ਜ਼ਿਲ੍ਹੇ ਵਿੱਚ ਛੋਟੇ ਤੇ ਵੱਡੇ ਦੁਕਾਨਦਾਰਾਂ ਦੀ ਨਿਰੰਤਰ ਚੈਕਿੰਗ ਦੇ ਹੁਕਮ ਦਿੱਤੇ ਹਨ।

ਡਿਪਟੀ ਕਮਿਸ਼ਨਰ ਨੇ ਪਤੰਗਬਾਜ਼ੀ ਦਾ ਸ਼ੌਕ ਰੱਖਣ ਵਾਲਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਸ਼ੌਕ ਦੀ ਪੂਰਤੀ ਲਈ ਕਿਸੇ ਦੀ ਵੀ ਜਾਨ ਜੋਖ਼ਮ ਵਿੱਚ ਨਾ ਪਾਉਣ।

ਉਨ੍ਹਾਂ ਕਿਹਾ ਕਿ ਜਿਹੜੇ ਦੁਕਾਨਦਾਰ ਲੋਕਾਂ ਤੇ ਪਸ਼ੂ ਪੰਛੀਆਂ ਦੀ ਜਾਨ ਨੂੰ ਖ਼ਤਰੇ ਵਿਚ ਪਾ ਕੇ ਚੀਨੀ ਡੋਰ ਦੀ ਵਿਕਰੀ ਜਾਂ ਭੰਡਾਰ ਕਰਨਗੇ, ਉਨ੍ਹਾਂ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਸੰਗਰੂਰ ਵਿੱਚ ਚੀਨੀ ਡੋਰ ਦੀ ਵਿਕਰੀ, ਵਰਤੋਂ ਅਤੇ ਭੰਡਾਰ ਉਤੇ ਪਾਬੰਦੀ ਹੁਕਮ ਲਾਗੂ ਹਨ ਅਤੇ ਜੇਕਰ ਕੋਈ ਵੀ ਵਿਅਕਤੀ ਇਨ੍ਹਾਂ ਹੁਕਮਾਂ ਨੂੰ ਅਣਦੇਖਿਆ ਕਰਕੇ ਇਸ ਜਾਨਲੇਵਾ ਡੋਰ ਦੀ ਵਰਤੋਂ ਕਰਦਾ ਹੈ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨਾਗਰਿਕਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਲੋਕ ਹਿੱਤਾਂ ਵਿੱਚ ਚੀਨੀ ਡੋਰ ਖ਼ਿਲਾਫ਼ ਮੁਹਿੰਮ ਨੂੰ ਸਫਲਤਾ ਨਾਲ ਲਾਗੂ ਕਰਨ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਤਾਂ ਜੋ ਇਹ ਡੋਰ ਕਿਸੇ ਲਈ ਵੀ ਨੁਕਸਾਨਦਾਇਕ ਨਾ ਸਾਬਤ ਹੋ ਸਕੇ।

***

**Golden State Truck Sales Inc.**

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਬਸਪਾ ਆਗੂ ਜਸਵੰਤ ਰਾਏ ਕਟਾਰੀਆ ਦੀ ਮਾਤਾ ਦੀ ਅੰਤਿਮ ਅਰਦਾਸ ਹੋਈ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬਹੁਜਨ ਸਮਾਜ ਪਾਰਟੀ ਵਲੋਂ ਮੁਕੰਦਪੁਰ ਸੈਕਟਰ ਦੀ ਅਗਵਾਈ ਕਰਨ ਵਾਲੀ ਟੀਮ ਦੇ ਆਗੂ ਜਸਵੰਤ ਰਾਏ ਕਟਾਰੀਆ ਦੀ ਮਾਤਾ ਬੀਬੀ ਮਹਿੰਦਰ ਕੌਰ ਬੀਤੇ ਦਿਨੀਂ ਪਰਿਵਾਰ ਨੂੰ ਲੰਬੀ ਉਮਰ ਭੋਗਦੇ ਹੋਏ ਸਦੀਵੀ ਵਿਛੋੜਾ ਦੇ ਗਏ ਸਨ। ਪਰਿਵਾਰ ਵਲੋਂ ਉਨ੍ਹਾਂ ਦੀ ਅੰਤਿਮ ਅਰਦਾਸ ਵਿੱਚ ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ ਇੰਚਾਰਜ ਹਲਕਾ ਬੰਗਾ ਸਾਥੀਆਂ ਸਮੇਤ ਸ਼ਾਮਿਲ ਹੋਏ। ਸ਼ਰਧਾਂਜਲੀ ਭੇਂਟ ਕਰਦੇ ਹੋਏ ਉਹਨਾਂ ਆਖਿਆ ਕਿ ਮਿਲਾਪ ਕਿੰਨਾ ਵੀ ਲੰਬਾ ਹੋਵੇ ਵਿਛੋੜਾ ਅਸਹਿ ਹੁੰਦਾ ਹੈ। ਉਹਨਾਂ ਸਮੁੱਚੇ ਕਟਾਰੀਆ ਪਰਿਵਾਰ ਨਾਲ ਦੁੱਖ ਵੀ ਸਾਂਝਾ ਕੀਤਾ। ਪਰਿਵਾਰ ਵਲੋਂ ਮਾਤਾ ਜੀ ਦੀ ਯਾਦ ਵਿਚ ਸ਼੍ਰੀ ਗੁਰੂ ਰਵਿਦਾਸ ਧਾਰਮਿਕ ਅਸਥਾਨ ਦੇ ਨਾਲ ਨਾਲ ਸੀਨੀਅਰ ਸੈਕੰਡਰੀ ਸਕੂਲ ਤੇ ਪ੍ਰਾਇਮਰੀ ਸਕੂਲਾਂ ਨੂੰ ਆਰਥਿਕ ਸਹਿਯੋਗ ਵੀ ਦਿੱਤਾ ਗਿਆ। ਇਸ ਮੌਕੇ ਤੇ ਬਸਪਾ ਆਗੂ ਪਰਮਜੀਤ ਮਹਿਰਮਪੁਰ, ਮਲਕੀਤ ਸਿੰਘ ਮੁਕੰਦਪੁਰ, ਸੁਰਿੰਦਰ ਮੰਢੇਰਾਂ, ਫਗਵਾੜਾ ਸਿਟੀ ਕੇਵਲ ਤੋ ਪ੍ਰਦੀਪ ਰਾਜਾ, ਡਾਕਟਰ ਨਰੰਜਣ ਸਿੰਘ, ਐਸ ਐਮ ਉ ਡਾ ਰਵਿੰਦਰ ਸਿੰਘ, ਐਸ ਐਮ ਉ ਪ੍ਰਿੰਸੀਪਲ ਅਮਰਜੀਤ ਖਟਕੜ, ਸੋਖੀ ਰਾਮ ਬਿੰਜੋ ਤੋਂ ਇਲਾਵਾ ਬਹੁਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਜਸਵੰਤ ਰਾਏ ਕਟਾਰੀਆ ਨੇ ਇਸ ਦੁੱਖ ਦੀ ਘੜੀ ਵਿੱਚ ਸ਼ਾਮਲ ਹੋਣ ਤੇ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ।



# ਕੁਰਬਾਨੀਆਂ ਭਰਿਆ ਸਿੱਖ ਇਤਿਹਾਸ !



ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਾਜੇ ਮਾਣਮੱਤੇ ਸਿੱਖ ਇਤਿਹਾਸ ਦੇ ਦਸਮ ਗੁਰੂ ਸ਼੍ਰੀ ਗੋਬਿੰਦ ਸਿੰਘ ਜੀ ਨੂੰ ਵੱਖ ਵੱਖ ਨਾਮ ਨਾਲ ਜਾਣਿਆ ਜਾਂਦਾ ਹੈ । ਸਾਹਿਬ-ਏ-ਕਮਾਲ , ਦੋ ਜਹਾਨ ਦੇ ਬਾਲੀ, ਨੂਰ ਇਲਾਹੀ , ਸਰਬੰਸ-ਦਾਨੀ ਅਤੇ ਆਪੇ ਗੁਰ-ਚੇਲਾ ਆਦਿ । ਆਪ ਨੇ ਸ਼ਾਨ-ਏ-ਸ਼ੌਕਤ ਭਰੇ ਜੀਵਨ ਨੂੰ ਛੱਡਕੇ ਧਰਮ ਦੀ ਰੱਖਿਆ ਅਤੇ ਜ਼ੁਲਮ-ਸਿਤਮ ਨੂੰ ਮੁਕਾਉਣ ਦਾ ਰਾਹ ਚੁਣਿਆ । ਯਾਦ ਰਹੇ , ਆਪ ਨੇ ਸਿਰਫ਼ ਨੌ ਸਾਲ ਦੀ ਉਮਰ ਵਿੱਚ ਕਸ਼ਮੀਰੀ ਪੰਡਿਤਾਂ ਦੇ ਧਰਮ ਅਤੇ ਮਾਣ ਚਿੰਨ੍ਹ ਜੰਞੂ ਨੂੰ ਬਚਾਉਣ ਲਈ ਪਿਤਾ ਗੁਰੂ ਤੇਗ਼ ਬਹਾਦਰ ਨੂੰ ਦਿੱਲੀ ਭੇਜਿਆ ਸੀ । ਜਿੱਥੇ ਗੁਰੂ ਪਿਤਾ ਜੀ ਨੇ ਸੀਸ ਦੇ ਕੇ ਹਿੰਦੂ ਧਰਮ ਅਤੇ ਜੰਞੂ ਦੀ ਰੱਖਿਆ ਕੀਤੀ ਸੀ।

ਮੁਗ਼ਲ ਸਾਮਰਾਜ ਦੇ ਦਿੱਲੀ ਤੱਖ਼ਤ ਉੱਤੇ ਬੈਠੇ ਬੇਰਹਿਮ ਬਾਦਸ਼ਾਹ ਔਰੰਗਜ਼ੇਬ ਦੇ ਵਿਰੁੱਧ ਅਤੇ ਮਜ਼੍ਹਬ ਦੀ ਰਖਵਾਲੀ ਲਈ 6 ਪੋਹ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਤ ਪਰਿਵਾਰ ਅਤੇ ਸਿੰਘਾਂ ਦੇ ਸਾਥ ਨਾਲ ਅਨੰਦਪੁਰ ਸਾਹਿਬ ਦੇ ਕਿਲੇ ਨੂੰ ਅਲਵਿਦਾ ਕਹਿਕੇ ਕੁਦਰਤੀ ਅਤੇ ਠੰਡੇ ਮੌਸਮ ਦੀ ਕਰੋਪੀ ਭਰੀ ਕਾਲੀ ਰਾਤ ਨੂੰ ਆਪ ਮੁਹਾਰੀ ਹੋਈ ਸਰਸਾ ਨਦੀ ਨੂੰ ਪਾਰ ਕੀਤਾ ; ਜਿੱਥੇ ਪਰਿਵਾਰ ਵੀ ਵਿੱਛੜ ਗਿਆ ਸੀ । ਇੱਕ ਹਫ਼ਤੇ ਦੇ ਸਮੇਂ ਵਿੱਚ ਸਾਰਾ ਪਰਿਵਾਰ ਅਤੇ ਬਹੁ ਗਿਣਤੀ ਸਿੱਖ ਯੋਧਿਆਂ ਸਮੇਤ ਹੱਕ-ਸੱਚ ਅਤੇ ਇਨਸਾਫ਼ ਦੇ ਧਰਮ ਯੁੱਧ ਵਿੱਚ ਸ਼ਹੀਦੀ ਪਾ ਗਿਆ ਸੀ ।

"ਸ਼ਹੀਦ ਮੌਕੇ ਦੀ ਹਕੂਮਤ ਵੱਲੋਂ ਕੀਤੀਆਂ ਵਧੀਕੀਆਂ ਅਤੇ ਬੇਇਨਸਾਫ਼ੀਆਂ ਦੇ ਗਵਾਹ ਹੁੰਦੇ ਹਨ ।"

ਸਿੱਖ ਸੰਘਰਸ਼ ਦੀ ਇਤਿਹਾਸਿਕ ਗਵਾਹੀ ਹੈ :-

(1) 6 ਪੋਹ ( 21 ਦਸੰਬਰ , 2023 ) ਦਸਮੇਸ਼ ਪਿਤਾ ਨੇ ਪਰਿਵਾਰ ਸਮੇਤ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ ਸੀ ।

(2) 7 ਪੋਹ ( ਦਸੰਬਰ 22 ) ਨੂੰ ਪਰਿਵਾਰ ਦਾ ਵਿਛੋੜਾ ਹੋ ਗਿਆ ਸੀ ।

(3) 8 ਪੋਹ ( ਦਸੰਬਰ 23 ) ਨੂੰ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਵੱਡੇ ਸਾਹਿਬਜ਼ਾਦਿਆਂ ਦੀ ਮੁਗਲਾਂ ਨਾਲ ਯੁੱਧ ਕਰਦਿਆਂ ਸ਼ਹਾਦਤ ਹੋਈ ਸੀ ।

(4) 9 ਮੋਹ ( ਦਸੰਬਰ 24 ) ਨੂੰ ਗੁਰੂ ਸਾਹਿਬ ਦੇ ਬਾਕੀ ਸਿੰਘਾਂ ਦੀ ਚਮਕੌਰ ਦੀ ਗੜ੍ਹੀ ਵਿੱਚ ਮੁਗਲਾਂ ਨਾਲ ਯੁੱਧ ਕਰਦਿਆਂ ਸ਼ਹਾਦਤ ਹੋਈ ਸੀ ।

(5) 10 ਪੋਹ ( ਦਸੰਬਰ 25 ) ਨੂੰ ਬੀਬੀ ਹਰਸ਼ਰਨ ਕੌਰ ਵੱਲੋਂ ਸ਼ਹੀਦ ਸਾਹਿਬਜ਼ਾਦਿਆਂ ਦਾ ਸੰਸਕਾਰ ਕੀਤਾ ਗਿਆ ਸੀ ।

(6) 11-12 ਪੋਹ ( ਦਸੰਬਰ 25 ) ਨੂੰ ਠੰਡੇ ਬੁਰਜ਼ ਮਾਤਾ ਗੁਜ਼ਰੀ ਅਤੇ ਛੋਟੇ ਸਾਹਿਬਜ਼ਾਦਿਆਂ ਲਈ ਹਾਕਮ ਵੱਲੋਂ ਕਚਹਿਰੀ ਲੱਗੀ ਸੀ ।

(7) 13 ਪੋਹ ( ਦਸੰਬਰ 27 ) ਨੂੰ ਬਾਬਾ ਫ਼ਤਹਿ ਸਿੰਘ ਅਤੇ ਬਾਬਾ ਜੋਰਾਵਰ ਸਿੰਘ ਛੋਟੇ ਸਾਹਿਬਜ਼ਾਦਿਆਂ ਨੂੰ ਕੰਧ ਵਿੱਚ ਚਿੱਣ ਕੇ ਸ਼ਹੀਦ ਕਰ ਦਿੱਤਾ ਗਿਆ ।

(8) 14 ਪੋਹ ( ਦਸੰਬਰ 28 ) ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸੰਸਕਾਰ ਕੀਤਾ ਗਿਆ ਸੀ ।

ਯਾਦ ਰਹੇ , ਸੰਸਕਾਰ ਵਾਸਤੇ ਥਾਂ ਖ਼ਰੀਦਣ ਦਾ ਮੁੱਲ ਸ਼੍ਰੀ ਟੋਡਰ ਮੱਲ ਨੇ ਸੋਨੇ ਦੀ ਮੋਹਰਾਂ ਦੇ ਕੇ ਤਾਰਿਆ ਸੀ । ਸ਼੍ਰੀ ਟੋਡਰ ਮੱਲ ਦੇ ਯੋਗਦਾਨ ਨੂੰ ਸਦਾ ਯਾਦ ਕੀਤਾ ਜਾਵੇਗਾ।

ਸਿੱਖ ਧਰਮ ਆਸਥਾ ਦੇ ਵਿਰੋਧੀ ਪਹਾੜੀ ਰਾਜਿਆਂ ਅਤੇ ਬੇ-ਰਹਿਮ ਮੁਗ਼ਲ ਸਾਮਰਾਜੀਆਂ ਦੀਆਂ ਕਬਰਾਂ ਉੱਤੇ ਅੱਜ ਦੀਵਾ ਨਹੀਂ ਜੱਗਦਾ; ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਸਾਜੀ ਸਿੱਖ ਕੌਮ ਸਾਰੀ ਦੁਨੀਆ ਵਿੱਚ ਸੱਚ - ਹੱਕ ਅਤੇ ਇਨਸਾਫ਼ ਉੱਤੇ ਪਹਿਰਾ ਦੇਣ ਲਈ ਦਿਨ-ਰਾਤ ਕਦਮ ਵਧਾ ਰਹੀ ਹੈ। ਜਥਾ-ਸ਼ਕਤੀ ਨਾਲ ਦੁਨੀਆਂ ਭਰ ਵਿੱਚ ਮਨੁੱਖੀ ਜ਼ਰੂਰਤਾਂ ਨੂੰ ਪੂਰਾ ਕਰਨ ਵਾਸਤੇ ਝੰਡੇ , ਪਰਚਮ ਅਤੇ ਨਿਸ਼ਾਨ ਸਾਹਿਬ ਝੂਲ ਰਹੇ ਹਨ । ਸਿੱਖ-ਸੰਗਤ ਸੌਣ ਤੋਂ ਪਹਿਲਾਂ ਅਤੇ ਜਾਗਣ ਤੋਂ ਬਾਅਦ ਖ਼ਾਲਸੇ ਦੇ ਸਿਰਜਣਹਾਰ ਦਾ ਨਾਮ ਧਿਆਉਂਦੀ ਹੈ ਯਾਦ ਕਰਦੀ ਹੈ ।

ਕੁਰਬਾਨੀਆਂ ਦੇ ਪੁੰਜ ਸਰਬੰਸਦਾਨੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਲੋਕ ਹਿੱਤ ਕੁਰਬਾਨੀ ਦਾ ਰਿਣ ਚੁਕਾਉਣਾ ਕਿਸੇ ਵੀ ਮਨੁੱਖ ਦੇ ਵੱਸ ਤੋਂ ਬਾਹਰ ਦੀ ਗੱਲ ਹੈ ; ਹਾਂ , ਅੱਜ ਦੇ ਯੁੱਗ ਦੀ ਲੋੜ ਹੈ ਕਿ ਗੁਰੂ-ਪੀਰਾਂ ਅਤੇ ਬੀਤੇ ਸਮੇਂ ਦੇ ਆਜ਼ਾਦੀ ਪਸੰਦ ਕ੍ਰਾਂਤੀਕਾਰੀਆਂ ਵੱਲੋਂ ਵਿੱਢੀਆਂ ਲੋਕ-ਪੱਖੀ ਲਹਿਰਾਂ ਨੂੰ ਅੱਗੇ ਤੋਰਿਆ ਜਾਵੇ ਅਤੇ ਅਧੂਰੇ ਰਹਿ ਗਏ ਕਾਰਜਾਂ ਨੂੰ ਪੂਰਾ ਕਰਨ ਲਈ ਵਿਸ਼ਾਲ ਅਤੇ ਸਰਬ-ਸਾਂਝਾਂ ਪਲੇਟ ਫ਼ਾਰਮ ਬਣਾਇਆ ਜਾਵੇ । ਸਰਬ ਸਾਂਝੇ ਪਲੇਟ ਫ਼ਾਰਮ ਤੋਂ ਮਨੁੱਖੀ ਅਧਿਕਾਰਾਂ ਪ੍ਰਤੀ ਆਵਾਜ਼ ਬੁਲੰਦ ਕੀਤੀ ਜਾਵੇ । ਆਪਣੀ ਆਪਣੀ ਧਰਮ-ਆਸਥਾ ਨੂੰ ਬਿੰਨ੍ਹਾਂ ਕਿਸੇ ਦਖ਼ਲ ਦੇ ਮੰਨਣ ਦੀ ਆਜ਼ਾਦੀ ਹੋਵੇ । ਮਨੁੱਖ ਨੂੰ ਵਰਗ ਪ੍ਰਥਾ ਦਾ ਅਤੇ ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ ਪ੍ਰਤੀ ਜਾਣਕਾਰੀ ਦਾ ਗਿਆਨ ਬੋਧ ਹੋਵੇ। ਸਮਾਜ ਵਿੱਚ ਖੁਸ਼ਹਾਲੀ ਲਿਆਉਣ ਲਈ ਭੂਤਕਾਲ ਤੋਂ ਸਿੱਖਿਆ ਲੈ ਕੇ ਵਰਤਮਾਨ ਨੂੰ ਸੰਘਰਸ਼ ਦੇ ਰਾਹ ਤੋਰਿਆ ਜਾਵੇ । ਇਹ ਹੀ ਸਰਬੰਸਦਾਨੀ ਸਾਹਿਬ -ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਅਤੇ ਹੱਕ-ਸੱਚ ਅਤੇ ਇਨਸਾਫ਼ ਦੇ ਸੰਗਰਾਮ ਵਿੱਚ ਹੋਏ ਅਦੁੱਤੀ ਸ਼ਹੀਦਾਂ ਲਈ ਸੱਚੀ ਸ਼ਰਧਾਂਜਲੀ ਹੋਵੇਗੀ। "ਵਰਗ ਰਹਿਤ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰਹਿਤ ਸਮਾਜ ਦੇ ਸੁੱਪਨਸਾਜ਼ ਸ਼ਹੀਦਾਂ ਦੇ ਅਧੂਰੇ ਰਹਿ ਗਏ ਸੁਪਨਿਆਂ ਨੂੰ ਪੂਰਾ ਕਰਨਾ ਮਨੁੱਖੀ ਫ਼ਰਜ਼ ਹੈ ਅਤੇ ਰਿਣ ਚੁਕਾਉਣ ਦਾ ਰਸਤਾ।" "ਪ੍ਰਣਾਮ ਸ਼ਹੀਦਾਂ ਨੂੰ।"

**ਵੱਲੋਂ :- ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ।**
**ਮਨਮੋਹਨ ਪੂੰਨੀ (ਨਿਊਯਾਰਕ)**




## Matrimonial

Looking for professional compatible educated girl for Ramdasia ( weaver) Sikh doctor working in California 38 years old, never married, 5' 8" tall, father's gotra Sandhi mother's gotra Bains,
caste no bar. For more information:
WhatsApp +91 8360876705,
Email: sukhdevnorthridge@gmail.com

---

US Citizen boy, Ravidassia Ad-Dharmi (SC) punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC community, All family settled in the US. Please send biodata and pictures as
Email: irjeet1993@gmail.com

# ਮੰਤਰੀ ਕਟਾਰੂਚੱਕ ਨੇ ਪਿੰਡ ਕਲੇਸਰ ਵਿਖੇ ਵਾਟਰ ਸਪਲਾਈ ਅਤੇ ਸਮਸਾਨ ਘਾਟ ਵਿਖੇ ਬਣਾਏ ਇਸਨਾਨ ਘਰ ਦਾ ਕੀਤਾ ਉਦਘਾਟਨ





**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪਿੰਡਾਂ ਦੇ ਅੰਦਰ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਲੋਕ ਇਨ੍ਹਾਂ ਵਿਕਾਸ ਕਾਰਜਾਂ ਦੇ ਹੋਣ ਨਾਲ ਰਾਹਤ ਮਹਿਸੂਸ ਕਰ ਰਹੇ ਹਨ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਕਲੇਸਰ ਵਿਖੇ ਵੱਖ ਵੱਖ ਵਿਕਾਸ ਕਾਰਜਾਂ ਦਾ ਉ-ਦਘਾਟਣ ਕਰਨ ਦੋਰਾਨ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਦੀਪਕ ਕੁਮਾਰ ਬਲਾਕ ਪ੍ਰਧਾਨ ਕਲੇਸਰ, ਸ਼ਿਵ ਕੁਮਾਰ ਨਰੋਟ, ਸੁਨੀਲ ਕੁਮਾਰ ਭੋਆ, ਸੈਕਟਰੀ ਪਵਨ ਕੁਮਾਰ, ਸਤਪਾਲ ਸਿੰਘ, ਸਿੰਦਾ ਸਰਪੰਚ ਕਲੇਸਰ ਅਤੇ ਹੋਰ ਪਾਰਟੀ ਵਰਕਰ ਵੀ ਹਾਜ਼ਰ ਸਨ।

ਇਸ ਮੋਕੇ ਤੇ ਮੰਤਰੀ ਹੁਰਾਂ ਕਿਹਾ ਕਿ ਅੱਜ ਫਿਰ ਉਨ੍ਹਾਂ ਨੂੰ ਵਿਧਾਨ ਸਭਾ ਹਲਕਾ ਭੋਆ ਦੇ ਲੋਕਾਂ ਨਾਲ ਮਿਲਣ ਦਾ ਮੋਕਾ ਮਿਲਿਆ। ਉਨ੍ਹਾਂ ਕਿਹਾ ਕਿ ਅੱਜ ਪਿੰਡ ਕਲੇਸਰ ਅੰਦਰ ਵੱਖ ਵੱਖ ਵਿਕਾਸ ਕਾਰਜਾ ਦਾ ਉਦਘਾਟਣ ਕੀਤਾ ਹੈ ਪਿੰਡ ਵਿੱਚ ਕਰੀਬ 20 ਲੱਖ ਰੁਪਏ ਦੀ ਲਾਗਤ ਨਾਲ ਵਾਟਰ ਸਪਲਾਈ ਅਤੇ ਸਮਸਾਨ ਘਾਟ ਅੰਦਰ ਇਸਨਾਨ ਘਰ ਬਣਾਇਆ ਗਿਆ ਹੈ ਅੱਜ ਪਿੰਡ ਵਾਸੀਆਂ ਨੂੰ ਇਹ ਕਾਰਜਾਂ ਨੂੰ ਪੂਰਾ ਕਰਕੇ ਸਮਰਪਿਤ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਲੋਕਾਂ ਵਿੱਚ ਸਰਕਾਰ ਦੇ ਪ੍ਰਤੀ ਖੁਸੀ ਦੀ ਲਹਿਰ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਫ੍ਰੀ ਬਿਜਲੀ ਯੂਨਿਟ ਦੇਣ ਦਾ ਵਾਅਦਾ ਕੀਤਾ ਸੀ ਅਤੇ ਅੱਜ 90 ਪ੍ਰਤੀਸਤ ਲੋਕਾਂ ਦਾ ਬਿਜਲੀ ਬਿਲ ਜੀਰੋ ਆ ਰਿਹਾ ਹੈ। ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀ ਲਿਆਂਦੀ ਗਈ ਹੈ ਸਕੂਲਾਂ ਦੀ ਨੁਹਾਰ ਬਦਲੀ ਗਈ ਹੈ ਅਤੇ ਹੁਣ ਲੋਕਾਂ ਨੂੰ ਸਕੂਲ ਆਫ ਐਮੀਨੇਸ ਦਾ ਤੋਹਫਾ ਦਿੱਤਾ ਗਿਆ ਹੈ ਸਕੂਲ ਵਿੱਚ ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖ ਕੇ ਬੱਚਾ ਕਿਸ ਖੇਤਰ ਅੰਦਰ ਜਾ ਸਕਦਾ ਹੈ ਉਸ ਲਈ ਸਿੱਖਿਅਤ ਕੀਤਾ ਜਾਂਦਾ ਹੈ ਅਤੇ ਖੁਸੀ ਦੀ ਗੱਲ ਇਹ ਹੈ ਕਿ ਸਾਡੇ ਵਿਧਾਨ ਸਭਾ ਹਲਕਾ ਭੋਆ ਅੰਦਰ ਪਿੰਡ ਭੋਆ ਵਿਖੇ ਸਕੂਲ ਆਫ ਐਮੀਨੇਸ ਖੋਲਿਆਂ ਗਿਆ ਹੈ ਅਤੇ ਬੱਚਿਆਂ ਨੂੰ ਸਕੂਲ ਆਉਂਣ ਜਾਣ ਦੇ ਲਈ ਫ੍ਰੀ ਬੱਸ ਸੇਵਾ ਵੀ ਮੁਹੇਈਆ ਕਰਵਾਈ ਗਈ ਹੈ। ਮੁੱਖ ਮੰਤਰੀ ਪੰਜਾਬ ਦੇ ਉਪਰਾਲਿਆਂ ਸਦਕਾ ਹੁਣ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਵੱਖ ਵੱਖ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਲਈ ਬੱਸਾਂ ਚਲਾਈਆਂ ਜਾ ਰਹੀਆਂ ਹਨ ਅਤੇ ਜਿਲ੍ਹਾ ਪਠਾਨਕੋਟ ਵਿਖੇ ਵੀ ਵੱਖ ਵੱਖ ਵਿਧਾਨ ਸਭਾ ਤੋਂ ਮਾਤਾ ਨੈਨਾ ਦੇਵੀ, ਮਾਤਾ ਚਿੰਤਪੂਰਨੀ, ਜਵਾਲਾ ਜੀ, ਦਰਬਾਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਆਦਿ ਧਾਰਮਿਕ ਸਥਾਨਾਂ ਲਈ ਬੱਸਾਂ ਚਲਾਈਆਂ ਗਈਆਂ ਹਨ ਅਤੇ ਲੋਕਾਂ ਵਿੱਚ ਖੁਸੀ ਦੀ ਲਹਿਰ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਲਗਾਤਾਰ ਲੋਕਾਂ ਦੇ ਲਈ ਭਲੇ ਦੇ ਵਿਕਾਸਕਾਰਜ ਕਰਦੀ ਆ ਰਹੀ ਹੈ ਅਤੇ ਭਵਿੱਖ ਵਿੱਚ ਵੀ ਲੋਕਾਂ ਲਈ ਇਸ ਤਰ੍ਹਾ ਦੇ ਵਿਕਾਸ ਕਾਰਜ ਕਰਦੀ ਰਹੇਗੀ। ਇਸ ਮੋਕੇ ਤੇ ਪਿੰਡ ਵਾਸੀਆਂ ਨੇ ਕੈਬਨਿਟ ਮੰਤਰੀ ਪੰਜਾਬ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਵੱਲੋਂ ਕਰਵਾਏ ਵਿਕਾਸ ਕਾਰਜਾਂ ਕਰਕੇ ਪਿੰਡ ਦਾ ਵਿਕਾਸ ਹੋਇਆ ਹੈ ਪਿੰਡ ਨੂੰ ਕਰੀਬ 70 ਸਾਲ ਬਾਅਦ ਚੰਗਾਂ ਰਸਤਾ ਮਿਲ ਸਕਿਆ ਹੈ ਅਤੇ ਇਹ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਦੇ ਉਪਰਾਲਿਆ ਸਦਕਾ ਹੋਇਆ ਹੈ।

### 23 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਤਰਗੜ੍ਹ ਵਿਖੇ ਬਣਾਇਆ ਜਾਵੇਗਾ ਕਮਿਊਨਿਟੀ ਹਾਲ, ਰੱਖਿਆ ਨੀਂਹ ਪੱਥਰ

ਮਾਨਯੋਗ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਹਰੇਕ ਪਿੰਡਾਂ ਅੰਦਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤਾਂ ਜੋ ਲੋਕਾਂ ਦੀਆਂ ਮੁਸਕਿਲਾਂ ਨੂੰ ਹੱਲ ਕੀਤਾ ਜਾ ਸਕੇ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਤਰਗੜ੍ਹ ਵਿਖੇ ਕੰਮਿਊਨਿਟੀ ਹਾਲ ਦਾ ਨੀਹ ਪੱਥਰ ਰੱਖਣ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਸੈਲ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਰਜਿੰਦਰ ਸਿੰਘ ਭਿੱਲਾ ਬਲਾਕ ਪ੍ਰਧਾਨ, ਭੁਪਿੰਦਰ ਸਿੰਘ ਮੂੰਨਾ, ਕਿਰਨ ਬਾਲਾ ਚੇਅਰਮੈਨ ਬਲਾਕ ਸਮਿਤੀ , ਖੁਸਬੀਰ ਕਾਟਲ, ਬਲਾਕ ਵਿਕਾਸ ਅਧਿਕਾਰੀ ਨੀਰੂ ਬਾਲਾ, ਸੈਲੀ ਸਰਮਾ ਬਲਾਕ ਪ੍ਰਧਾਨ, ਗ੍ਰਾਮੀਣ ਪ੍ਰਧਾਨ ਤਰਗੜ੍ਹ ਸੰਦੀਪ ਕੁਮਾਰ, ਵਿਕਰਮਜੀਤ ਸਿੰਘ, ਪ੍ਰਿੰਸੀਪਲ ਭਗਵਾਨ ਦਾਸ, ਸੰਤੋਸ ਸਰਮਾ ਮੈਂਬਰ ਪੰਚਾਇਤ, ਬੋਧ ਰਾਜ ਪੰਚਾਇਤ ਮੈਂਬਰ, ਨਰੇਸ ਕੁਮਾਰ, ਬੂਟੀ ਰਾਮ, ਨਰਿੰਦਰ ਤਰਨਾਇਚ, ਸੂਰਜ ਕੁਮਾਰ ਮੈਂਬਰ ਪੰਚਾਇਤ, ਇਸਵਰ ਦਾਸ ਅਤੇ ਪਾਰਟੀ ਕਾਰਜ ਕਰਤਾ ਹਾਜਰ ਸਨ। ਇਸ ਮੋਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਤਰਗੜ੍ਹ ਵਿਖੇ ਨਵੇਂ ਕੰਮਿਊਨਿਟੀ ਹਾਲ ਦਾ ਨੀਹ ਪੱਧਰ ਰੱਖਿਆ ਗਿਆ ਹੈ ਅਤੇ ਇਸ ਤੇ ਕਰੀਬ 23 ਲੱਖ ਰੁਪਏ ਖਰਚ ਕੀਤੇ ਜਾਣਗੇ ਅਤੇ ਆਧੁਨਿਕ ਢੰਗ ਦੇ ਨਾਲ ਇਸ ਦਾ ਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ। ਭਗਵੰਤ ਸਿੰਘ ਮਾਨ ਜੀ ਦੀ ਯੋਗ ਅਗਵਾਈ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ , ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਮੁਫਤ ਬਿਜਲੀ, ਬੇਰੁਜਗਾਰ ਨੋਜਵਾਨਾਂ ਨੂੰ ਨੋਕਰੀਆਂ, ਸਿੱਖਿਆ ਦੇ ਖੇਤਰ ਚੋਂ ਕ੍ਰਾਂਤੀ, ਸਕੂਲ ਆਫ ਐਮੀਨੇਸ , ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਧਾਰਮਿਕ ਸਥਾਨਾਂ ਦੀ ਯਾਤਰਾ, ਅਤੇ ਹੁਣ ਘਰ੍ਹਾਂ ਵਿੱਚ ਹੀ ਸਰਕਾਰੀ ਸੇਵਾਵਾਂ ਦਾ ਲਾਭ ਲੈਣ ਦੇ ਲਈ 1076 ਨੰਬਰ ਵੀ ਜਾਰੀ ਕੀਤਾ ਗਿਆ ਹੈ ਜਿਸ ਤੇ ਫੋਨ ਕਰਕੇ ਹੁਣ ਕੋਈ ਵੀ ਵਿਅਕਤੀ ਸਰਕਾਰੀ ਸੇਵਾਂ ਦਾ ਲਾਭ ਅਪਣੇ ਘਰ ਹੀ ਪ੍ਰਾਪਤ ਕਰ ਸਕੇਗਾ। ਉਨ੍ਹਾਂ ਕਿਹਾ ਕਿ ਇਸ ਕੰਮਿਊਨਿਟੀ ਹਾਲ ਦਾ ਤਰਗੜ੍ਹ ਹੀ ਨਹੀਂ ਆਸ ਪਾਸ ਦੇ ਹੋਰਨਾਂ ਪਿੰਡਾਂ ਨੂੰ ਲਾਭ ਹੋਵੇਗਾ।

### ਪਿੰਡ ਬੇਹੜੀ ਬਜ਼ੂਰਗ ਵਿਖੇ 16 ਲੋੜਵੰਦ ਪਰਿਵਾਰਾਂ ਨੂੰ 5-5 ਮਰਲੇ ਪਲਾਟਾਂ ਦੀਆਂ ਸੰਨਦਾਂ ਦੀ ਕੀਤੀ ਵੰਡ

ਪੰਜਾਬ ਸਰਕਾਰ ਲੋਕ ਹਿੱਤ ਲਈ ਲਗਾਤਾਰ ਕਾਰਜ ਕਰਦੀ ਆ ਰਹੀ ਹੈ ਜਿਸ ਅਧੀਨ ਪਿੰਡਾਂ ਅੰਦਰ ਜਿਨ੍ਹਾਂ ਲੋਕਾਂ ਕੋਲ ਅਪਣੇ ਘਰ ਬਣਾਉਂਣ ਦੇ ਲਈ ਜਮੀਨ ਨਹੀਂ ਹੈ ਉਨ੍ਹਾਂ ਨੂੰ ਪਲਾਟਾਂ ਦੀ ਵੰਡ ਕੀਤੀ ਜਾ ਰਹੀ ਹੈ ਇਸ ਦੇ ਚਲਦਿਆਂ ਅੱਜ ਪਿੰਡ ਬੇਹੜੀ ਬਜ਼ੂਰਗ ਵਿਖੇ 16 ਲੋੜਵੰਦ ਪਰਿਵਾਰਾਂ ਨੂੰ 5-5 ਮਰਲੇ ਪਲਾਟਾਂ ਦੀਆਂ ਸੰਨਦਾਂ ਦੀ ਵੰਡ ਕੀਤੀ ਗਈ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਪਿੰਡ ਬੇਹੜੀ ਬਜ਼ੂਰਗ ਵਿਖੇ ਸਰਪੰਚ ਗੀਤਾ ਰਾਣੀ ਦੇ ਗ੍ਰਹਿ ਨਿਵਾਸ ਤੇ ਪਲਾਟਾਂ ਦੀ ਵੰਡ ਕਰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਸਾਹਿਬ ਸਿੰਘ ਸਾਬਾ ਆਮ ਆਦਮੀ ਪਾਰਟੀ ਕਾਰਜਕਰਤਾ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਭਾਣੂ ਪ੍ਰਤਾਪ, ਭੁਪਿੰਦਰ ਸਿੰਘ ਮੂੰਨਾ, ਖੁਸਬੀਰ ਕਾਟਲ, ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਸੈਲ, ਜਨਕ ਰਾਜ, ਅਸਵਨੀ ਸੈਣੀ ਪੰਚਾਇਤ ਸਕੱਤਰ, ਰਮੇਸ ਕੁਮਾਰ ਪੰਚਾਇਤ ਸਕੱਤਰ, ਤ੍ਰਿਪਤਾ ਦੇਵੀ ਪੰਚਾਇਤ ਮੈਂਬਰ, ਰਘੁਵਿੰਦਰ ਸਿੰਘ ਪੰਚਾਇਤ ਮੈਂਬਰ, ਦੇਸ ਰਾਜ ਪੰਚਾਇਤ ਮੈਂਬਰ, ਅਤੇ ਹੋਰ ਪਾਰਟੀ ਕਾਰਜ ਕਰਤਾ ਹਾਜ਼ਰ ਸਨ।

ਇਸ ਮੌਕੇ ਤੇ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਹੁਤ ਹੀ ਖੁਸੀ ਦਾ ਮੌਕਾ ਹੈ ਕਿ ਪੰਜਾਬ ਸਰਕਾਰ ਵੱਲੋਂ ਬੇਘਰ ਲੋਕਾਂ ਨੂੰ ਜਮੀਨ ਦਿੱਤੇ ਜਾਣ ਦੀ ਯੋਜਨਾ ਦੇ ਅਧੀਨ ਅੱਜ ਪਿੰਡ ਬੇਹੜੀ ਬਜ਼ੂਰਗ ਵਿਖੇ ਸਰਪੰਚ ਗੀਤਾ ਰਾਣੀ ਦੇ ਉਪਰਾਲਿਆਂ ਸਦਕਾ ਪਿੰਡ ਦੇ 16 ਪਰਿਵਾਰਾਂ ਨੂੰ 5-5 ਮਰਲਿਆਂ ਦੇ ਪਲਾਟਾਂ ਦੀਆਂ ਸੰਨਦਾ ਦੀ ਵੰਡ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਪਲਾਟਾਂ ਦੀ ਵੰਡ ਕੀਤੀ ਗਈ ਹੈ ਉਨ੍ਹਾਂ ਨੂੰ ਵੀ ਅਪੀਲ ਹੈ ਕਿ ਤਿੰਨ ਸਾਲ ਦੇ ਅੰਦਰ ਅੰਦਰ ਇਨ੍ਹਾਂ ਪਲਾਟਾਂ ਤੇ ਮਕਾਨ ਬਣਾਉਂਣ ਦਾ ਕਾਰਜ ਸੁਰੂ ਕਰ ਦੇਣ, ਉਨ੍ਹਾਂ ਦੱਸਿਆ ਕਿ ਸਰਕਾਰ ਦੀ ਯੋਜਨਾ ਦੇ ਅਨੁਸਾਰ ਇਹ ਪਲਾਟ ਜਿਨ੍ਹਾਂ ਲਾਭ ਪਾਤਰੀਆਂ ਨੂੰ ਦਿੱਤੇ ਗਏ ਹਨ ਉਹ ਲਾਭਪਤਾਰੀ ਇਸ ਪਲਾਟ ਨੂੰ ਅੱਗੇ ਨਹੀਂ ਵੇਚ ਸਕਦਾ ਅਤੇ ਨਾ ਹੀ ਇਸ ਪਲਾਟ ਤੇ ਕੋਈ ਹੋਰ ਵਿਅਕਤੀ ਘਰ ਬਣਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋੜਵੰਦ ਲੋਕਾਂ ਨੂੰ ਪਲਾਟ ਨਹੀਂ ਮਿਲੇ ਹਨ ਉਨ੍ਹਾਂ ਦੇ ਲਈ ਵੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਭਵਿੱਖ ਵਿੱਚ ਉਨ੍ਹਾਂ ਲੋਕਾਂ ਨੂੰ ਵੀ ਪਲਾਟ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਗੱਲ ਚਾਹੇ ਫ੍ਰੀ ਬਿਜਲੀ ਯੂਨਿਟ ਦੀ ਹੋਵੇ, ਨੋਜਵਾਨਾਂ ਨੂੰ ਨੋਕਰੀਆਂ ਦੇਣ ਦੀ ਗੱਲ ਹੋਵੇ, ਸਕੂਲ ਆਫ ਐਮੀਨੇਸ, ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਧਾਰਮਿਕ ਸਥਾਨਾਂ ਦੀ ਯਾਤਰਾ, ਅਤੇ ਹੁਣ ਘਰ੍ਹਾਂ ਵਿੱਚ ਹੀ ਸਰਕਾਰੀ ਸੇਵਾਵਾਂ ਦਾ ਲਾਭ ਲੈਣ ਦੇ ਲਈ 1076 ਨੰਬਰ ਵੀ ਜਾਰੀ ਕੀਤਾ ਗਿਆ ਹੈ ਲੋਕ ਇਨ੍ਹਾਂ ਸਰਕਾਰੀ ਯੋਜਨਾਵਾਂ ਤੋਂ ਲਾਹਾ ਲੈ ਕੇ ਖੁਸੀ ਮਹਿਸੂਸ ਕਰ ਰਹੇ ਹਨ।

## ਕਾਂਗਰਸ ਹਾਈਕਮਾਂਡ ਨੇ ਨੌਜਵਾਨ ਆਗੂ ਅੰਮ੍ਰਿਤਪਾਲ ਭੌਂਸਲੇ ਨੂੰ ਹਲਕਾ ਆਦਮਪੁਰ ਦਾ ਕੋਆਰਡੀਨੇਟਰ ਕੀਤਾ ਨਿਯੁਕਤ



**ਫਗਵਾੜਾ / ਆਦਮਪੁਰ (ਬੀ.ਕੇ. ਰੱਤੂ)-** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਪੰਜਾਬ ਅੰਦਰ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਸ਼ੁਰੂ ਕੀਤੇ ਗਏ ਯਤਨਾਂ ਤਹਿਤ ਵਿਧਾਨ ਸਭਾ ਹਲਕਾ ਫਿਲੌਰ ਦੇ ਤੇਜ਼ ਤਰਾਰ ਤੇ ਪ੍ਰਭਾਵਸ਼ਾਲੀ ਨੌਜਵਾਨ ਆਗੂ ਅੰਮ੍ਰਿਤਪਾਲ ਭੌਂਸਲੇ ਨੂੰ ਵਿਧਾਨ ਸਭਾ ਹਲਕਾ ਆਦਮਪੁਰ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ ਜਿਨ੍ਹਾਂ ਦੀ ਨਿਗਰਾਨੀ ਹੇਠ ਹਲਕਾ ਆਦਮਪੁਰ ਅੰਦਰ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਵਰਕਰਾਂ ਨੂੰ ਲਾਮਬੰਦ ਕੀਤਾ ਜਾਵੇਗਾ। ਇਸ ਸਬੰਧੀ ਅੰਮ੍ਰਿਤਪਾਲ ਭੌਂਸਲੇ ਨੇ ਕਾਂਗਰਸ ਹਾਈਕਮਾਂਡ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ਼ ਦਿਵਾਇਆ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਲਾਮਬੰਦੀ ਕਰਨਗੇ ਅਤੇ ਆਦਮਪੁਰ ਹਲਕੇ ਨੂੰ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਦੀ ਅਗਵਾਈ ਵਿੱਚ ਮਜ਼ਬੂਤ ਕਰਨਗੇ। ਯਾਦ ਰਹੇ ਅੰਮ੍ਰਿਤਪਾਲ ਭੌਂਸਲੇ ਦੁਆਬੇ ਦੇ ਤੇਜ਼ ਤਰਾਰ ਆਗੂ ਹਨ ਜਿਨ੍ਹਾਂ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ। ਚਰਨਜੀਤ ਸਿੰਘ ਚੰਨੀ ਨੇ ਕਾਂਗਰਸ ਵਿੱਚ ਸ਼ਾਮਲ ਕਰਵਾਇਆ ਸੀ, ਜਿਸ ਕਾਰਨ ਲੰਮੇ ਸਮੇਂ ਤੋਂ ਫਿਲੌਰ ਤੋਂ ਹਾਰ ਰਹੀ ਕਾਂਗਰਸ ਨੇ ਫਿਲੌਰ ਵਿਧਾਨ ਸਭਾ ਹਲਕਾ ਵੱਡੇ ਮਾਰਜ਼ਨ ਜਿੱਤਿਆ ਸੀ। ਅੰਮ੍ਰਿਤਪਾਲ ਭੌਂਸਲੇ ਦੀ ਨਿਯੁਕਤੀ ਨਾਲ ਦੁਆਬੇ ਦੇ ਨੋਜਵਾਨਾਂ ਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਹੈ। ਧਿਆਨ ਦੇਣ ਯੋਗ ਹੈ ਕਿ ਅੰਮ੍ਰਿਤਪਾਲ ਭੌਂਸਲੇ ਰਾਹੁਲ ਗਾਂਧੀ ਜੀ ਦੀ ਭਾਰਤ ਜੋੜੋ ਯਾਤਰਾ ਦੌਰਾਨ ਵੀ ਅਹਿਮ ਭੂਮਿਕਾ ਨਿਭਾਉਂਦੇ ਨਜ਼ਰ ਆਏ ਸਨ।

## ਪਿੰਡ ਲਧਾਣਾ ਝਿੱਕਾ ਵਿਖੇ ਮਮਤਾ ਦਿਵਸ ਮਨਾਇਆ ਗਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਅੱਜ ਪਿੰਡ ਲਧਾਣਾ ਝਿੱਕਾ ਵਿਖੇ ਮਮਤਾ ਦਿਵਸ ਮਨਾਇਆ ਗਿਆ। ਜਿਸ ਵਿੱਚ ਐਲ ਐਚ ਵੀ ਮੈਡਮ ਸੁਖਵਿੰਦਰ ਕੌਰ, ਮੈਡਮ ਮਨੀਸ਼ਾ ਰਾਣੀ ਏ ਐਨ ਐਮ, ਮੈਡਮ ਮਾਨਸੀ ਸੀ ਐਚ ਓ ਅਤੇ ਆਸ਼ਾ ਵਰਕਰ ਕਾਜਲ ਰਾਣੀ ਸ਼ਾਮਲ ਹੋਏ। ਜਿਨ੍ਹਾਂ ਨੇ ਸਖ਼ਤ ਮਿਹਨਤ ਕਰਕੇ ਪਿੰਡ ਵਿੱਚ ਅਨਾਊਂਸਮੈਂਟ ਕਰਵਾਈ ਗਈ ਅਤੇ ਆਸ਼ਾ ਵਰਕਰਾਂ ਵਲੋਂ ਘਰ ਘਰ ਜਾ ਕੇ ਬੱਚਿਆਂ ਨੂੰ ਅਤੇ ਗਰਭਵਤੀ ਔਰਤਾਂ ਨੂੰ ਸਪੈਸ਼ਲ ਤੌਰ ਤੇ ਬੁਲਾਇਆ ਗਿਆ ਸੀ। ਇਨ੍ਹਾਂ ਨੂੰ ਟੀਕੇ ਲਾਏ ਗਏ ਅਤੇ ਗਰਭਵਤੀ ਔਰਤਾਂ ਨੂੰ ਸਮਝਾਇਆ ਕਿ ਉਹਨਾਂ ਨੂੰ ਸਰਕਾਰੀ ਹਸਪਤਾਲ ਵਿੱਚ ਜਾਂ ਕੇ ਆਪਣੀ ਡਿਲਿਵਰੀ ਕਰਾਉਣੀਂ ਚਾਹੀਦੀ ਹੈ। ਅਤੇ ਸਰਕਾਰੀ ਸਹੂਲਤਾਂ ਦਾ ਭਰਪੂਰ ਲਾਹਾ ਲੈਣਾ ਚਾਹੀਦਾ ਹੈ।



# ਪੁਸਤਕ ਸੱਭਿਆਚਾਰ ਲਈ ਸਭ ਪੰਜਾਬੀ ਆਪੋ ਆਪਣੇ ਘਰੀਂ ਕਿਤਾਬਾਂ ਲਈ ਵਿਸ਼ੇਸ਼ ਅਲਮਾਰੀਆਂ ਬਣਾਉਣ- ਪ੍ਰੋ. ਗੁਰਭਜਨ ਸਿੰਘ ਗਿੱਲ

**ਲੁਧਿਆਣਾ–** ਪੰਜਾਬੀ ਭਵਨ ਲੁਧਿਆਣਾ ਦੇ ਸਾਈਂ ਮੀਆਂ ਮੀਰ ਪੁਸਤਕ ਬਾਜ਼ਾਰ ਵਿੱਚ ਅੱਜ ਨਵੇਂ ਖੁੱਲ੍ਹੇ "ਕਿਤਾਬ ਘਰ" (ਹਾਊਸ ਆਫ਼ ਲਿਟਰੇਚਰ) ਦਾ ਉਦਘਾਟਨ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਪੁਸਤਕ ਸੱਭਿਆਚਾਰ ਦੀ ਉਸਾਰੀ ਲਈ ਸਭ ਪੰਜਾਬੀ ਆਪੋ ਆਪਣੇ ਘਰਾਂ ਵਿੱਚ ਕਿਤਾਬਾਂ ਲਈ ਵਿਸ਼ੇਸ਼ ਅਲਮਾਰੀਆਂ ਬਣਾਉਣ।

ਉਨ੍ਹਾਂ ਕਿਹਾ ਕਿ ਸ਼ਬਦ ਗੁਰੂ ਦੀ ਧਰਤੀ ਪੰਜਾਬ ਵਿੱਚ ਕਿਤਾਬਾਂ ਦੀ ਸਰਦਾਰੀ ਕਾਇਮ ਕਰਨ ਲਈ ਹਰ ਪੰਜਾਬੀ ਹਿੰਮਤ ਕਰੇ। ਜਨਮ ਦਿਨ, ਵਿਆਹ ਸ਼ਾਦੀ ਅਤੇ ਹੋਰ ਸ਼ੁਭ ਮੌਕਿਆਂ ਤੇ ਸ਼ਗਨ ਰੂਪ ਵਿੱਚ ਕਿਤਾਬਾਂ ਦੇਣ ਦੀ ਵੀ ਪਿਰਤ ਪਾਉਣੀ ਚਾਹੀਦੀ ਹੈ। ਉਨ੍ਹਾਂ ਕਿਤਾਬ ਘਰ ਦੇ ਸੰਚਾਲਕ ਤੇ ਮਾਲਕ ਵਿਜੈ ਕੁਮਾਰ ਨੂੰ ਮੁਬਾਰਕ ਦਿੱਤੀ ਜਿਸ ਨੇ ਲਗਪਗ ਡੇਢ ਦਹਾਕਾ ਲੰਮੇ ਪੁਸਤਕ ਵਿਕਰੀ ਦੇ ਤਜ਼ਰਬੇ ਉਪਰੰਤ ਆਪਣਾ ਕਾਰੋਬਾਰ ਆਰੰਭਿਆ ਹੈ। ਇਸ ਮੌਕੇ ਉਨ੍ਹਾਂ ਦੀਪ ਜਗਦੀਪ ਸਿੰਘ ਵੱਲੋਂ ਭਗਵਤੀ ਚਰਨ ਵਰਮਾ ਦੇ ਨਾਵਲ ਚਿਤਰਲੇਖਾ ਦਾ ਪੰਜਾਬੀ ਅਨੁਵਾਦ ਵੀ ਲੋਕ ਅਰਪਨ ਕੀਤਾ।



ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ: ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਪੰਜਾਬੀ ਪੁਸਤਕਾ ਦੇ ਇਸ ਨਵੇਂ ਵਿਕਰੀ ਕੇਂਦਰ ਦੇ ਸ਼ੁਰੂ ਹੋਣ ਨਾਲ ਵੰਨ ਸੁਵੰਨਤੀ ਆਵੇਗੀ ਅਤੇ ਨਿੱਕੇ ਪ੍ਰਕਾਸ਼ਕਾਂ ਨੂੰ ਵੀ ਵਿਕਰੀ ਲਈ ਚੰਗਾ ਸਥਾਨ ਹਾਸਲ ਹੋਵੇਗਾ।

ਉਨ੍ਹਾਂ ਇਸ ਮੌਕੇ ਰਸੂਲ ਹਮਜ਼ਾਤੋਵ ਦੀ ਜਗਤ ਪ੍ਰਸਿੱਧ ਪੁਸਤਕ "ਮੇਰਾ ਦਾਗਿਸਤਾਨ"ਦੇ ਦੋਵੇ ਭਾਗ ਇੱਕ ਜਿਲਦ ਵਿੱਚ ਖ਼ਰੀਦੇ। ਪੰਜਾਬੀ ਚਿੰਤਕ ਸਤਿਨਾਮ ਸਿੰਘ ਮਾਣਕ, ਨਾਵਲਕਾਰ ਕੁਲਦੀਪ ਸਿੰਘ ਬੇਦੀ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ: ਹਰਜਿੰਦਰ ਸਿੰਘ ਅਟਵਾਲ, ਪੰਜਾਬੀ ਸਾਹਿੱਤ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ ਰਵਿੰਦਰ ਭੱਠਲ,ਲੋਕ ਮੰਚ ਪੰਜਾਬ ਦੇ ਪ੍ਰਧਾਨ ਤੇ ਆਪਣੀ ਆਵਾਜ਼ ਮਾਸਿਕ ਮੈਗਜ਼ੀਨ ਦੇ ਸੰਪਾਦਕ ਸੁਰਿੰਦਰ ਸਿੰਘ ਸੁੱਨੜ, ਡਾ ਗੁਰਇਕਬਾਲ ਸਿੰਘ, ਤ੍ਰੈਲੋਚਨ ਲੋਚੀ, ਪੰਜਾਬੀ ਕਵੀ ਤੇ ਪੱਤਰਕਾਰ ਦੀਪਕ ਚਨਾਰਥਲ, ਦੋਆਬਾ ਕਾਲਿਜ ਜਲੰਧਰ ਦੇ ਪੰਜਾਬੀ ਵਿਭਾਗ ਮੁਖੀ ਡਾ ਓਮਿੰਦਰ ਜੌਹਲ,ਸ_ਰਿੰਦਰਦੀਪ, ਦੀਪ ਜਗਦੀਪ ਸਿੰਘ, ਤ੍ਰੈਮਾਸਿਕ ਮੈਗਜ਼ੀਨ ਕਹਾਣੀ ਧਾਰਾ ਦੇ ਸੰਪਾਦਕ ਭਗਵੰਤ ਰਸੂਲਪੁਰੀ ਵੀ ਇਸ ਮੌਕੇ ਵਿਜੈ ਕੁਮਾਰ ਨੂੰ ਆਸ਼ੀਰਵਾਦ ਦੇਣ ਪੁੱਜੇ।

# ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਵੱਲੋਂ ਦਿਵਿਆਗਾਂ ਨੂੰ ਬੈਟਰੀ ਵਾਲੇ ਇਲੈਕਟਰੌਨਿਕ ਟਰਾਈਸਾਈਕਲ ਕੀਤੇ ਭੇਂਟ

## ਬੇਗਮਪੁਰਾ ਏਡ ਇੰਟਰਨੈਸ਼ਨਲ ਦੀ ਟੀਮ ਮਨੁੱਖਤਾ ਦੀ ਸੇਵਾ ਲਈ ਹਮੇਸ਼ਾ ਤੱਤਪਰ ਰਹਿੰਦੀ ਹੈ- ਭਾਈ ਰਾਮ ਸਿੰਘ ਮੈਂਗੜਾ

**ਫਗਵਾੜਾ (ਬੀ.ਕੇ. ਰੱਤੂ)** ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਵੱਲੋਂ ਪਿੰਡ ਜੱਲ੍ਹਾ ਤਹਿ।ਪਾਇਲ ਜਿਲਾ ਲੁਧਿਆਣਾ ਵਿਖੇ ਕੈਂਪ ਲਗਾਇਆ ਗਿਆ। ਜਿਸ ਵਿੱਚ ਫਿਜੀਕਲ ਚੈਲਿੰਜਰਜ਼ ਪਰਸਨਸ ਨੂੰ ਬੈਟਰੀ ਵਾਲੇ ਇਲੈਕਟਰੋਨਿਕ ਟਰਾਈਸਾਈਕਲ ਦਿੱਤੇ ਗਏ। ਇਹ ਸੇਵਾਵਾਂ ਬੇਗਮਪੁਰਾ ਦੇ ਸਰਪ੍ਰਸਤ ਭਾਈ ਰਾਮ ਸਿੰਘ ਮੈਂਗੜਾ ਜੀ ਦੀ ਮਿਹਨਤ ਸਦਕਾ ਉਨਾਂ ਦੀ ਲੁਧਿਆਣਾ ਦੀ ਟੀਮ ਦੇ ਵਲੰਟੀਅਰ ਵੀਰ ਮਨਜੀਤ ਸਿੰਘ ਵਲਜੋਤ (ਸ਼ਾਇਰ ਗੀਤਕਾਰ) ਨੇਕਾ ਮੱਲ੍ਹਾ ਬੇਦੀਆਂ (ਮਿਸ਼ਨਰੀ ਸਿੰਗਰ ਅਤੇ ਗੀਤਕਾਰ) ਮਨਪ੍ਰੀਤ ਸਿੰਘ ਮੁਛਾਲ (ਵੀਡੀਓ ਉਪਰੇਟਰ) ਪਰਮਜੀਤ ਸਿੰਘ ਵਲਜੋਤ ਲਵਲੀ ਮੱਖਣ ਵਲਜੋਤ ਆਦਿ ਵੱਲੋਂ ਦਿੱਤੇ ਗਏ। ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਵੱਲੋਂ ਜਿਨਾਂ ਵਿਅਕਤੀਆਂ ਨੂੰ ਇਹ ਬੈਟਰੀ ਵਾਲੇ ਇਲੈਕਟਰੋਨਿਕ ਟਰਾਈਸਾਈਕਲ ਦਿੱਤੇ ਗਏ! ਉਹਨਾਂ ਵਿੱਚ ਗੁਰਦੀਸ਼ ਸਿੰਘ, ਨਰੰਗ ਸਿੰਘ, ਜਰਨੈਲ ਸਿੰਘ, ਬਲਵਿੰਦਰ ਕੌਰ ਅਤੇ ਜਸਵਿੰਦਰ ਕੌਰ ਆਦਿ ਸ਼ਾਮਿਲ ਹਨ।



ਇਹਨਾਂ ਵਿਅਕਤੀਆਂ ਨੇ ਬੇਗਮਪੁਰਾ ਏਡ ਵੱਲੋਂ ਇਲੈਕਟਰੋਨਿਕ ਟਰਾਈਸਾਈਕਲ ਪ੍ਰਾਪਤ ਕਰਨ ਤੋਂ ਬਾਅਦ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਹੁਣ ਸਾਨੂੰ ਆਉਣ ਜਾਣ ਵਿੱਚ ਸੁਖਾਲਾ ਹੋਵੇਗਾ ਅਤੇ ਅਸੀਂ ਨੇੜੇ ਜਾਂ ਕਿਤੇ ਦੂਰ ਜਾਣਾ ਹੋਵੇ ਤਾਂ ਇਸ ਦੀ ਵਰਤੋਂ ਅਸੀਂ ਕਰ ਸਕਾਂਗੇ।

ਬੇਗਮਪੁਰਾ ਏਡ ਇੰਟਰਨੈਸ਼ਨਲ ਦੀ ਟੀਮ ਮਨੁੱਖਤਾ ਦੀ ਸੇਵਾ ਲਈ ਹਰ ਪਲ ਤੱਤਪਰ ਰਹਿੰਦੀ ਹੈ। ਚਾਹੇ ਕਿਸੇ ਮਰੀਜ਼ ਨੂੰ ਦਵਾਈਆਂ ਦੀ ਲੋੜ ਹੋਵੇ ਜਾਂ ਕਿਸੇ ਫਿਜੀਕਲ ਚੈਲਿੰਜਰਜ਼ ਪਰਸਨਸ ਨੂੰ ਟਰਾਈਸਾਈਕਲ ਜਾਂ ਇਲੈਕਟਰੋਨਿਕ ਬੈਟਰੀ ਵਾਲਾ ਟਰਾਈਸਾਈਕਲ ਜਾਂ ਕਿਸੇ ਗਰੀਬ ਪਰਿਵਾਰ ਦੀ ਲੜਕੀ ਦੀ ਪੜ੍ਹਾਈ ਲਿਖਾਈ ਦਾ ਖਰਚਾ, ਗੁਰਦੁਆਰਿਆਂ ਵਿੱਚ ਪਾਠੀ ਰਾਗੀ ਢਾਡੀ ਸਿੰਘਾਂ ਲਈ ਰਾਸ਼ਨ ਦੀਆਂ ਸੇਵਾਵਾਂ ਆਦਿ ਹਮੇਸ਼ਾ ਹੀ ਕਰਦੀ ਰਹਿੰਦੀ ਹੈ।

# ਓਵਰਟੇਕ ਕਰਦੀਆਂ ਬੱਸਾਂ ਨੇ ਜਾ ਰਹੇ ਟ੍ਰੈਕਟਰ ਨੂੰ ਪਿੱਛਿਓ ਟੱਕਰ ਮਾਰੀ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਬੀਤੇ ਕੱਲ ਪਿੰਡ ਬੱਛੂਆਂ ਤੋਂ ਵਾਪਸ ਅਟਾਲ ਮਜਾਰਾ ਪਿੰਡ ਨੂੰ ਜਾ ਰਹੇ ਟਰੈਕਟਰ ਟਰਾਲੀ ਦਾ ਸੀ ਟੀ ਯੂ ਦੀ ਬੱਸ ਨਾਲ ਹਾਦਸਾ ਵਾਪਰ ਗਿਆ। ਇਸ ਅਚਾਨਕ ਹੋਏ ਹਾਦਸੇ ਵਾਰੇ ਜਾਣਕਾਰੀ ਦਿੰਦਿਆ ਟ੍ਰੈਕਟਰ ਚਾਲਕ ਗੁਰਪ੍ਰੀਤ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਅਟਾਲ ਮਜਾਰਾ ਨੇ ਦੱਸਿਆ ਕਿ ਉਹ ਕੱਲ੍ਹ ਪਿੰਡ ਬੱਛੂਆਂ ਤੋਂ ਆਪਣੇ ਸਾਧਨ ਟਰੈਕਟਰ ਟਰਾਲੀ ਵਿੱਚ ਗੰਨੇ ਦਾ ਪੀੜ ਲੈ ਕੇ ਵਾਪਸ ਆਪਣੇ ਪਿੰਡ ਅਟਾਲ ਮਜਾਰਾ ਨੂੰ ਜਾ ਰਹੇ ਸਨ। ਜਦੋਂ ਉਹ ਗੜ੍ਹੀ ਬਾਈਪਾਸ ਦੇ ਨਜਦੀਕ ਪਹੁੰਚੇ ਤਾਂ ਚੰਡੀਗੜ੍ਹ, ਬਲਾਚੌਰ ਮੇਨ ਹਾਈਵੇਅ ਤੇ ਦੋ ਬੱਸਾਂ ਆਪਸ ਵਿੱਚ ਓਵਰਟੇਕ ਕਰ ਰਹੀਆਂ ਸਨ ਤਾਂ ਬਾਈਪਾਸ ਤੇ ਪਹੁੰਚ ਕੇ ਸੀ ਟੀ ਯੂ ਦੀ ਬੱਸ ਨੇ ਉਹਨਾਂ ਦੇ ਟਰੈਕਟਰ ਟਰਾਲੀ ਨੂੰ



ਪਿੱਛੇ ਤੋਂ ਜਬਰਦਸਤ ਟੱਕਰ ਮਾਰੀ ਜਿਸ ਨਾਲ ਟਰੈਕਟਰ ਦਾ ਸੰਤੁਲਨ ਵਿਗੜ ਗਿਆ ਤੇ ਟ੍ਰੈਕਟਰ ਖਤਾਨਾਂ ਵਿੱਚ ਉਤਰ ਕੇ ਪਲਟ ਗਿਆ। ਜਿਸ ਨਾਲ ਉਸਦੀਆਂ ਪਸਲੀਆਂ ਤੇ ਜੋਰਦਾਰ ਸੱਟ ਵੱਜੀ ਓਤੇ ਨਾਲ ਇਕ ਪ੍ਰਵਾਸੀ ਮਜ਼ਦੂਰ ਸੀ ਜਿਸ ਦੀ ਮੌਕੇ ਤੇ ਹੀ ਬਾਂਹ ਟੁੱਟ ਗਈ। ਇੰਨੀ ਜਬਰਦਸਤ ਟੱਕਰ ਹੋਣ ਤੇ ਬੱਸ ਡਰਾਈਵਰ ਰੁਕਣ ਦੀ ਬਜਾਏ ਬੱਸ ਹੋਰ ਤੇਜ ਕਰਕੇ ਫਰਾਰ ਹੋ ਗਿਆ। ਉਹਨਾਂ ਹੋਰ ਦੱਸਿਆ ਕਿ ਸਾਡੇ ਟਰੈਕਟਰ ਦਾ ਬਹੁਤ ਜਿਆਦਾ ਨੁਕਸਾਨ ਹੋ ਗਿਆ ਹੈ। ਜਿਸ ਨੂੰ ਮੌਕੇ ਤੇ ਇਕੱਠੇ ਹੋਏ ਲੋਕਾਂ ਨਾਲ ਰਲ ਕੇ ਕਰੇਨ ਦੀ ਮੱਦਦ ਨਾਲ ਬਾਹਰ ਕੱਢਿਆ ਗਿਆ। ਟਰੈਕਟਰ ਤੇ ਕੁਲ ਚਾਰ ਜਣੇ ਸਵਾਰ ਸਨ ਜਿਹਨਾ ਸਾਰਿਆਂ ਦੇ ਸੱਟਾਂ ਲੱਗੀਆਂ ਹਨ।

# ਐਕਵਾਇਰ ਕੀਤੀ ਜਾ ਰਹੀ ਜ਼ਮੀਨ ਦੇ ਮਾਲਕਾਂ ਨੂੰ ਮੁਆਵਜ਼ਾ ਦੇਣ ਸਬੰਧੀ ਪਿੰਡਾਂ ਵਿਚ ਲੱਗਣਗੇ ਵਿਸ਼ੇਸ਼ ਕੈਂਪ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਮਨਿਸਟਰੀ ਆਫ਼ ਰੋਡ ਟਰਾਂਸਪੋਰਟ ਐਂਡ ਹਾਈਵੇਜ਼, ਗੌਰਮਿੰਟ ਆਫ਼ ਇੰਡੀਆ ਵੱਲੋਂ ਫਗਵਾੜਾ–ਹੁਸ਼ਿਆਰਪੁਰ ਸਮੇਤ ਬਾਈਪਾਸ (ਐਨ।ਐਚ 344 ਬੀ) ਸਮੇਤ ਬਾਈਪਾਸ ਅਤੇ ਹੁਸ਼ਿਆਰਪੁਰ–ਊਨਾ ਅੱਪ ਟੂ ਪੰਜਾਬ ਬਾਰਡਰ ਸਮੇਤ ਬਾਈਪਾਸ ਐਨ।ਐਚ 503 ਏ (ਪੈਕੇਜ–ਵ) 4 ਲੇਨ ਨੈਸ਼ਨਲ ਹਾਈਵੇ ਦੀ ਉਸਾਰੀ ਕੀਤੀ ਜਾ ਰਹੀ ਹੈ, ਜਿਸ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੀ ਹੱਦ ਅੰਦਰ ਪੈਂਦੇ 44 ਪਿੰਡਾਂ ਦੀ ਜ਼ਮੀਨ ਵੀ ਐਕਵਾਇਰ ਕੀਤੀ ਜਾ ਰਹੀ ਹੈ।

ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਮਾਲ ਅਫ਼ਸਰ ਅਰਵਿੰਦ ਪ੍ਰਕਾਸ਼ ਵਰਮਾ ਨੇ ਦੱਸਿਆ ਕਿ ਬਣਦੇ ਮੁਆਵਜ਼ੇ ਦੀ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ। ਪਰੰਤੂ ਕਈ ਜ਼ਮੀਨ ਮਾਲਕਾਂ ਵੱਲੋਂ ਉਨ੍ਹਾਂ ਦੀ ਐਕਵਾਇਰ ਹੋਈ ਜ਼ਮੀਨ ਦਾ ਮੁਆਵਜ਼ਾ ਪ੍ਰਾਪਤ ਕਰਨ ਲਈ ਦਫ਼ਤਰ ਜ਼ਿਲ੍ਹਾ ਮਾਲ ਅਫ਼ਸਰ, ਹੁਸ਼ਿਆਰਪੁਰ ਨੂੰ ਫਾਈਲਾਂ ਤਿਆਰ ਕਰਕੇ ਨਹੀਂ ਦਿੱਤੀਆਂ ਜਾ ਰਹੀਆਂ, ਜਿਸ ਕਰਕੇ ਉਨ੍ਹਾਂ ਨੂੰ ਬਣਦੇ ਮੁਆਵਜ਼ੇ ਦੀ ਅਦਾਇਗੀ ਨਹੀਂ ਹੋ ਰਹੀ ਅਤੇ ਜ਼ਮੀਨ ਦਾ ਕਬਜ਼ਾ ਲੈਣ ਵਿਚ ਮੁਸ਼ਕਲ ਪੇਸ਼ ਆ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਇਨ੍ਹਾਂ ਦੋਵੇਂ ਪ੍ਰੋਜੈਕਟਾਂ ਦੀ ਪਰੋ ਅਲਾਈਨਮੈਂਟ ਵਿਚ ਆਉਂਦੇ ਪਿੰਡਾਂ ਵਿਚ 26 ਦਸੰਬਰ 2023 ਤੋਂ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ, ਜਿਸ ਤਹਿਤ 26 ਦਸੰਬਰ ਨੂੰ ਪਿੰਡ ਅਟੱਲਗੜ੍ਹ ਵਿਖੇ ਕੈਂਪ ਲਗਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ 27 ਦਸੰਬਰ ਨੂੰ ਪਿੰਡ ਅੱਜੋਵਾਲ, 28 ਦਸੰਬਰ ਨੂੰ ਢੋਲਣਵਾਲ, 29 ਨੂੰ ਦਸੰਬਰ ਬ੍ਰਹਮਜੀਤ, 1 ਜਨਵਰੀ 2024 ਨੂੰ ਕਾਇਮਪੁਰ, 2 ਜਨਵਰੀ ਨੂੰ ਡਗਾਣਾ ਖੁਰਦ, 3 ਜਨਵਰੀ ਨੂੰ ਅੰਮੋਵਾਲ, 4 ਜਨਵਰੀ ਨੂੰ ਡਗਾਣਾ ਕਲਾਂ, 5 ਜਨਵਰੀ ਨੰਗਲ ਸ਼ਹੀਦਾਂ, 8 ਜਨਵਰੀ ਨੂੰ ਸੱਜਣ, 9 ਜਨਵਰੀ ਨੂੰ ਬਿਲਾਸਪੁਰ, 10 ਜਨਵਰੀ ਨੂੰ ਹਰਦੋਖਾਨਪੁਰ, 11 ਜਨਵਰੀ ਨੂੰ ਅੱਤੋਵਾਲ, 12 ਜਨਵਰੀ ਆਦਮਵਾਲ, 15 ਜਨਵਰੀ ਨੂੰ ਬੱਸੀ ਨੌ, 16 ਜਨਵਰੀ ਨੂੰ ਕੱਕੋਂ, 17 ਜਨਵਰੀ ਨੂੰ ਮੜੂਲੀ ਬ੍ਰਾਹਮਣਾ, 18 ਜਨਵਰੀ ਨੂੰ ਖਾਖਲੀ, 19 ਜਨਵਰੀ ਮਰਨਾਈਆਂ ਕਲਾਂ, 22 ਜਨਵਰੀ ਨੂੰ ਨੰਦਨ, 23 ਜਨਵਰੀ ਨੂੰ ਕਾਹਰੀ, 24 ਜਨਵਰੀ ਨੂੰ ਬੱਸੀ ਪੁਰਾਣੀ, 25 ਜਨਵਰੀ ਨੂੰ ਸਾਹਰੀ, 29 ਜਨਵਰੀ ਨੂੰ ਖੜ੍ਹਕਾਂ, 30 ਜਨਵਰੀ ਨੂੰ ਤਨੂਲੀ, 31 ਜਨਵਰੀ ਨੂੰ ਚੱਕ ਹਰਨੌਲੀ, 1 ਫਰਵਰੀ ਨੂੰ ਖਨੌੜਾ, 2 ਫਰਵਰੀ ਪਟਿਆੜੀ, 5 ਨੂੰ ਮਹਿਟਿਆਣਾ, 6 ਫਰਵਰੀ ਨੂੰ ਜਹਾਨਖੇਲਾਂ, 7 ਫਰਵਰੀ ਨੂੰ ਅਹਿਰਾਣਾ, 8 ਫਰਵਰੀ ਮਹਿਲਾਂਵਾਲੀ, 9 ਫਰਵਰੀ ਨੂੰ ਪੁਰਹੀਰਾਂ, 12 ਫਰਵਰੀ ਨੂੰ ਬੱਸੀ ਮੁਸਤਫ਼ਾ, 13 ਫਰਵਰੀ ਨੂੰ ਕਿਲਾ ਬਰੂਨ, 14 ਫਰਵਰੀ ਨੂੰ ਕੋਟਲਾ ਗੌਂਸਪੁਰ, 15 ਫਰਵਰੀ ਨੂੰ ਬਿਛੋਹੀ ਵਿਖੇ ਸਵੇਰੇ 11 ਵਜੇ ਕੈਂਪ ਲਗਾਏ ਜਾ ਰਹੇ ਹਨ।

# ਸਾਮਰਾਜੀ ਦਾਬੇ ਅਤੇ ਜਮਹੂਰੀ ਹੱਕਾਂ ਬਾਰੇ ਊਧਮ ਸਿੰਘ ਦੇ ਜਨਮ ਦਿਹਾੜੇ 'ਤੇ ਹੋਈ ਵਿਚਾਰ-ਚਰਚਾ

**ਜਲੰਧਰ–** ਸ਼ਹੀਦ ਊਧਮ ਸਿੰਘ ਦੇ ਜਨਮ ਦਿਹਾੜੇ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਰੱਖੀ ਵਿਚਾਰ–ਚਰਚਾ ਵਿੱਚ ਊਧਮ ਸਿੰਘ ਦੀ ਸੰਗਰਾਮੀ ਜੀਵਨ–ਗਾਥਾ, ਲਿਖਤਾਂ, ਉਦੇਸ਼ਾਂ ਦੀ ਰੌਸ਼ਨੀ 'ਚ ਅਜੋਕੇ ਸਮੇਂ ਦੇ ਮਘਦੇ ਸੁਆਲਾਂ ਨੂੰ ਮੁਖ਼ਾਤਖ ਹੋਣ ਲਈ ਲੋਕ ਮਸਲਿਆਂ ਬਾਰੇ ਚੇਤਨ ਕਰਦਿਆਂ ਲੋਕ ਲਹਿਰਾਂ ਲਈ ਜਰਖ਼ੇਜ ਭੋਇੰ ਤਿਆਰ ਕਰਨ ਦਾ ਅਹਿਦ ਲਿਆ ਗਿਆ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਦਸੰਬਰ ਮਹੀਨੇ ਦੇ ਦੇਸ਼ ਭਗਤਾਂ ਅਤੇ ਇਤਿਹਾਸਕ ਘਟਨਾਵਾਂ ਨੂੰ ਸਿਜਦਾ ਕਰਦੇ ਹੋਏ ਕਿਹਾ ਕਿ ਸਾਡੇ ਬੂਹੇ ਦਸਤਕ ਦੇ ਰਹੇ ਨਵੇਂ



ਵਰ੍ਹੇ ਤੋਂ ਹਰ ਮਹੀਨੇ ਨਿਰੰਤਰ ਸਰਗਰਮੀਆਂ ਕਰਨ ਦੀ ਸ਼ੁਰੂਆਤ ਲਈ ਸਾਨੂੰ ਸ਼ਹੀਦ ਊਧਮ ਸਿੰਘ ਦੇ ਜੀਵਨ–ਸੰਗਰਾਮ ਅਤੇ ਆਦਰਸ਼ਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਵਿਚਾਰ–ਚਰਚਾ 'ਚ ਸਾਮਰਾਜੀ ਕਾਰਪੋਰੇਟ ਘਰਾਣਿਆਂ ਦੁਆਰਾ ਕੁਦਰਤੀ ਸਰੋਤਾਂ, ਮਨੁੱਖੀ ਕਿਰਤ ਉਪਰ ਧਾਵੇ ਦੇ ਨਾਲ–ਨਾਲ ਲੋਕਾਂ ਦੇ ਬੁਨਿਆਦੀ ਜਮਹੂਰੀ ਹੱਕਾਂ ਉਪਰ ਛਾਪਾ ਮਾਰਕੇ, ਫ਼ਿਰਕੂ ਫਾਸ਼ੀ ਅਜੰਡਾ ਮੜ੍ਹਨ ਖ਼ਿਲਾਫ਼ ਲੋਕਾਂ ਨੂੰ ਜਾਗਰੂਕ ਕਰਨ ਅਤੇ ਸੰਗਰਾਮ ਦੇ ਰਾਹ ਪੈਣ ਲਈ ਕਲਾ ਅਤੇ ਸਰਗਰਮੀਆਂ ਦੀ ਵੰਨ–ਸੁਵੰਨੀਆਂ ਵਿਧਾਵਾਂ ਉਪਰ ਗੌਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਵਿਚਾਰ–ਚਰਚਾ ਦਾ ਮਹੱਤਵਪੂਰਣ ਪੱਖ ਇਹ ਰਿਹਾ ਕਿ ਇਸ ਵਿੱਚ ਦੇਸ਼ ਭਗਤ ਯਾਦਗਾਰ ਹਾਲ ਦਾ ਪਰਿਵਾਰਕ ਘੇਰਾ ਮਜ਼ਬੂਤ ਕਰਨ ਅਤੇ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਨਿਰੰਤਰ ਵਿਚਾਰ–ਗੋਸਟੀਆਂ, ਪੁਸਤਕ ਸਭਿਆਚਾਰ, ਗਾਇਨ, ਰੰਗ ਮੰਚ, ਚਿੱਤਰਕਲਾ, ਪਰਿਵਾਰਕ ਮਿਲਣੀਆਂ ਕਰਨ, ਪ੍ਰਦੇਸਾਂ 'ਚ ਵਸਦੇ ਅਤੇ ਹਾਲ ਨਾਲ ਜੁੜੇ ਪਰਿਵਾਰਾਂ ਦਾ ਰੂਬਰੂ, ਸਿਰ ਚੜ੍ਹ ਬੋਲ ਰਹੇ ਫ਼ਿਰਕੂ ਫਾਸ਼ੀ ਹੱਲੇ ਖ਼ਿਲਾਫ਼ ਜ਼ਬਰਦਸਤ ਲੋਕ ਆਵਾਜ਼ ਖੜ੍ਹੀ ਕਰਨ ਤੇ ਚਰਚਾ ਕੇਂਦਰਤ ਹੋਈ।

ਵਿਚਾਰ–ਚਰਚਾ 'ਚ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਕਮੇਟੀ ਮੈਂਬਰ ਡਾ. ਸੈਲੇਸ਼, ਰਣਜੀਤ ਸਿੰਘ ਔਲਖ, ਹਰਮੇਸ਼ ਮਾਲੜੀ, ਸੁਰਿੰਦਰ ਕੁਮਾਰੀ ਕੋਛੜ, ਡਾ. ਗੋਪਾਲ ਸਿੰਘ ਬੁੱਟਰ, ਜਰਮਨਜੀਤ, ਡਾ. ਜਗਜੀਤ ਸਿੰਘ ਚੀਮਾ, ਮਾਸਟਰ ਮੁਨੀ ਲਾਲ, ਅਵੱਸਥੀ, ਮਾਸਟਰ ਜੋਗਿੰਦਰ ਸਿੰਘ, ਪਰਮਜੀਤ ਕਲਸੀ, ਜੋਗਾ ਸਿੰਘ, ਬਿਮਲਾ ਰਾਏ ਸਮੇਤ ਕੋਈ ਚਾਰ ਦਰਜ਼ਨ ਵਿਚਾਰਵਾਨਾਂ ਨੇ ਹਿੱਸਾ ਲਿਆ। ਵਿਚਾਰ–ਚਰਚਾ 'ਚ ਮਤੇ ਪਾਸ ਕਰਕੇ ਮੰਗ ਕੀਤੀ ਗਈ ਕਿ ਫ਼ਲਸਤੀਨੀ ਲੋਕਾਂ ਦਾ ਨਸਲਘਾਤ ਕਰਨਾ ਤੁਰੰਤ ਬੰਦ ਕੀਤਾ ਜਾਵੇ। ਬੁੱਧੀਜੀਵੀਆਂ ਨੂੰ ਰਿਹਾਅ ਕੀਤਾ ਜਾਵੇ। ਵਿਚਾਰਾਂ ਦੀ ਆਜ਼ਾਦੀ ਅਤੇ ਸੋਸ਼ਲ ਮੀਡੀਆ ਉਪਰ ਸਿਕੰਜਾ ਕਸਣਾ ਬੰਦ ਕੀਤਾ ਜਾਵੇ। ਵਿਚਾਰ–ਚਰਚਾ 'ਤੇ ਸਮੇਟਵੀਂ ਟਿੱਪਣੀ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਕਮੇਟੀ ਦੇ ਆਧਾਰ ਚੌਖਟੇ ਦਾ ਧਿਆਨ ਰੱਖਦਿਆਂ ਕਾਰਜ਼ ਨੇਪਰੇ ਚਾੜ੍ਹਨ ਲਈ ਲੋਕਾਂ ਦੇ ਸਹਿਯੋਗ ਦੀ ਬੇਹੱਦ ਲੋੜ ਹੈ। ਉਹਨਾਂ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਲੋਕਾਂ ਵੱਲੋਂ ਕਮੇਟੀ ਨੂੰ ਮਿਲ ਰਹੇ ਸਮਰਥਨ ਨੂੰ ਹੋਰ ਵੀ ਵਿਸ਼ਾਲ ਕਰਨ ਲਈ ਭਵਿੱਖ਼ ਵਿੱਚ ਤੁਹਾਡੇ ਆਏ ਵਿਚਾਰਾਂ, ਸੁਝਾਵਾਂ ਦੀ ਰੌਸ਼ਨੀ 'ਚ ਹੋਰ ਵੀ ਸੁਹਿਰਦ ਯਤਨ ਕੀਤੇ ਜਾਣਗੇ।

# ਆਰਟੀਫੀਸ਼ੀਅਲ ਇੰਟੈਲੀਜੈਂਸ ਦੁਨੀਆਂ ਨੂੰ ਕਿਵੇਂ ਬਦਲ ਦੇਵੇਗੀ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਏਆਈ ਦਾ ਭਵਿੱਖ ਇੱਕ ਤੇਜ਼ੀ ਨਾਲ ਬਦਲ ਰਿਹਾ ਲੈਂਡਸਕੇਪ ਹੈ, ਇਹ ਇਸ ਲਈ ਹੈ ਕਿਉਂਕਿ ਨਕਲੀ ਬੁੱਧੀ ਦੇ ਖੇਤਰ ਵਿੱਚ ਮੌਜੂਦਾ ਨਵੀਨਤਾਵਾਂ ਇੰਨੀ ਤੇਜ਼ ਰਫ਼ਤਾਰ ਨਾਲ ਤੇਜ਼ ਹੋ ਰਹੀਆਂ ਹਨ ਕਿ ਇਸਨੂੰ ਜਾਰੀ ਰੱਖਣਾ ਮੁਸ਼ਕਲ ਹੈ। ਦਰਅਸਲ, ਨਕਲੀ ਬੁੱਧੀ ਲਗਭਗ ਹਰ ਉਦਯੋਗ ਵਿੱਚ ਮਨੁੱਖਤਾ ਦੇ ਭਵਿੱਖ ਨੂੰ ਰੂਪ ਦੇ ਰਹੀ ਹੈ। ਇਹ ਪਹਿਲਾਂ ਤੋਂ ਹੀ ਵੱਡੇ ਡੇਟਾ, ਰੋਬੋਟਿਕਸ ਵਰਗੀਆਂ ਉਭਰਦੀਆਂ ਤਕਨਾਲੋਜੀਆਂ ਦਾ ਮੁੱਖ ਚਾਲਕ ਹੈ ਅਤੇ ਚੈਟਜੀਪੀਟੀ ਅਤੇ ਏਆਈ ਆਰਟ ਜਨਰੇਟਰਾਂ ਵਰਗੇ ਟੂਲਸ ਦੇ ਨਾਲ, ਮੁੱਖ ਧਾਰਾ ਦਾ ਧਿਆਨ ਖਿੱਚ ਰਿਹਾ ਹੈ - ਅਤੇ ਇਹ ਆਉਣ ਵਾਲੇ ਭਵਿੱਖ ਲਈ ਇੱਕ ਤਕਨੀਕੀ ਨਵੀਨਤਾਕਾਰੀ ਵਜੋਂ ਕੰਮ ਕਰਨਾ ਜਾਰੀ ਰੱਖੇਗਾ। ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਵਿਕਾਸ ਟੈਕਨਾਲੋਜੀ 'ਤੇ ਏਆਈ ਦਾ ਪ੍ਰਭਾਵ ਇਸ ਲਈ ਹੈ ਕਿਉਂਕਿ ਇਹ ਕੰਪਿਊਟਿੰਗ ਨੂੰ ਕਿਵੇਂ ਪ੍ਰਭਾਵਤ ਕਰਦਾ ਹੈ। ਏਆਈ ਦੁਆਰਾ, ਕੰਪਿਊਟਰਾਂ ਕੋਲ ਵੱਡੀ ਮਾਤਰਾ ਵਿੱਚ ਡੇਟਾ ਦੀ ਵਰਤੋਂ ਕਰਨ ਅਤੇ ਮਨੁੱਖਾਂ ਨੂੰ ਲੱਗਣ ਵਾਲੇ ਸਮੇਂ ਦੇ ਅੰਸ਼ਾਂ ਵਿੱਚ ਅਨੁਕੂਲ ਫੈਸਲੇ ਅਤੇ ਖੋਜਾਂ ਕਰਨ ਲਈ ਆਪਣੀ ਸਿੱਖੀ ਬੁੱਧੀ ਦੀ ਵਰਤੋਂ ਕਰਨ ਦੀ ਸਮਰੱਥਾ ਹੁੰਦੀ ਹੈ। ਉਦੋਂ ਤੋਂ, ਏਆਈ ਦੀ ਵਰਤੋਂ ਟੀਕਿਆਂ ਅਤੇ ਮਾਡਲ ਮਨੁੱਖੀ ਭਾਸ਼ਣ, ਤਕਨੀਕਾਂ ਜੋ ਮਾਡਲ- ਅਤੇ ਐਲਗੋਰਿਦਮ-ਅਧਾਰਿਤ ਮਸ਼ੀਨ ਸਿਖਲਾਈ 'ਤੇ ਨਿਰਭਰ ਕਰਦੀ ਹੈ ਅਤੇ ਧਾਰਨਾ, ਤਰਕ ਅਤੇ ਸਧਾਰਣਕਰਨ 'ਤੇ ਤੇਜ਼ੀ ਨਾਲ ਧਿਆਨ ਕੇਂਦ੍ਰਤ ਕਰਨ ਲਈ ਆਰਐਨਏ ਦੀ ਤਰਤੀਬ ਵਿੱਚ ਮਦਦ ਕਰਨ ਲਈ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀਆਂ ਨਵੀਨਤਾਵਾਂ ਦੇ ਨਾਲ, ਏਆਈ ਨੇ ਕੇਂਦਰ ਦੇ ਪੜਾਅ ਨੂੰ ਮੁੜ-ਲੈ ਲਿਆ ਹੈ ਜਿਵੇਂ ਕਿ ਪਹਿਲਾਂ ਕਦੇ ਨਹੀਂ - ਅਤੇ ਇਹ ਕਿਸੇ ਵੀ ਸਮੇਂ ਜਲਦੀ ਹੀ ਸਪਾਟਲਾਈਟ ਨਹੀਂ ਛੱਡੇਗਾ। ਏਆਈ ਕਿਹੜੇ ਉਦਯੋਗ ਬਦਲਣਗੇ? ਅਸਲ ਵਿੱਚ ਕੋਈ ਵੱਡਾ ਉਦਯੋਗ ਨਹੀਂ ਹੈ ਜੋ ਆਧੁਨਿਕ ਏਆਈ— ਵਧੇਰੇ ਖਾਸ ਤੌਰ 'ਤੇ, "ਸੰਕੀਰਣ ਏਆਈ" ਜੋ ਕਿ ਡੇਟਾ-ਸਿਖਲਾਈ ਵਾਲੇ ਮਾਡਲਾਂ ਦੀ ਵਰਤੋਂ ਕਰਕੇ ਉਦੇਸ਼ ਕਾਰਜ ਕਰਦਾ ਹੈ ਅਤੇ ਅਕਸਰ ਡੂੰਘੀ ਸਿਖਲਾਈ ਜਾਂ ਮਸ਼ੀਨ ਸਿਖਲਾਈ ਦੀਆਂ ਸ਼੍ਰੇਣੀਆਂ ਵਿੱਚ ਆਉਂਦਾ ਹੈ — ਪਹਿਲਾਂ ਹੀ ਪ੍ਰਭਾਵਿਤ ਨਹੀਂ ਹੋਇਆ ਹੈ। ਇਹ ਪਿਛਲੇ ਕੁਝ ਸਾਲਾਂ ਵਿੱਚ ਖਾਸ ਤੌਰ 'ਤੇ ਸੱਚ ਹੈ, ਕਿਉਂਕਿ ਮਜ਼ਬੂਤ ਆਈਓਟੀ -ਕਨੈਕਟੀਵਿਟੀ, ਕਨੈਕਟ ਕੀਤੇ ਡਿਵਾਈਸਾਂ ਦੇ ਪ੍ਰਸਾਰ ਅਤੇ ਹਮੇਸ਼ਾਂ-ਤੇਜ਼ ਕੰਪਿਊਟਰ ਪ੍ਰੋਸੈਸਿੰਗ ਦੇ ਕਾਰਨ ਡਾਟਾ ਇਕੱਤਰ ਕਰਨ ਅਤੇ ਵਿਸ਼ਲੇਸ਼ਣ ਵਿੱਚ ਕਾਫ਼ੀ ਵਾਧਾ ਹੋਇਆ ਹੈ।

ਕੰਪਨੀਆਂ ਹਰ ਸਾਲ ਏਆਈ ਉਤਪਾਦਾਂ ਅਤੇ ਸੇਵਾਵਾਂ 'ਤੇ ਅਰਬਾਂ ਡਾਲਰ ਖਰਚ ਕਰਦੀਆਂ ਹਨ, ਗੂਗਲ, ਐਪਲ, ਮਾਈਕ੍ਰੋਸਾਫਟ ਅਤੇ ਐਮਾਜ਼ਾਨ ਵਰਗੀਆਂ ਤਕਨੀਕੀ ਦਿੱਗਜਾਂ ਉਨ੍ਹਾਂ ਉਤਪਾਦਾਂ ਅਤੇ ਸੇਵਾਵਾਂ ਨੂੰ ਬਣਾਉਣ ਲਈ ਅਰਬਾਂ ਖਰਚ ਕਰਦੀਆਂ ਹਨ, ਯੂਨੀਵਰਸਿਟੀਆਂ ਏਆਈ ਨੂੰ ਆਪਣੇ ਪਾਠਕ੍ਰਮ ਦਾ ਵਧੇਰੇ ਪ੍ਰਮੁੱਖ ਹਿੱਸਾ ਬਣਾਉਂਦੀਆਂ ਹਨ ਅਤੇ ਅਮਰੀਕੀ ਰੱਖਿਆ ਵਿਭਾਗ ਇਸ ਨੂੰ ਵਧਾ ਰਿਹਾ ਹੈ ਏਆਈ ਗੇਮ, ਵੱਡੀਆਂ ਚੀਜ਼ਾਂ ਹੋਣ ਵਾਲੀਆਂ ਹਨ। "ਬਹੁਤ ਸਾਰੇ ਉਦਯੋਗ ਸਰਦੀਆਂ, ਸਰਦੀਆਂ ਅਤੇ ਫਿਰ ਇੱਕ ਸਦੀਵੀ ਬਸੰਤ ਦੇ ਇਸ ਪੈਟਰਨ ਵਿੱਚੋਂ ਲੰਘਦੇ ਹਨ," ਸਾਬਕਾ ਗੂਗਲ ਬ੍ਰੇਨ ਲੀਡਰ ਅਤੇ ਬਾਇਡੂ ਦੇ ਮੁੱਖ ਵਿਗਿਆਨੀ ਐਂਡਰਿਊ ਐਨਜੀ ਨੇ ਜ਼ੈਡਨੇਟ ਨੂੰ ਦੱਸਿਆ। "ਅਸੀਂ ਏਆਈ ਦੇ ਸਦੀਵੀ ਬਸੰਤ ਵਿੱਚ ਹੋ ਸਕਦੇ ਹਾਂ।" ਟਰਾਂਸਪੋਰਟੇਸ਼ਨ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਟਰਾਂਸਪੋਰਟੇਸ਼ਨ ਇੱਕ ਅਜਿਹਾ ਉਦਯੋਗ ਹੈ ਜੋ ਯਕੀਨੀ ਤੌਰ 'ਤੇ ਏਆਈ ਦੁਆਰਾ ਬਹੁਤ ਜ਼ਿਆਦਾ ਬਦਲਿਆ ਗਿਆ ਹੈ। ਸਵੈ-ਡਰਾਈਵਿੰਗ ਕਾਰਾਂ ਅਤੇ ਏਆਈ ਯਾਤਰਾ ਯੋਜਨਾਕਾਰ ਇਸ ਗੱਲ ਦੇ ਕੁਝ ਪਹਿਲੂ ਹਨ ਕਿ ਅਸੀਂ ਬਿੰਦੂ ਏ ਤੋਂ ਬਿੰਦੂ ਬੀ ਤੱਕ ਕਿਵੇਂ ਪਹੁੰਚਦੇ ਹਾਂ ਜੋ ਏਆਈ ਦੁਆਰਾ ਪ੍ਰਭਾਵਿਤ ਹੋਣਗੇ।

ਭਾਵੇਂ ਖੁਦਮੁਖਤਿਆਰ ਵਾਹਨ ਸੰਪੂਰਣ ਤੋਂ ਬਹੁਤ ਦੂਰ ਹਨ, ਉਹ ਇੱਕ ਦਿਨ ਸਾਨੂੰ ਥਾਂ-ਥਾਂ ਲੈ ਕੇ ਜਾਣਗੇ। ਨਿਰਮਾਣ ਵਿੱਚ ਨਕਲੀ ਬੁੱਧੀ ਮੈਨੂਫੈਕਚਰਿੰਗ ਨੂੰ ਸਾਲਾਂ ਤੋਂ ਏਆਈ ਤੋਂ ਫਾਇਦਾ ਹੋ ਰਿਹਾ ਹੈ। ਏਆਈ-ਸਮਰੱਥ ਰੋਬੋਟਿਕ ਹਥਿਆਰਾਂ ਅਤੇ 1960 ਅਤੇ 1970 ਦੇ ਦਹਾਕੇ ਦੇ ਹੋਰ ਨਿਰਮਾਣ ਬੋਟਾਂ ਦੇ ਨਾਲ, ਉਦਯੋਗ ਨੇ ਏਆਈ ਦੀਆਂ ਸ਼ਕਤੀਆਂ ਨੂੰ ਚੰਗੀ ਤਰ੍ਹਾਂ ਢਾਲ ਲਿਆ ਹੈ।

ਇਹ ਉਦਯੋਗਿਕ ਰੋਬੋਟ ਆਮ ਤੌਰ 'ਤੇ ਅਸੈਂਬਲੀ ਅਤੇ ਸਟੈਕਿੰਗ ਵਰਗੇ ਸੀਮਤ ਕਾਰਜਾਂ ਨੂੰ ਕਰਨ ਲਈ ਮਨੁੱਖਾਂ ਦੇ ਨਾਲ ਕੰਮ ਕਰਦੇ ਹਨ, ਅਤੇ ਭਵਿੱਖਬਾਣੀ ਵਿਸ਼ਲੇਸ਼ਣ ਸੈਂਸਰ ਸਾਜ਼ੋ-ਸਾਮਾਨ ਨੂੰ ਸੁਚਾਰੂ ਢੰਗ ਨਾਲ ਚਲਾਉਂਦੇ ਰਹਿੰਦੇ ਹਨ। ਹੈਲਥਕੇਅਰ ਵਿੱਚ ਨਕਲੀ ਬੁੱਧੀ ਇਹ ਅਸੰਭਵ ਜਾਪਦਾ ਹੈ, ਪਰ ਏਆਈ ਹੈਲਥਕੇਅਰ ਪਹਿਲਾਂ ਹੀ ਮਨੁੱਖਾਂ ਦੇ ਡਾਕਟਰੀ ਪ੍ਰਦਾਤਾਵਾਂ ਨਾਲ ਗੱਲਬਾਤ ਕਰਨ ਦੇ ਤਰੀਕੇ ਨੂੰ ਬਦਲ ਰਹੀ ਹੈ।

ਇਸਦੀਆਂ ਵੱਡੀਆਂ ਡਾਟਾ ਵਿਸ਼ਲੇਸ਼ਣ ਸਮਰੱਥਾਵਾਂ ਲਈ ਧੰਨਵਾਦ, ਏਆਈ ਰੋਗਾਂ ਨੂੰ ਤੇਜ਼ੀ ਨਾਲ ਅਤੇ ਸਹੀ ਢੰਗ ਨਾਲ ਪਛਾਣਨ, ਦਵਾਈ ਦੀ ਗਤੀ ਵਧਾਉਣ ਅਤੇ ਸੁਚਾਰੂ ਬਣਾਉਣ ਵਿੱਚ ਮਦਦ ਕਰਦਾ ਹੈ।

ਵਰਚੁਅਲ ਨਰਸਿੰਗ ਸਹਾਇਕਾਂ ਦੁਆਰਾ ਮਰੀਜ਼ਾਂ ਦੀ ਖੋਜ ਅਤੇ ਨਿਗਰਾਨੀ ਵੀ। ਸਿੱਖਿਆ ਵਿੱਚ ਨਕਲੀ ਬੁੱਧੀ ਸਿੱਖਿਆ ਵਿੱਚ ਏਆਈ ਹਰ ਉਮਰ ਦੇ ਮਨੁੱਖਾਂ ਦੇ ਸਿੱਖਣ ਦੇ ਤਰੀਕੇ ਨੂੰ ਬਦਲ ਦੇਵੇਗਾ। ਮਸ਼ੀਨ ਸਿਖਲਾਈ, ਕੁਦਰਤੀ ਭਾਸ਼ਾ ਪ੍ਰੋਸੈਸਿੰਗ ਅਤੇ ਚਿਹਰੇ ਦੀ ਪਛਾਣ ਦੀ ਏਆਈ ਦੀ ਵਰਤੋਂ ਪਾਠ-ਪੁਸਤਕਾਂ ਨੂੰ ਡਿਜੀਟਾਈਜ਼ ਕਰਨ, ਸਾਹਿਤਕ ਚੋਰੀ ਦਾ ਪਤਾ ਲਗਾਉਣ ਅਤੇ ਵਿਦਿਆਰਥੀਆਂ ਦੀਆਂ ਭਾਵਨਾਵਾਂ ਦਾ ਪਤਾ ਲਗਾਉਣ ਵਿੱਚ ਮਦਦ ਕਰਦੀ ਹੈ ਤਾਂ ਜੋ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਕੌਣ ਸੰਘਰਸ਼ ਕਰ ਰਿਹਾ ਹੈ ਜਾਂ ਬੋਰ ਹੈ। ਵਰਤਮਾਨ ਵਿੱਚ ਅਤੇ ਭਵਿੱਖ ਵਿੱਚ, ਏਆਈ ਵਿਦਿਆਰਥੀ ਦੀਆਂ ਵਿਅਕਤੀਗਤ ਲੋੜਾਂ ਅਨੁਸਾਰ ਸਿੱਖਣ ਦੇ ਅਨੁਭਵ ਨੂੰ ਤਿਆਰ ਕਰਦਾ ਹੈ। ਮੀਡੀਆ ਵਿੱਚ ਨਕਲੀ ਬੁੱਧੀ ਪੱਤਰਕਾਰੀ ਏਆਈ ਨੂੰ ਵੀ ਵਰਤ ਰਹੀ ਹੈ, ਅਤੇ ਇਸਦਾ ਲਾਭ ਪ੍ਰਾਪਤ ਕਰਨਾ ਜਾਰੀ ਰੱਖੇਗਾ।

ਇੱਕ ਉਦਾਹਰਣ ਐਸੋਸੀਏਟਿਡ ਪ੍ਰੈਸ ਦੁਆਰਾ ਸਵੈਚਲਿਤ ਇਨਸਾਈਟਸ ਦੀ ਵਰਤੋਂ ਵਿੱਚ ਦੇਖੀ ਜਾ ਸਕਦੀ ਹੈ, ਜੋ ਪ੍ਰਤੀ ਸਾਲ ਹਜ਼ਾਰਾਂ ਕਮਾਈ ਦੀਆਂ ਰਿਪੋਰਟਾਂ ਦੀਆਂ ਕਹਾਣੀਆਂ ਤਿਆਰ ਕਰਦੀ ਹੈ। ਪਰ ਜਿਵੇਂ ਕਿ ਜੈਨਰੇਟਿਵ ਏਆਈ ਰਾਈਟਿੰਗ ਟੂਲ, ਜਿਵੇਂ ਕਿ ਚੈਟਜੀਪੀਟੀ, ਮਾਰਕੀਟ ਵਿੱਚ ਦਾਖਲ ਹੁੰਦੇ ਹਨ, ਪੱਤਰਕਾਰੀ ਵਿੱਚ ਉਹਨਾਂ ਦੀ ਵਰਤੋਂ ਬਾਰੇ ਸਵਾਲ ਬਹੁਤ ਹੁੰਦੇ ਹਨ। ਗਾਹਕ ਸੇਵਾ ਵਿੱਚ ਨਕਲੀ ਬੁੱਧੀ ਜ਼ਿਆਦਾਤਰ ਲੋਕ ਰੋਬੋ-ਕਾਲ ਪ੍ਰਾਪਤ ਕਰਨ ਤੋਂ ਡਰਦੇ ਹਨ, ਪਰ ਗਾਹਕ ਸੇਵਾ ਵਿੱਚ ਏਆਈ ਉਦਯੋਗ ਨੂੰ ਡੇਟਾ-ਸੰਚਾਲਿਤ ਟੂਲ ਪ੍ਰਦਾਨ ਕਰ ਸਕਦਾ ਹੈ ਜੋ ਗਾਹਕ ਅਤੇ ਪ੍ਰਦਾਤਾ ਦੋਵਾਂ ਲਈ ਅਰਥਪੂਰਨ ਸਮਝ ਲਿਆਉਂਦਾ ਹੈ।

ਗਾਹਕ ਸੇਵਾ ਉਦਯੋਗ ਨੂੰ ਸ਼ਕਤੀ ਪ੍ਰਦਾਨ ਕਰਨ ਵਾਲੇ ਏਆਈ ਟੂਲ ਚੈਟਬੋਟਸ ਅਤੇ ਵਰਚੁਅਲ ਅਸਿਸਟੈਂਟਸ ਦੇ ਰੂਪ ਵਿੱਚ ਆਉਂਦੇ ਹਨ। ਸਮਾਜ 'ਤੇ ਏਆਈ ਦਾ ਪ੍ਰਭਾਵ ਏਆਈ ਕੰਮ ਕਿਵੇਂ ਬਦਲੇਗਾ ਨਾਰਥਵੈਸਟਰਨ ਯੂਨੀਵਰਸਿਟੀ ਵਿੱਚ ਇੱਕ ਲੈਕਚਰ ਦੇ ਦੌਰਾਨ, ਏਆਈ ਮਾਹਰ ਕਾਈ-ਫੂ ਲੀ ਨੇ ਏਆਈ ਤਕਨਾਲੋਜੀ ਅਤੇ ਇਸਦੇ ਆਉਣ ਵਾਲੇ ਪ੍ਰਭਾਵਾਂ ਦੀ ਚੈਂਪੀਅਨਸ਼ਿਪ ਕੀਤੀ ਅਤੇ ਇਸਦੇ ਮਾੜੇ ਪ੍ਰਭਾਵਾਂ ਅਤੇ ਸੀਮਾਵਾਂ ਨੂੰ ਵੀ ਨੋਟ ਕੀਤਾ। ਸਾਬਕਾ ਬਾਰੇ, ਉਸਨੇ ਚੇਤਾਵਨੀ ਦਿੱਤੀ: "ਹੇਠਲੇ 90 ਪ੍ਰਤੀਸ਼ਤ, ਖਾਸ ਤੌਰ 'ਤੇ ਆਮਦਨੀ ਜਾਂ ਸਿੱਖਿਆ ਦੇ ਮਾਮਲੇ ਵਿੱਚ ਦੁਨੀਆ ਦੇ ਹੇਠਲੇ 50 ਪ੍ਰਤੀਸ਼ਤ, ਨੌਕਰੀ ਦੇ ਵਿਸਥਾਪਨ ਨਾਲ ਬੁਰੀ ਤਰ੍ਹਾਂ ਦੁਖੀ ਹੋਣਗੇ... ਪੁੱਛਣ ਲਈ ਸਧਾਰਨ ਸਵਾਲ ਇਹ ਹੈ, 'ਨੌਕਰੀ ਕਿੰਨੀ ਰੁਟੀਨ ਹੈ?' ਅਤੇ ਇਹ ਕਿੰਨੀ ਸੰਭਾਵਨਾ ਹੈ- ਇਹ ਹੈ.. ਇੱਕ ਨੌਕਰੀ ਏਆਈ ਦੁਆਰਾ ਬਦਲ ਦਿੱਤੀ ਜਾਵੇਗੀ, ਕਿਉਂਕਿ ਏਆਈ ,ਰੁਟੀਨ ਕੰਮ ਦੇ ਅੰਦਰ, ਆਪਣੇ ਆਪ ਨੂੰ ਅਨੁਕੂਲ ਬਣਾਉਣਾ ਸਿੱਖ ਸਕਦਾ ਹੈ। ਅਤੇ ਜਿੰਨਾ ਜ਼ਿਆਦਾ ਮਾਤਰਾਤਮਕ, ਓਨਾ ਹੀ ਜ਼ਿਆਦਾ ਉਦੇਸ਼ ਕੰਮ ਹੈ—ਚੀਜ਼ਾਂ ਨੂੰ ਡੱਬਿਆਂ ਵਿੱਚ ਵੱਖ ਕਰਨਾ, ਬਰਤਨ ਧੋਣਾ, ਫਲ ਚੁੱਕਣਾ ਅਤੇ ਗਾਹਕ ਸੇਵਾ ਕਾਲਾਂ ਦਾ ਜਵਾਬ ਦੇਣਾ—ਇਹ ਬਹੁਤ ਜ਼ਿਆਦਾ ਸਕ੍ਰਿਪਟ ਕੀਤੇ ਕੰਮ ਹਨ ਜੋ ਦੁਹਰਾਉਣ ਵਾਲੇ ਅਤੇ ਰੁਟੀਨ ਸੁਭਾਅ ਦੇ ਹੁੰਦੇ ਹਨ। ਪੰਜ, 10 ਜਾਂ 15 ਸਾਲਾਂ ਦੇ ਮਾਮਲੇ ਵਿੱਚ, ਉਨ੍ਹਾਂ ਨੂੰ ਏਆਈ ਦੁਆਰਾ ਉਜਾੜ ਦਿੱਤਾ ਜਾਵੇਗਾ।"

********

# ਸ਼ੁਰੂਆਤੀ ਬਚਪਨ ਦੀ ਸਿੱਖਿਆ ਮੌਕਿਆਂ ਲਈ ਇੱਕ ਸੁਨਹਿਰੀ ਵਿੰਡੋ ਹੈ

## (ਸਮਾਜਿਕ, ਭਾਵਨਾਤਮਕ, ਅਤੇ ਬੋਧਾਤਮਕ ਹੁਨਰ ਛੋਟੀ ਉਮਰ ਵਿੱਚ ਸਭ ਤੋਂ ਵਧੀਆ ਸਿੱਖੇ ਜਾਂਦੇ ਹਨ)

ਸ਼ੁਰੂਆਤੀ ਸਾਲ, ਗਰਭ ਅਵਸਥਾ ਤੋਂ ਅੱਠ ਸਾਲ ਦੀ ਉਮਰ ਤੱਕ, ਬੱਚੇ ਦੇ ਜੀਵਨ ਵਿੱਚ ਅਸਾਧਾਰਣ ਵਿਕਾਸ ਅਤੇ ਵਿਕਾਸ ਦਾ ਸਮਾਂ ਹੁੰਦਾ ਹੈ। ਖੋਜ ਦਾ ਇੱਕ ਵੱਡਾ ਹਿੱਸਾ ਸੁਝਾਅ ਦਿੰਦਾ ਹੈ ਕਿ ਦਿਮਾਗ ਦਾ ਲਗਭਗ 90% ਵਿਕਾਸ ਕਿੰਡਰਗਾਰਟਨ ਤੋਂ ਪਹਿਲਾਂ ਹੁੰਦਾ ਹੈ। ਇਸ ਉਮਰ ਦੇ ਬੱਚੇ ਅਵਿਸ਼ਵਾਸਯੋਗ ਤੌਰ 'ਤੇ ਪ੍ਰਭਾਵਸ਼ਾਲੀ ਹੁੰਦੇ ਹਨ ਅਤੇ, ਇਸ ਲਈ, ਇਸ ਸਮੇਂ ਦੌਰਾਨ ਉਹ ਸਮਾਜਿਕ, ਭਾਵਨਾਤਮਕ, ਅਤੇ ਬੋਧਾਤਮਕ ਹੁਨਰ ਜੋ ਉਹ ਲੈਂਦੇ ਹਨ, ਉਨ੍ਹਾਂ ਦੀ ਬਾਲਗਤਾ ਦੀ ਨੀਂਹ ਰੱਖਣ ਦੀ ਸੰਭਾਵਨਾ ਹੁੰਦੀ ਹੈ। ਦੁਨੀਆ ਭਰ ਦੇ ਰਾਸ਼ਟਰਾਂ ਨੇ ਅਰਲੀ ਚਾਈਲਡਹੁੱਡ ਐਜੂਕੇਸ਼ਨ (ਈਸੀਈ) ਦੀ ਲੋੜ ਅਤੇ ਮਹੱਤਤਾ ਨੂੰ ਸਵੀਕਾਰ ਕੀਤਾ ਹੈ। ਫਿਨਲੈਂਡ ਨੇ, ਖਾਸ ਤੌਰ 'ਤੇ, ਆਪਣੇ 'ਐਜੂਕੇਅਰ' ਮਾਡਲ ਲਈ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ, ਜੋ ਕਿ ਸਿੱਖਿਆ ਅਤੇ ਦੇਖਭਾਲ ਲਈ ਇੱਕ ਏਕੀਕ੍ਰਿਤ ਪਹੁੰਚ ਹੈ। ਇੱਥੇ, ਫਿਨਲੈਂਡ ਦੀ ਸਰਕਾਰ ਬੱਚਿਆਂ ਨੂੰ ਬਹੁਤ ਜਲਦੀ, ਬਹੁਤ ਜ਼ਿਆਦਾ ਸਿੱਖਣ ਲਈ ਦਬਾਅ ਪਾਏ ਬਿਨਾਂ ਬੱਚੇ ਦੇ ਸਿੱਖਣ ਅਤੇ ਵਿਕਾਸ ਦਾ ਸਮਰਥਨ ਕਰਦੀ ਹੈ। ਸੰਖੇਪ ਰੂਪ ਵਿੱਚ, ਸਿੱਖਿਆ ਦੇ ਸ਼ੁਰੂਆਤੀ ਸਾਲਾਂ ਦਾ ਉਦੇਸ਼ ਚੰਗੇ ਗ੍ਰੇਡਾਂ, ਵੱਕਾਰੀ ਡਿਗਰੀਆਂ, ਅਤੇ ਭਾਰੀ ਤਨਖਾਹ ਪੈਕੇਜ ਕਮਾਉਣ ਤੋਂ ਪਰੇ ਹੈ। ਇਸਦਾ ਉਦੇਸ਼ ਬੱਚਿਆਂ ਨੂੰ ਸਿੱਖਣ ਲਈ ਜੀਵਨ ਭਰ ਪਿਆਰ ਪੈਦਾ ਕਰਨ ਵਿੱਚ ਮਦਦ ਕਰਨ ਲਈ ਰਣਨੀਤੀਆਂ ਪ੍ਰਦਾਨ ਕਰਨਾ ਹੈ। ਭਾਰਤ ਸਿੱਖਿਆ ਦੇ ਮੋਰਚੇ 'ਤੇ ਖੜ੍ਹਾ ਹੈ ਛੇ ਸਾਲ ਤੋਂ ਘੱਟ ਉਮਰ ਦੇ 158.7 ਮਿਲੀਅਨ ਤੋਂ ਵੱਧ ਬੱਚਿਆਂ ਦੇ ਨਾਲ, ਦੇਸ਼ ਕੋਲ ਸ਼ੁਰੂਆਤੀ ਬਚਪਨ ਦੇ ਪ੍ਰੋਗਰਾਮਾਂ ਦੀ ਗੁਣਵੱਤਾ ਅਤੇ ਪਹੁੰਚ ਵਿੱਚ ਸੁਧਾਰ ਕਰਕੇ ਆਪਣੇ ਸਮੁੱਚੇ ਵਿਕਾਸ ਨੂੰ ਤੇਜ਼ ਕਰਨ ਦਾ ਇੱਕ ਵਿਲੱਖਣ ਮੌਕਾ ਹੈ। ਪਿਛਲੇ ਸਾਲ, ਕੇਂਦਰੀ ਸਿੱਖਿਆ ਮੰਤਰਾਲੇ ਨੇ ਤਿੰਨ ਤੋਂ ਅੱਠ ਸਾਲ ਦੀ ਉਮਰ ਦੇ ਬੱਚਿਆਂ ਦੀ ਬੁਨਿਆਦੀ ਸਿੱਖਿਆ ਲਈ ਰਾਸ਼ਟਰੀ ਪਾਠਕ੍ਰਮ ਫਰੇਮਵਰਕ (NCF) ਪੇਸ਼ ਕੀਤਾ ਸੀ। ਪ੍ਰਾਚੀਨ ਭਾਰਤੀ ਪਰੰਪਰਾਵਾਂ ਤੋਂ ਸੰਕੇਤ ਲੈਂਦੇ ਹੋਏ, ਫ੍ਰੇਮ ਨੇ ਇੱਕ ਪੰਚਕੋਸ਼ ਵਿਕਾਸ (ਪੰਜ-ਗੁਣਾ ਵਿਕਾਸ) ਮਾਡਲ ਦਾ ਪ੍ਰਸਤਾਵ ਕੀਤਾ, ਜਿੱਥੇ ਪਾਠਕ੍ਰਮ ਸਰੀਰਕ ਵਿਕਾਸ, ਜੀਵਨ ਉਰਜਾ ਦੇ ਵਿਕਾਸ, ਮਾਨਸਿਕ ਵਿਕਾਸ, ਬੌਧਿਕ ਵਿਕਾਸ, ਅਤੇ ਅਧਿਆਤਮਿਕ ਵਿਕਾਸ ਦੇ ਦੁਆਲੇ ਕੇਂਦਰਿਤ ਹੈ। ਨੈਸ਼ਨਲ ਐਜੂਕੇਸ਼ਨ ਪਾਲਿਸੀ 2020 (NEP 2020) ਨੇ ਪ੍ਰੀ-ਸਕੂਲ ਸਿੱਖਿਆ ਲਈ ਕਈ ਢਾਂਚੇ ਵੀ ਪ੍ਰਸਤਾਵਿਤ ਕੀਤੇ ਹਨ, ਜਿਸ ਵਿੱਚ ਸਟੈਂਡਅਲੋਨ ਆਂਗਣਵਾੜੀ ਕੇਂਦਰਾਂ ਅਤੇ ਬਾਲਵਾਟਿਕਾ ਦੇ ਨਾਲ-ਨਾਲ ਆਂਗਣਵਾੜੀ ਕੇਂਦਰਾਂ ਅਤੇ ਬਾਲਵਾਟਿਕਾ ਦੇ ਪ੍ਰਾਇਮਰੀ ਸਕੂਲਾਂ ਦੇ ਨਾਲ ਕਾਰਜਸ਼ੀਲ ਲਿੰਕੇਜ ਸ਼ਾਮਲ ਹਨ। ਬਿਨਾਂ ਸ਼ੱਕ, ਮੌਜੂਦਾ ਸਿੱਖਿਆ ਮਾਡਲ ਨੂੰ ਸੁਧਾਰਨ ਲਈ ਨੀਤੀਗਤ ਯਤਨ ਹੋਏ ਹਨ। ਹਾਲਾਂਕਿ, ਅਜੇ ਵੀ ਕਈ ਮੁੱਦੇ ਹਨ ਜਿਨ੍ਹਾਂ ਨੂੰ ਹੱਲ ਕਰਨ ਦੀ ਲੋੜ ਹੈ। ਸ਼ੁਰੂਆਤ ਕਰਨ ਲਈ, ਰੋਟ ਸਿੱਖਣ ਅਤੇ ਪ੍ਰੀਖਿਆ-ਕੇਂਦ੍ਰਿਤ ਪਹੁੰਚ ਦਾ ਵਿਆਪਕ ਅਤੇ ਡੂੰਘਾ ਸੰਸਕ੍ਰਿਤੀ, ਜਿੱਥੇ ਸਿੱਖਣ ਅੰਕਾਂ ਦੀ ਪਾਗਲ ਦੌੜ ਵਿੱਚ ਪਿੱਛੇ ਰਹਿ ਜਾਂਦੀ ਹੈ। ਮੁਲਾਂਕਣ ਪ੍ਰਣਾਲੀ ਨੂੰ ਮੁੜ ਵਿਚਾਰਨ ਦੀ ਲੋੜ ਹੈ। ਮੌਜੂਦਾ ਸਿਸਟਮ ਨੂੰ ਮੁੜ-ਹਾਸਲ ਕਰਨ ਦੇ ਨਵੀਨਤਾਕਾਰੀ ਤਰੀਕੇ ਅਸੀਂ ਵਰਤਮਾਨ ਵਿੱਚ ਵਿਦਿਆਰਥੀਆਂ ਨੂੰ ਵਿਸ਼ਾ ਵਸਤੂ ਨੂੰ ਮੁੜ-ਸਥਾਪਿਤ ਕਰਨ ਦੀ ਉਹਨਾਂ ਦੀ ਯੋਗਤਾ 'ਤੇ ਗ੍ਰੇਡ ਕਰ ਰਹੇ ਹਾਂ ਜੋ ਜ਼ਰੂਰੀ ਤੌਰ 'ਤੇ ਉਹਨਾਂ ਦੀਆਂ ਯੋਗਤਾਵਾਂ ਜਾਂ ਗਿਆਨ ਦਾ ਸਹੀ ਪ੍ਰਤੀਬਿੰਬ ਨਹੀਂ ਹੋ ਸਕਦਾ ਹੈ। ਇੱਥੇ ਕਈ ਮੁੱਖ ਰਣਨੀਤੀਆਂ ਹਨ ਜੋ ਸਿੱਖਿਅਕ, ਨੀਤੀ ਨਿਰਮਾਤਾ ਅਤੇ ਹੋਰ ਹਿੱਸੇਦਾਰ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਲਾਭ ਉਠਾ ਸਕਦੇ ਹਨ। ਸਾਰੇ ਵਿਸ਼ਿਆਂ ਲਈ ਬਰਾਬਰ ਸਤਿਕਾਰ: ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਬੱਚੇ ਹਰ ਵਿਸ਼ੇ ਦੀ ਮਹੱਤਤਾ ਨੂੰ ਸਮਝਣ ਅਤੇ ਇਸ ਬਾਰੇ ਉਤਸੁਕਤਾ ਪੈਦਾ ਕਰਨ। ਇਹ ਉਹਨਾਂ ਹੁਨਰਾਂ ਨੂੰ ਬਣਾਉਣ ਵਿੱਚ ਮਦਦ ਕਰੇਗਾ ਜੋ ਸਿਹਤਮੰਦ ਸਵੈ-ਪ੍ਰਗਟਾਵੇ ਅਤੇ ਜੀਵਨ ਵਿੱਚ ਵਿਕਾਸ ਲਈ ਲੋੜੀਂਦੇ ਹਨ। ਇੱਕ ਹੋਰ ਸਾਰਥਕ ਮੁਲਾਂਕਣ ਪ੍ਰਣਾਲੀ: ਸਿੱਖਣ ਦੇ ਨਤੀਜਿਆਂ ਨੂੰ ਸੁਧਾਰਨ ਵੱਲ ਧਿਆਨ ਖਿੱਚਣ ਤੋਂ ਬਦਲੋ। ਇਹ ਕਲਾਸਰੂਮ ਵਿਚਾਰ-ਵਟਾਂਦਰੇ ਅਤੇ ਤਰਕ, ਸਮੱਸਿਆ-ਹੱਲ ਕਰਨ ਦੇ ਹੁਨਰ, ਵਿਸ਼ਲੇਸ਼ਣਾਤਮਕ ਯੋਗਤਾਵਾਂ, ਰਚਨਾਤਮਕਤਾ ਅਤੇ ਤਰਕਸ਼ੀਲ ਫੈਸਲੇ ਲੈਣ ਵਾਲੀਆਂ ਗਤੀਵਿਧੀਆਂ ਦੁਆਰਾ ਵਧੇਰੇ ਰੁਝੇਵੇਂ ਪੈਦਾ ਕਰਕੇ ਕੀਤਾ ਜਾ ਸਕਦਾ ਹੈ। ਖੇਡ ਦੁਆਰਾ ਸਿੱਖਣਾ: ਖੇਡਣਾ ਸਿਹਤਮੰਦ ਹੈ, ਅਤੇ ਸਿੱਖਿਅਕ ਬੱਚਿਆਂ ਨੂੰ ਉਹ ਸਰੋਤ ਪ੍ਰਦਾਨ ਕਰਕੇ ਸਿੱਖਣ ਨੂੰ ਉਤਸ਼ਾਹਿਤ ਕਰ ਸਕਦੇ ਹਨਵੱਖਰੀ ਸੋਚ ਨੂੰ ਉਤੇਜਿਤ ਕਰੋ। ਅੰਦਰੂਨੀ ਅਤੇ ਬਾਹਰੀ ਗਤੀਵਿਧੀਆਂ ਦੇ ਇੱਕ ਚੰਗੇ ਮਿਸ਼ਰਣ 'ਤੇ ਵਿਚਾਰ ਕਰੋ ਜੋ ਹਰ ਬੱਚੇ ਦੁਆਰਾ ਸੁਰੱਖਿਅਤ ਢੰਗ ਨਾਲ ਖੇਡਿਆ ਜਾ ਸਕਦਾ ਹੈ। ਬਜਟ ਅਲਾਟਮੈਂਟ ਵਿੱਚ ਸੁਧਾਰ: ਸੈਂਟਰ ਫਾਰ ਬਜਟ ਐਂਡ ਗਵਰਨੈਂਸ ਅਕਾਊਂਟੇਬਿਲਟੀ (ਸੀਬੀਜੀਏ) ਅਤੇ ਗੈਰ-ਮੁਨਾਫ਼ਾ ਸੇਵ ਦ ਚਿਲਡਰਨ ਫਾਊਂਡੇਸ਼ਨ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ, ਭਾਰਤ ਨੇ 2020-21 ਵਿੱਚ ਆਪਣੇ ਕੁੱਲ ਘਰੇਲੂ ਉਤਪਾਦ (ਜੀਡੀਪੀ) ਦਾ ਸਿਰਫ 0.1% ਸ਼ੁਰੂਆਤੀ ਬਚਪਨ ਦੀ ਸਿੱਖਿਆ 'ਤੇ ਖਰਚ ਕੀਤਾ ਹੈ। ਸਾਨੂੰ ਫੰਡ ਅਲਾਟਮੈਂਟ ਨੂੰ ਵਧਾਉਣ ਅਤੇ ਇਸ ਨੂੰ ਸਹੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਦੀ ਲੋੜ ਹੈ ਤਾਂ ਜੋ ਬੱਚਿਆਂ ਨੂੰ ਉਮਰ ਅਨੁਸਾਰ ਦੇਖਭਾਲ ਅਤੇ ਸਿੱਖਿਆ ਮਿਲ ਸਕੇ। ਬਿਹਤਰ ਅਧਿਆਪਕ ਸਿਖਲਾਈ: ਛੋਟੇ ਬੱਚਿਆਂ ਨੂੰ ਪੜ੍ਹਾਉਣਾ ਇੱਕ ਬਹੁਤ ਹੀ ਹੁਨਰਮੰਦ ਕੰਮ ਹੈ ਜਿਸ ਲਈ ਬਾਲ ਵਿਕਾਸ ਦੀ ਸੰਵੇਦਨਸ਼ੀਲ ਸਮਝ ਦੀ ਲੋੜ ਹੁੰਦੀ ਹੈ। ਸਾਨੂੰ ਅਜਿਹੇ ਕੋਰਸਾਂ ਦੀ ਲੋੜ ਹੈ ਜੋ ਪਹੁੰਚਯੋਗ ਅਤੇ ਕਿਫਾਇਤੀ ਹੋਣ। ਅਤੇ ਸਾਨੂੰ ਯੋਗ ਮੁਆਵਜ਼ੇ ਨੂੰ ਨਾ ਭੁੱਲੋ। ਸ਼ੁਰੂਆਤੀ ਬਚਪਨ ਸਾਡੇ ਲਈ ਬੱਚਿਆਂ ਨੂੰ ਵਧੇਰੇ ਅਮੀਰ ਜੀਵਨ ਜਿਉਣ ਵਿੱਚ ਮਦਦ ਕਰਨ ਲਈ ਇੱਕ ਮੌਕਾ ਹੈ। ਇਹ ਸਾਡੀ ਆਰਥਿਕਤਾ ਨੂੰ ਸੁਧਾਰਨ ਵਿੱਚ ਇੱਕ ਮੁੱਖ ਭੂਮਿਕਾ ਨਿਭਾਉਂਦਾ ਹੈ ਅਤੇ ਇੱਕ ਦੇਸ਼ ਆਪਣੇ ਸਮੁੱਚੇ ਵਿਕਾਸ ਲਈ ਕਰ ਸਕਦਾ ਹੈ ਸਭ ਤੋਂ ਮਹੱਤਵਪੂਰਨ ਨਿਵੇਸ਼ਾਂ ਵਿੱਚੋਂ ਇੱਕ ਹੈ। ਇਹ ਸਮਾਂ ਆ ਗਿਆ ਹੈ ਕਿ ਅਸੀਂ ਇਸ ਨੂੰ ਉਹ ਮਹੱਤਵ ਦੇਈਏ ਜਿਸ ਦਾ ਇਹ ਹੱਕਦਾਰ ਹੈ ਅਤੇ ਬੱਚਿਆਂ ਦੇ ਸ਼ੁਰੂਆਤੀ ਵਿਕਾਸ ਅਤੇ ਵਿਕਾਸ ਵਿੱਚ ਹੋਰ ਨਵੀਨਤਾ ਲਿਆਉਣ ਲਈ ਕੰਮ ਕਰੀਏ। ਲਾਭ ਸਭ ਨੂੰ ਦੇਖਣ ਲਈ ਹੋਵੇਗਾ।

– ਵਿਜੈ ਗਰਗ

# ਕ੍ਰਾਇਓਜੇਨਿਕਸ ਕਿੰਨਾ ਪ੍ਰਭਾਵਸ਼ਾਲੀ ਹੈ?

ਕਰੀਬ ਦੋ ਸਾਲ ਪਹਿਲਾਂ ਦੀ ਇਹ ਖਬਰ ਇਨ੍ਹੀਂ ਦਿਨੀਂ ਇੱਕ ਵਾਰ ਫਿਰ ਚਰਚਾ 'ਚ ਆ ਗਈ ਹੈ ਕਿਉਂਕਿ ਅਮਰੀਕਾ ਦੇ ਐਰੀਜ਼ੋਨਾ ਸੂਬੇ 'ਚ ਸਕਾਟਸਡੇਲ-ਅਧਾਰਤ ਅਲਕੋਰ ਫਰਮ ਨੇ ਆਪਣੇ ਆਪ ਨੂੰ ਕ੍ਰਾਇਓਨਿਕਸ ਦੇ ਖੇਤਰ ਵਿੱਚ ਇੱਕ ਮੋਹਰੀ ਕੰਪਨੀ ਵਜੋਂ ਸਥਾਪਤ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਜੰਮੀਆਂ ਹੋਈਆਂ ਲਾਸ਼ਾਂ ਨੂੰ ਮੁੜ ਜ਼ਿੰਦਾ ਕੀਤਾ ਜਾ ਸਕਦਾ ਹੈ। ਅਮਰੀਕਾ ਵਿੱਚ ਅਜਿਹੇ ਲੋਕਾਂ ਦੀ ਗਿਣਤੀ ਵੱਧ ਰਹੀ ਹੈ ਜੋ ਇਸ ਤਕਨੀਕ ਰਾਹੀਂ ਮਰਨ ਤੋਂ ਬਾਅਦ ਆਪਣੇ ਅਜ਼ੀਜ਼ਾਂ ਦੀਆਂ ਲਾਸ਼ਾਂ ਨੂੰ ਠੰਢਾ ਕਰ ਰਹੇ ਹਨ। ਕੰਪਨੀ ਨੂੰ ਪਹਿਲੀ ਵਾਰ 2021 ਵਿੱਚ ਸਰਗਰਮ ਕੀਤਾ ਗਿਆ ਸੀ, ਪਰ ਵਿਚਕਾਰਲਿਹ ਮਾਮਲਾ ਮੱਠਾ ਪੈ ਗਿਆ। ਕੰਪਨੀ ਨੇ ਪੂਰੇ ਸਰੀਰ ਨੂੰ ਫ੍ਰੀਜ਼ ਕਰਨ ਲਈ 2 ਲੱਖ ਡਾਲਰ ਤੋਂ ਵੱਧ ਦੀ ਫੀਸ ਵਸੂਲੀ ਹੈ। ਕ੍ਰਾਇਓਜੇਨਿਕ ਤਕਨਾਲੋਜੀ ਨੂੰ 'ਹਾਈਬ੍ਰਿਡ' ਕਿਹਾ ਜਾ ਸਕਦਾ ਹੈ, ਜਿਸ ਦਾ ਤਾਪਮਾਨ ਮਾਈਨਸ 0 ਡਿਗਰੀ ਤੋਂ ਮਾਈਨਸ 150 ਡਿਗਰੀ ਸੈਲਸੀਅਸ ਤੱਕ ਹੁੰਦਾ ਹੈ। ਮੌਤ ਤੋਂ ਤੁਰੰਤ ਬਾਅਦ, ਸਰੀਰ ਨੂੰ ਬਾਹਰੀ ਆਈਸ ਪੈਕ ਦੀ ਮਦਦ ਨਾਲ ਠੰਡਾ ਕੀਤਾ ਜਾਂਦਾ ਹੈ ਅਤੇ ਬਚਾਅ ਕੇਂਦਰ ਵਿੱਚ ਲਿਜਾਇਆ ਜਾਂਦਾ ਹੈ। ਮਰਨ ਤੋਂ ਬਾਅਦ ਜਲਦੀ ਤੋਂ ਜਲਦੀ ਮੁਰਦਾ ਸਰੀਰ ਨੂੰ ਠੰਡਾ ਅਤੇ ਫ੍ਰੀਜ਼ ਕੀਤਾ ਜਾਂਦਾ ਹੈ, ਤਾਂ ਜੋ ਇਸਦੇ ਸੈੱਲ, ਖਾਸ ਕਰਕੇ ਦਿਮਾਗ ਦੇ ਸੈੱਲ, ਆਕਸੀਜਨ ਦੀ ਘਾਟ ਕਾਰਨ ਟੁੱਟਣ ਅਤੇ ਨਸ਼ਟ ਨਾ ਹੋਣ। ਇਸ ਲਈ ਪਹਿਲਕਦਮੀਸਰੀਰ ਨੂੰ ਬਰਫ਼ ਨਾਲ ਠੰਢਾ ਕੀਤਾ ਜਾਂਦਾ ਹੈ। ਸੰਭਾਲ ਕੇਂਦਰ ਵਿੱਚ ਪਹੁੰਚਣ ਤੋਂ ਬਾਅਦ, ਸਰੀਰ ਵਿੱਚੋਂ ਖੂਨ ਬਾਹਰ ਕੱਢਿਆ ਜਾਂਦਾ ਹੈ ਅਤੇ ਸਰੀਰ ਦੇ ਅੰਗਾਂ ਨੂੰ ਜੰਮਣ ਤੋਂ ਰੋਕਣ ਲਈ, ਐਂਟੀ-ਫ੍ਰੀਜ਼ਿੰਗ ਤਰਲ ਨੂੰ ਧਮਨੀਆਂ ਵਿੱਚ ਡੋਲ੍ਹਿਆ ਜਾਂਦਾ ਹੈ ਅਤੇ ਖੋਪੜੀ ਵਿੱਚ ਛੋਟੇ ਛੇਕ ਕੀਤੇ ਜਾਂਦੇ ਹਨ। ਇਸ ਤੋਂ ਬਾਅਦ ਸਰੀਰ 'ਚੋਂ ਖੂਨ ਕੱਢ ਕੇ ਉਸ ਦੀ ਥਾਂ 'ਤੇ ਕੈਮੀਕਲ ਮਿਲਾਏ ਜਾਂਦੇ ਹਨ, ਜਿਨ੍ਹਾਂ ਨੂੰ 'ਕ੍ਰਾਇਓ-ਪ੍ਰੋਟੈਕਟੈਂਟ' ਤਰਲ ਕਿਹਾ ਜਾਂਦਾ ਹੈ। ਇਸ ਦੇ ਅੰਗਾਂ ਵਿੱਚ ਬਰਫ਼ ਨਹੀਂ ਬਣਦੀ। ਇਹ ਮਹੱਤਵਪੂਰਨ ਹੈ ਕਿਉਂਕਿ ਜੇਕਰ ਬਰਫ਼ ਜੰਮ ਜਾਂਦੀ ਹੈ ਤਾਂ ਇਹ ਜ਼ਿਆਦਾ ਥਾਂ ਲਵੇਗੀ ਅਤੇ ਸੈੱਲ ਦੀਵਾਰ ਟੁੱਟ ਜਾਵੇਗੀ। ਇਸ ਤੋਂ ਬਾਅਦ, ਸਰੀਰ ਨੂੰ ਸਲੀਪਿੰਗ ਬੈਗ ਵਿੱਚ ਪਾ ਦਿੱਤਾ ਜਾਂਦਾ ਹੈ ਅਤੇ ਤਰਲ ਹੁੰਦਾ ਹੈਇਸ ਨੂੰ ਮਾਈਨਸ 196 ਡਿਗਰੀ ਸੈਲਸੀਅਸ ਦੇ ਤਾਪਮਾਨ 'ਤੇ ਨਾਈਟ੍ਰੋਜਨ ਵਿੱਚ ਰੱਖਿਆ ਜਾਂਦਾ ਹੈ। 2021 ਵਿੱਚ, ਕੰਪਨੀ ਨੇ 184 ਮਰੀਜ਼ਾਂ ਦੀਆਂ ਲਾਸ਼ਾਂ ਨੂੰ ਫ੍ਰੀਜ਼ ਕੀਤਾ ਸੀ। ਹੁਣ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਅਮਰੀਕਾ ਦੀਆਂ ਵੱਖ-ਵੱਖ ਕੰਪਨੀਆਂ ਨੇ 900 ਤੋਂ ਵੱਧ ਲੋਕਾਂ ਦੀਆਂ ਲਾਸ਼ਾਂ ਨੂੰ ਫਰੀਜ਼ ਕੀਤਾ ਹੈ। ਅਤੇ 3000 ਵਿਅਕਤੀਆਂ ਨੇ ਆਪਣੀਆਂ ਲਾਸ਼ਾਂ ਨੂੰ ਫ੍ਰੀਜ਼ ਕਰਨ ਲਈ ਰਾਖਵਾਂਕਰਨ ਕੀਤਾ ਹੈ। ਪਰ ਕੀ ਇਹ ਸੰਭਵ ਹੈ?

ਦਰਅਸਲ, ਕ੍ਰਾਇਓਜੇਨਿਕ ਤਕਨਾਲੋਜੀ ਵਿਗਿਆਨਕ ਕਲਪਨਾ ਦੀ ਉਪਜ ਹੈ, ਜਿਸ ਵਿੱਚ ਸਰੀਰ ਨੂੰ ਜੀ ਉਠਣ ਦੀ ਉਮੀਦ ਵਿੱਚ ਸੁਰੱਖਿਅਤ ਰੱਖਿਆ ਜਾਂਦਾ ਹੈ। ਮੌਜੂਦਾ ਵਿਗਿਆਨ ਅਜੇ ਤੱਕ ਇਹਨਾਂ ਗਲੇਸ਼ੀਅਰ ਪ੍ਰਕਿਰਿਆਵਾਂ ਨੂੰ ਸਮਝਣ ਲਈ ਇੰਨਾ ਵਿਕਸਤ ਨਹੀਂ ਹੋਇਆ ਹੈ।ਲਾਸ਼ਾਂ ਨੂੰ ਸੁਰਜੀਤ ਕਰ ਸਕਦਾ ਹੈ। 1964 ਵਿੱਚ, ਵਿਗਿਆਨੀ ਅਤੇ ਲੇਖਕ ਰੌਬਰਟ ਐਟਿੰਗਰ ਨੇ ਕ੍ਰਾਇਓਜੇਨਿਕਸ ਸੰਕਲਪ ਨੂੰ ਦੁਨੀਆ ਵਿੱਚ ਪੇਸ਼ ਕੀਤਾ। ਖੋਜ ਲਗਾਤਾਰ ਜਾਰੀ ਰਹੀ। ਇਸ ਤਕਨੀਕ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਕੁਝ ਜੀਵ ਅਜਿਹੇ ਹੁੰਦੇ ਹਨ ਜੋ ਠੰਢ ਤੋਂ ਬਾਅਦ ਆਪਣੇ ਆਪ ਮੁੜ ਸੁਰਜੀਤ ਹੁੰਦੇ ਹਨ।

ਇਨ੍ਹਾਂ ਜੀਵਾਂ ਵਿੱਚ ਆਰਕਟਿਕ ਖੇਤਰ ਦੀਆਂ ਜ਼ਮੀਨੀ ਗਿਲਹੀਆਂ, ਕੱਛੂਆਂ ਦੀਆਂ ਕੁਝ ਕਿਸਮਾਂ ਅਤੇ ਟਾਰਡੀਗ੍ਰੇਡ ਸ਼ਾਮਲ ਹਨ। ਰਾਬਰਟ ਐਟੀਨਗਰ ਦੀ ਧਾਰਣਾ ਦਾ ਸਮਰਥਨ ਕਰਨ ਵਾਲੇ ਵਿਗਿਆਨੀ ਕਹਿੰਦੇ ਹਨ ਕਿ ਉਮੀਦ ਹੈ। ਮਰੀਜ਼ ਇਸ ਉਮੀਦ ਵਿੱਚ ਆਪਣੇ ਸਰੀਰ ਨੂੰ ਫ੍ਰੀਜ਼ ਕਰਦੇ ਹਨ ਕਿ ਭਵਿੱਖ ਵਿੱਚ ਮੈਡੀਕਲ ਸਾਇੰਸਉਨ੍ਹਾਂ ਦੀ ਮੌਤ ਨੂੰ ਉਲਟਾ ਕੇ, ਇਹ ਉਨ੍ਹਾਂ ਨੂੰ ਜੀਣ ਦਾ ਇੱਕ ਹੋਰ ਮੌਕਾ ਦੇਵੇਗਾ।

– ਵਿਜੈ ਗਰਗ

### ਭੋਗ ਤੇ ਵਿਸ਼ੇਸ਼ ਮਿਤੀ 28 ਦਸੰਬਰ 2023

# ਅਮਲੀ ਰੂਪ ਵਿੱਚ ਕਿਰਤ ਦੇ ਫਲਸਫੇ ਤੇ ਪਹਿਰਾ ਦੇਣ ਵਾਲੇ ਗਿਆਨੀ ਦਰਸ਼ਨ ਸਿੰਘ ਨੂੰ ਯਾਦ ਕਰਦਿਆਂ

ਪੜ੍ਹਦਿਆਂ, ਲਿਖਦਿਆਂ, ਸੁਣਦਿਆਂ ਆਮ ਤੌਰ ਤੇ ਅਸੀਂ ਕੁਝ ਨਾਮਵਰ ਲੋਕਾਂ ਦੀਆਂ ਹੀ ਬਾਤਾਂ ਪਾਉਂਦੇ ਹਾਂ। ਵੱਡੇ ਵੱਡੇ ਵਪਾਰੀਆਂ , ਜਗੀਰਦਾਰਾਂ, ਸਰਮਾਏਦਾਰਾਂ ਅਤੇ ਸਿਆਸਤਦਾਨਾਂ ਦੇ ਵਿਆਹ, ਜਨਮ ਦਿਵਸ ਅਤੇ ਭੋਗਾਂ ਦੇ ਸਮਾਗਮ ਅਕਸਰ ਹੀ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੇ ਹਨ, ਜਿਨ੍ਹਾਂ ਨੂੰ ਪੜ੍ਹਦਿਆਂ ਵਿਚਾਰਦਿਆਂ ਜ਼ਿੰਦਗੀ ਨੂੰ ਕੋਈ ਹੁਲਾਰਾ ਨਹੀਂ ਮਿਲਦਾ। ਪ੍ਰੰਤੂ ਕੁਝ ਲੋਕ ਸਖਤ ਮਿਹਨਤ, ਲਗਨ, ਹੌਸਲੇ ਅਤੇ ਦ੍ਰਿੜਤਾਪ ਨਾਲ ਸ਼ੰਘਰਸ਼ ਕਰਕੇ ਆਪਣੇ ਦੁਆਲੇ ਗਰੀਬੀ, ਕੰਗਾਲੀ ਅਤੇ ਭੁੱਖਮਰੀ ਦਾ ਬੁਣਿਆ ਜਾਲ ਤੋੜ ਕੇ ਵਗਾਹ ਮਾਰਦੇ ਹਨ ,ਭਾਵੇਂ ਕਿ ਇੱਕ ਮਰਲਾ ਵੀ ਭੋਇੰ ਉਨ੍ਹਾਂ ਦੇ ਨਾਮ ਨਹੀਂ ਹੁੰਦੀ । ਇਹੋ ਜਿਹੇ ਸਿਰੜੀ ਅਤੇ ਸ਼ੰਘਰਸ਼ੀਲ ਲੋਕਾਂ ਦਾ ਜਿਕਰ ਅਖ਼ਬਾਰਾਂ ਵਿੱਚ ਘੱਟ ਹੀ ਪੜ੍ਹਨ ਨੂੰ ਮਿਲਦਾ ਹੈ ਪਰ ਅੱਜ ਮੈਂ 100 ਵਰਾ ਤੰ-ਦੁਰੁਸਤ ਜੀਵਨ ਬਿਤਾ ਕੇ ਇਸ ਸੰਸਾਰ ਤੋਂ ਰੁਖਸਤ ਹੋਏ ਇੱਕ ਕਿਰਤੀ ਬਜ਼ੁਰਗ ਗਿਆਨੀ ਦਰਸ਼ਨ ਸਿੰਘ ਦੀ ਜੀਵਨ ਗਾਥਾ ਨੂੰ ਕੁਝ ਸ਼ਬਦਾਂ ਨਾਲ ਸਾਂਝਾ ਕਰਾਂਗਾ ।ਜਿਨ੍ਹਾਂ ਨੇ ਸੰਨ 1923 ਵਿੱਚ ਪਿੰਡ ਪੱਦੀ ਮੱਟਵਾਲੀ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਜਨਮ ਲਿਆ। ਉਹ ਭਾਵੇਂ ਸਕੂਲੀ ਪੜ੍ਹਾਈ ਤੋਂ ਕੋਰੇ ਅਨਪੜ੍ਹ ਸਨ ਪ੍ਰੰਤੂ ਉਨ੍ਹਾਂ ਦੀ ਗੱਲਬਾਤ ਅਤੇ ਇਤਿਹਾਸਕ ਗਿਆਨ ਦੇ ਪਰਖਦਿਆਂ ਉਨ੍ਹਾਂ ਨੂੰ ਪਿੰਡ ਵੱਲੋਂ ਗਿਆਨੀ ਕਹਾਉਣ ਦਾ ਮਾਣ ਪ੍ਰਾਪਤ ਹੋਇਆ । ਉਨ੍ਹਾਂ ਪਾਸੋਂ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਰਵਿਦਾਸ ਜੀ ,ਕਬੀਰ ਜੀ ਸਮੇਤ ਹੋਰ ਬਹੁਤ ਸਾਰੇ ਗੁਰੂਆਂ ਅਤੇ ਭਗਤਾਂ ਦੇ ਜੀਵਨ ਅਤੇ ਬਾਣੀ ਦੇ ਸ਼ਲੋਕ ਜੁਬਾਨੀ ਸੁਣੇ ਜਾ ਸਕਦੇ ਸਨ । ਜਿੰਨ੍ਹਾਂ ਨੂੰ ਉਨ੍ਹਾਂ ਵੱਲੋਂ ਮਹਾਂਪੁਰਸ਼ਾਂ ਦੀ ਸੰਗਤ ਵਿਚੋਂ ਗ੍ਰਹਿਣ ਕਰਕੇ ਜ਼ੁਬਾਨੀ ਕੰਠ ਕੀਤਾ ਹੋਇਆ ਸੀ । ਜਦੋਂ ਵੀ ਕਦੇ ਮੌਕਾ ਮਿਲਦਾ ਉਹ ਸਮੇਂ ਸਮੇਂ ਗੁਰਬਾਣੀ ਦੇ ਸ਼ਬਦ ਗਾ ਕੇ ਸੰਗਤਾਂ ਪਾਸੋਂ ਵਾਹ ਵਾਹ ਖੱਟਦੇ।

ਉਨ੍ਹਾਂ ਜਿਉਂਦੇ ਜੀਅ ਗੱਲਬਾਤ ਕਰਦਿਆਂ ਕਿਹਾ ਕਿ ਨਾਮ ਜੱਪਣਾ, ਵੰਡ ਛਕਣਾ ਅਤੇ ਕਿਰਤ ਕਰਨ ਦਾ ਲੋਕ ਕੇਵਲ ਉਪਦੇਸ਼ ਹੀ ਦਿੰਦੇ ਹਨ ਪਰ ਮੈਂ ਗੁਰੂ ਜੀ ਦੀਆਂ ਇਨ੍ਹਾਂ ਸਿੱਖਿਆਵਾਂ ਨੂੰ ਅਮਲੀ ਰੂਪ ਵਿੱਚ ਮੰਨਦਾ ਹਾਂ । ਜ਼ਿੰਦਗੀ ਭਰ ਨਾਮ ,ਵਿੱਤ ਮੁਤਾਬਿਕ ਦਾਨ ਅਤੇ ਹੱਡ ਭੰਨਵੀਂ ਕਿਰਤ ਕੀਤੀ ਹੈ ਜਿਸ ਦੀ ਬਦੌਲਤ ਅੱਜ ਮੇਰੇ ਪਰਿਵਾਰ ਦੇ ਬੱਚੇ ਦੇਸ਼ ਅਤੇ ਵਿਦੇਸ਼ ਵਿੱਚ ਸਨਮਾਨਯੋਗ ਸੇਵਾਵਾਂ ਨਿਭਾਅ ਰਹੇ ਹਨ । ਉਮਰ ਦੇ ਇਸ ਪੜਾਅ ਅੰਦਰ ਮੈਂ ਸਰੀਰਕ ਕਸਰਤ ਨੂੰ ਜਾਰੀ ਰੱਖਦਿਆਂ ਤੰ-ਦਰੁਸਤ ਤੇ ਖੁਸ਼ਹਾਲ ਜੀਵਨ ਜੀਵਨ ਬਿਤਾ ਰਿਹਾ ਹਾਂ । ਅੱਜ ਹਰ ਖੁਸ਼ੀ ਮੇਰੀ ਝੋਲੀ ਵਿੱਚ ਹੈ ਅਤੇ ਮੈਂ ਆਪਣੀ ਜ਼ਿੰਦਗੀ ਤੋਂ ਪੂਰਾ ਸੰਤੁਸ਼ਟ ਅਤੇ ਖੁਸ਼ ਹਾਂ ।

ਅੱਜ ਮਿਤੀ 28 ਦਸੰਬਰ 2023 ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਪੱਦੀ ਮਟ ਵਾਲੀ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਹੋਵੇਗਾ । ਉਨ੍ਹਾਂ ਦੀ ਜ਼ਿੰਦਗੀ ਨੂੰ ਸੰਬੋਧਿਤ ਉਨ੍ਹਾਂ ਦੇ ਪੋਤਰੇ ਪ੍ਰੋਫੈਸਰ ਜਗਦੀਸ਼ ਸਿੰਘ ਕੈਨੇਡੀਅਨ ਅਤੇ ਮੇਰੇ ਵੱਲੋਂ ਲਿਖੀਆਂ ਗਈਆਂ ਦੋ ਰਚਨਾਵਾਂ ਆਪ ਜੀ ਸਨਮੁਖ ਹਨ:-

**ਅਵਤਾਰ ਲੰਗੇਰੀ 9463260181**



### ਕੁਰਬਾਨੀ

ਕੇਵਲ ਜੰਗ ਦੇ ਮੈਦਾਨ ਵਿੱਚ ਹੀ ਨਹੀ ਹੁੰਦੀ
ਹਰ ਰੋਜ ਕੁਰਬਾਨ ਹੁੰਦੇ ਆਏ ਨੇ ਉਹ
ਖੇਤਾਂ ਬੰਨਿਆ ਤੇ
ਸੜਕਾਂ ਤੇ
ਸੜਕਾਂ ਦਿਆਂ ਪੁਲਾਂ ਤੇ
ਅਸਮਾਨ ਛੂੰਹਦੀਆਂ ਇਮਾਰਤਾਂ ਦੇ ਕਿਨਾਰੇ ਤੇ
ਕੇਵਲ ਤੇ ਕੇਵਲ ਆਪਣੇ ਜਿਸਮਾਂ ਦੇ ਸਹਾਰੇ ਤੇ

ਇਸੇ ਹੀ ਮਾਣ ਮੱਤੇ ਸਫਰ ਤੇ ਚਲਦਿਆਂ
ਉਨ੍ਹਾ ਦੇਖਿਆ
"ਇਨਕਲਾਬ"
ਜਿਉਂਦੇ ਜੀਅ
ਅਤੇ ਅੱਜ ਦੇਖਦੀ ਪਈ ਹੈ
ਉਨ੍ਹਾਂ ਦੀ ਸੰਤਾਨ
ਇਹ ਫਰਿਸ਼ਤੇ ਲੋਕ
ਅੱਜ ਭਾਵੇਂ ਸਾਥੋਂ ਵਿਦਾ ਹੋ ਗਏ
ਪਰ ਪਾ ਗਏ ਹਨ ਸੰਦਲੀ ਪੈੜਾਂ
ਅਤੇ ਛੱਡ ਗਏ ਹਨ ਖੂਬਸੂਰਤ
ਬਹੁਤ ਸਾਰੇ ਨਿਸ਼ਾਨ

ਅਕਲ ਤੇ ਗਿਆਨ ਕੇਵਲ
ਸਕੂਲਾਂ ਕਾਲਜਾਂ ਦੇ ਹੀ ਮੁਹਤਾਜ਼ ਨਹੀਂ ਹੁੰਦਾ
ਸੰਗਤ ਪੰਗਤ ਕਿਰਤ ਨਾਮ ਅਤੇ
ਬਹੁਤ ਸਾਰੀਆਂ ਨੈਤਿਕ ਕਦਰਾਂ
ਕੀਮਤਾਂ
ਜੋ ਇਨ੍ਹਾਂ ਦੇ ਹਿੱਸੇ ਆਈਆਂ
ਦੋ ਡੰਗ ਦੀ ਰੋਟੀ ਦੇ ਨਾਲ ਨਾਲ
ਇਹ ਵੀ ਸਨ
ਸਾਡੇ ਪੁਰਖਿਆਂ ਦੀਆਂ
ਅਸਲ ਕਮਾਈਆਂ

ਜ਼ਿੰਦਗੀ ਦੇ ਇਸ ਸ਼ਾਨਦਾਰ
ਸਫ਼ਰ ਨੂੰ ਤੱਕਦਿਆਂ
ਅਸੀਂ ਮਹਿਸੂਸ ਕੀਤਾ ਕਿ
ਅਸੀਂ ਵੀ ਇਸ ਸਫ਼ਰ ਦੇ ਪਾਂਧੀ
ਹਾਂ
ਪਤਾ ਨਹੀਂ ਇਸ ਮੁਸਾਫ਼ਿਰ ਨੇ
ਕਦ ਗੱਡੀ ਚੋਂ ਉਤਰ ਜਾਣੈ
ਇਹ ਮੁਸਾਫ਼ਿਰ ਬੜਾ ਹੀ ਪਿਆਰਾ ਏ
ਸਾਡਾ ਸਭ ਦਾ ਸਹਾਰਾ ਏ
ਇਨ੍ਹਾਂ ਦੀ ਟਹਿਲ ਵਿੱਚ
ਕੋਈ ਰਹਿ ਨਾ ਜਾਵੇ ਕਸਰ
ਤਾਂ ਕਿ ਸ਼ਾਨਦਾਰ ਬੀਤ ਜਾਵੇ
ਇਨ੍ਹਾਂ ਦਾ ਸਫਰ

ਮੈਂ ਵੀ ਇਨ੍ਹਾਂ ਦੇ ਇਸ ਸਫਰ ਵਿੱਚ
ਕੁਝ ਅਰਸਾ ਬਿਤਾਇਆ
ਭਾਵੇਂ ਮੈਂ ਦੇਰ ਨਾਲ ਆਇਆ
ਮਾਖਿਓਂ ਮਿੱਠੀ ਬਾਣੀ
ਰਿਸ਼ਤਿਆਂ ਦੀ ਮਰਿਯਾਦਾ
ਜੀਵਨ ਜਾਚ ਅਤੇ
ਉੱਚੀ ਸੁਰ ਵਿੱਚ
ਕੁਦਰਤ ਦਾ ਗੁਣਗਾਨ ਸੁਣਦਿਆਂ
ਮੈਂ ਬਹੁਤ ਕੁਝ ਪਾਇਆ
ਤੇ ਉਨ੍ਹਾਂ ਦੇ ਮੂੰਹੋਂ ਨਿਕਲਦਾ
ਇਹ ਪਿਆਰਾ ਜਿਹਾ ਸ਼ਬਦ
"ਮੱਲਾ ਰਾਜੀ ਆਂ"
"ਲੰਗੇਰੀ" ਵੀ ਸੁਣ ਪਾਇਆ
ਤੇ ਹੁਣ ਇਹ ਸ਼ਬਦ ਜ਼ਿੰਦਗੀ ਭਰ
ਸਾਡੇ ਕੰਨਾਂ ਵਿੱਚ
ਰਸ ਘੋਲਦਾ ਰਹੇਗਾ
ਬਾਬਾ ਬੋਲਦਾ ਰਹੇਗਾ ॥

**- ਅਵਤਾਰ ਲੰਗੇਰੀ**

### "ਮੱਲਾ ਰਾਜ਼ੀ ਆਂ "..

ਇੱਕ ਸਫ਼ਰ
ਮੁੜਕੇ 'ਚ ਭਿੱਜਿਆਂ ਹੇਕਾਂ ਲਾਉਣ ਦਾ
ਲੂਹ-ਕੋਹਰਾ ਪਿੰਡੇ ਤੇ ਹੰਢਾਓਣ ਦਾ

ਬਾਣੀ ਦੀ ਲੋਰ,
ਮੜਕ ਵਾਲੀ ਤੋਰ,
'ਹਈ-ਛਾਵਾ' ਵਾਲੇ ਜੋਰ ਦਾ

ਅੱਥਰੇ ਸੁਭਾਅ ਦਾ
ਬੇਪਰਵਾਹ ਦਾ

ਇੱਕ ਸਫ਼ਰ
ਅਨਪੜ ਹੁੰਦਿਆਂ
'ਗਿਆਨੀ' ਅਖਵਾਉਣ ਦਾ
ਨੱਬੇ ਟੱਪਿਆ,
ਗੁੱਟ ਛੁਡਾਉਣ ਦੀ ਸ਼ਰਤ ਲਾਉਣ ਦਾ
ਚਿੜੀਆਂ ਉਡਾਉਣ, ਡੰਗਰ ਚਰਾਉਣ ਦਾ

ਜ਼ਿੰਦਗੀ ਜਿਊਣ ਦੀ ਸ਼ਿੱਦਤ ਦਾ
ਬਾਤਾਂ, ਕਹਾਣ-ਕਿੱਸੇ ਵਿਚਲੀ ਮਿੱਠਤ ਦਾ
ਭਜਨ ਦਾ, ਬੋਲੀਆਂ ਦਾ
ਮਸਤੀ ਦਾ, ਟਿੱਚਰ ਦਾ

ਤਨ-ਮਨ ਅਰੋਗ ਦਾ
ਸੱਸੀ-ਪੁੰਨੂੰ ਗਾਉਂਦੇ ਸੋਗ ਦਾ

ਤੇਲ ਨਾਲ ਲਿਸ਼ਕੇ ਪਿੰਡੇ ਦਾ
ਚਮਕਦੀ-ਅੱਖ, ਮੰਨ-ਖਿੰਡੇ ਦਾ

ਨਿੱਕੇ ਪਿੰਡੇ ਦੇ ਵੱਡੇ ਜਿਗਰੇ ਦਾ
ਸਬਰ, ਸ਼ੁਕਰ, ਸਿਰੜ ਦਾ

ਗੁਸਲਖਾਨੇ, ਇਸ਼ਨਾਨ,
ਝੱਗੇ, ਫਤੂਹੀ, ਖੀਸੇ-ਗੁਦਾਮ ਦਾ
ਸਾਫ਼ਾ, ਮਧੇੜ, ਮਾਵਾ,
ਮੌਜੇ, ਗੁਰਗਾਬੀ, ਦਲਾਨ ਦਾ

ਇੱਕ ਸਫ਼ਰ
'ਵੱਟਾਂ' ਤੇ ਕੀਤੇ ਸਫ਼ਰ ਦਾ

ਸੱਥਾਂ ਦਾ
ਸੁੱਚੇ-ਕਿਰਤੀ ਹੱਥਾਂ ਦਾ

ਪਹਿਲੀ ਬੁਰਕੀ ਨਾਲ ਅਲਾਪੇ
ਚਿੜੀਆਂ ਨੂੰ 'ਆਓ-ਆਓ' ਦੇ ਰਾਗ ਦਾ

ਤੇਜ਼ ਬਿਰਤੀ, ਅੰਗਾਂ ਦੀ ਹਰਕਤ ਦਾ
ਏਕਮ-ਦੋਇਮ-ਬਰਕਤ ਦਾ

ਕਰ ਲਿਆ ਤੈਅ ਇਹ ਸਫ਼ਰ
ਜਿੱਤ ਲਈ ਬਾਜ਼ੀ ਏ

ਮੁਸਾਫ਼ਰ ਨੂੰ ਪੁੱਛ ਲਓ
"ਮੱਲਾ.. !!!
.... ਰਾਜ਼ੀ ਈਂ!"

**ਜਗਦੀਸ਼ ਸਿੰਘ**
**+17809386091**

# ਐਸ.ਡੀ.ਐਮ. ਨਵਾਂਸ਼ਹਿਰ ਨੇ ਆਗਾਮੀ ਗ੍ਰਾਮ ਪੰਚਾਇਤ ਚੋਣਾਂ ਸਬੰਧੀ ਕੀਤੀ ਅਧਿਕਾਰੀਆਂ ਨਾਲ ਮੀਟਿੰਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-ਐਮ.ਡੀ.ਐਮ. ਨਵਾਂਸ਼ਹਿਰ ਡਾ. ਅਕਸ਼ਿਤਾ ਗੁਪਤਾ ਨੇ ਆਗਾਮੀ ਗ੍ਰਾਮ ਪੰਚਾਇਤ ਚੋਣਾਂ ਸਬੰਧੀ ਵਾਰਡ ਵਾਈਜ਼ ਵੋਟਰ ਸੂਚੀਆਂ ਤਿਆਰ ਕਰਨ ਲਈ ਸਬ-ਡਵੀਜ਼ਨ ਨਵਾਂਸ਼ਹਿਰ ਨਾਲ ਸਬੰਧਿਤ ਸੈਕਟਰ ਸੁਪਰਵਾਈਜ਼ਰ ਅਤੇ ਬੀ.ਐੱਲ.ਓਜ਼ ਨਾਲ ਮੀਟਿੰਗ ਕੀਤੀ ਅਤੇ ਸੈਕਟਰ ਸੁਪਰਵਾਈਜ਼ਰ ਅਤੇ ਬੀ.ਐਲ.ਓਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਉਹ ਆਪਣੇ ਅਧੀਨ ਆਉਂਦੇ ਬੂਥਾਂ 'ਤੇ ਹਰ ਇੱਕ ਯੋਗ ਵੋਟਰ ਦੀ ਵੋਟ ਬਣਾਉਣ ਸਬੰਧੀ ਹਰ ਸੰਭਵ ਉਪਰਾਲੇ ਕਰਨ, ਤਾਂ ਜੋ ਕੋਈ ਵੀ ਯੋਗ ਵੋਟਰ ਵੋਟ ਦੀ ਵਰਤੋਂ ਕਰਨ ਤੋਂ ਵਾਂਝਾਂ ਨਾ ਰਹਿ ਸਕੇ। ਇਥੇ ਹੀ ਚੋਣਕਾਰ ਰਜਿਸਟਰੇਸ਼ਨ ਅਫਸਰ ਨੇ ਆਮ ਜਨਤਾ ਨੂੰ ਵੀ ਅਪੀਲ ਕੀਤੀ ਕਿ 29 ਦਸੰਬਰ 2023 ਸ਼ਾਮ 04:00 ਵਜੇ ਤੱਕ ਗ੍ਰਾਮ ਪੰਚਾਇਤ ਚੋਣਾਂ ਦੀਆਂ ਵੋਟਰ ਸੂਚੀਆਂ ਨਾਲ ਸਬੰਧਿਤ ਦਾਅਵੇ ਅਤੇ ਇਤਰਾਜ ਐਸ.ਡੀ.ਐਮ. ਦਫਤਰ ਨਵਾਂਸ਼ਹਿਰ ਵਿਖੇ ਪ੍ਰਾਪਤ ਕੀਤੇ ਜਾਣੇ ਹਨ, ਇਸ ਲਈ ਜੇਕਰ ਕਿਸੇ ਵੀ ਵੋਟਰ ਦਾ ਕੋਈ ਵੀ ਦਾਅਵਾ ਜਾਂ ਇਤਰਾਜ ਹੈ, ਤਾਂ ਉਹ ਨਿਯਤ ਮਿਤੀ ਤੱਕ ਜਮ੍ਹਾਂ ਕਰਵਾਕੇ ਬਣਦੀ ਸੋਧ ਕਰਵਾ ਸਕਦੇ ਹਨ।






# ਸਾਕਾ ਸਰਹੰਦ 27 ਦਸੰਬਰ, 1704 'ਤੇ ਵਿਸ਼ੇਸ਼



ਸੰਸਾਰ ਵਿਚ ਸੰਘਰਸ਼ ਅਤੇ ਦਲੇਰੀ ਦੀਆਂ ਬਹੁਤ ਮਿਸਾਲਾਂ ਹਨ। ਪਰ ਸਿੱਖ ਕੌਮ ਦਾ ਇਕ ਵਿਲੱਖਣ ਇਤਿਹਾਸ ਹੈ। ਹਰ ਮੁਸੀਬਤ ਦਾ ਸਾਹਮਣਾ ਸੰਜਮ, ਸਾਹਸ, ਦ੍ਰਿੜ੍ਹਤਾ ਅਤੇ ਬੀਰਤਾ ਨਾਲ ਕੀਤਾ ਹੈ। ਘੱਲੂਘਾਰਿਆਂ ਤੋਂਬਾਅਦ 1763 ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੀ ਦੀ ਅਗਵਾਈ ਹੇਠ ਸਰਹਿੰਦ ਨੂੰ ਮੁੜ ਫਤਿਹ ਕਰ ਲਿਆ ਅਤੇ ਜੈਨ ਖਾਂ ਸੂਬਾ ਸਰਹਿੰਦ ਨੂੰ ਮਾਰ ਮੁਕਾਇਆ।

ਸਿੱਖ ਸੰਘਰਸ਼ ਵਿਚ ਸਵੈਮਾਣ ਅਤੇ ਮਨੁੱਖ ਦੀ ਪੂਰਨ ਆਜ਼ਾਦੀ ਲਈ ਧਾਰਮਿਕ ਕੱਟੜਵਾਦੀਆਂ ਦੇ ਜਬਰੀ ਧਰਮ ਪ੍ਰੀਵਰਤਨ ਦੇ ਖੂਨੀ ਇਰਾਦੇ ਦਾ ਮੁਕਾਬਲਾ ਕੀਤਾ ਜਿਵੇਂ: ਤੱਤੀਆਂ ਤਵੀਆਂ, ਉਬਲਦੀਆਂ ਦੇਗਾਂ, ਆਰੇ ਦੇ ਦੰਦਿਆਂ ਤੇ, ਚਰਖੜੀਆਂ ਤੇ, ਰੰਬੀਆਂ ਦੀ ਧਾਰ, ਜੰਬੂਰ ਦੀਆਂ ਖਿੱਚਾਂ ਤੇ ਸਰਹਿੰਦ ਦੀ ਕੰਧ ਤੇ ਚਮਕੌਰ ਦੀਆਂ ਬੇਜੋੜ ਜੰਗਾਂ ਵਿਚ ਦ੍ਰਿੜ੍ਹਤਾ ਨਾਲ ਮੁਕਾਬਲਾ ਕੀਤਾ।

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਵਧਦੀ ਫੌਜੀ ਤਾਕਤ ਤੋਂ ਪਹਾੜੀ ਰਾਜੇ ਭੈਅ-ਭੀਤ ਸਨ ਕਿਉਂਕਿ ਉਹਨਾਂ ਨੂੰ ਆਪਣੇ ਧਰਮ ਅਤੇ ਰਾਜਸੱਤਾ ਨੂੰ ਖਤਰਾ ਜਾਪਦਾ ਸੀ। ਉਹਨਾਂ ਮੁਗਲ ਬਾਦਸ਼ਾਹ ਔਰੰਗਜੇਬ ਤੋਂ ਮਦਦ ਮੰਗੀ। ਬਾਦਸ਼ਾਹ ਔਰੰਗਜੇਬ ਨੇ ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰਾਂ ਨੂੰ ਗੁਰੂ ਸਾਹਿਬ ਜੀ ਵੱਲ ਵਧਣ ਲਈ ਕਿਹਾ। ਉਹਨਾਂ ਨੇ 1701 ਨੂੰ ਆਨੰਦਪੁਰ ਸਾਹਿਬ 'ਤੇਹਮਲਾ ਕਰ ਦਿੱਤਾ। ਪਹਾੜੀ ਰਾਜਿਆਂ ਦਾ ਮੁਕਾਬਲਾ ਤਿੰਨ ਸਾਲ ਤੱਕ ਚਲਦਾ ਰਿਹਾ। ਅੰਤ 1704 ਨੂੰ ਵੈਰੀ ਦੀਆਂ ਰਲਵੀਆਂ ਫੌਜਾਂ ਨੇ ਕਿਲੇ ਨੂੰ ਪੂਰੀ ਤਰ੍ਹਾਂ ਘੇਰਾ ਪਾ ਲਿਆ। ਰਾਸ਼ਨ ਪਾਣੀ ਅੰਦਰ ਜਾਣ'ਤੇ ਪਾਬੰਦੀ ਲਗਾ ਦਿੱਤੀ। ਸਿੱਟੇ ਵਜੋਂ ਭੁੱਖ ਅਤੇ ਪਿਆਸ ਹੱਥੋਂ ਸਿੰਘ ਤੰਗ ਆ ਗਏ। ਨਿੱਤ ਦਿਨ ਉਹ ਕਮਜ਼ੋਰ ਹੋਣ ਲੱਗੇ। ਵੈਰੀ ਕੋਲ ਸਿਖਲਾਈ ਪ੍ਰਾਪਤ ਵੱਡੀ ਫੌਜ ਸੀ। ਫਿਰ ਵੀ ਵੈਰੀ ਨੇ ਜਾਣ ਲਿਆ ਸੀ ਕਿ ਗੁਰੂ ਸਾਹਿਬ ਜੀ ਕੋਲੋਂ ਜਬਰੀ ਕਿਲਾ ਖਾਲੀ ਨਹੀਂ ਕਰਵਾਇਆ ਜਾ ਸਕਦਾ। ਰਲਵੇਂ ਜਰਨੈਲਾਂ ਨੇ ਝੂ-ਠੀਆਂ ਕਸਮਾਂ ਖਾਸ ਕੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਜੇਕਰ ਉਹ ਕਿਲਾ ਛੱਡ ਦੇਣ ਤਾਂ ਉਹਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ, ਕੋਈ ਹਮਲਾ ਨਹੀਂ ਕੀਤਾ ਜਾਵੇਗਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਭਾਵੇਂ ਗੁਰੂ ਸਾਹਿਬ ਜੀ ਨੂੰ ਉਹਨਾਂ 'ਤੇ ਇਤਬਾਰ ਨਹੀਂ ਸੀ, ਪਰ ਹਾਲਾਤ ਹੀ ਅਜਿਹੇ ਸਨ ਕਿ ਗੁਰੂ ਸਾਹਿਬ ਜੀ ਨੇ 20-21 ਦਸੰਬਰ 1704 ਦੀ ਵਿਚਕਾਰਲੀ ਰਾਤ ਨੂੰ ਆਨੰਦਪੁਰ ਛੱਡ ਦਿੱਤਾ। ਗੁਰੂ ਸਾਹਿਬ ਜੀ ਨਾਲ 400-500 ਸਿੰਘ ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਸਨ। ਇੱਥੋਂ ਹੀ ਚਮਕੌਰ ਸਾਹਿਬ ਦੀ ਜੰਗ ਅਤੇ ਸਾਕਾ ਸਰਹਿੰਦ ਸ਼ੁਰੂ ਹੁੰਦਾ ਹੈ। ਜਦੋਂ ਇਹ ਕਾਫਲਾ ਸਰਸਾ ਨਦੀ ਤੇ ਪਹੁੰਚਿਆ, ਵੈਰੀਆਂ ਨੇ ਸਾਰੀਆਂ ਕਸਮਾਂ ਤੋੜਕੇ ਕਾਫਲੇ 'ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਜੀ ਘੇਰੇ ਵਿਚ ਆ ਗਏ। ਵੈਰੀ ਦੀ ਰਲਵੀਂ ਫੌਜ ਪਿੱਛਾ ਕਰਦੀ ਆ ਰਹੀ ਸੀ। ਸਿੰਘ ਵੀ ਮੈਦਾਨ ਵਿਚ ਡਟ ਖਲੋਤੇ। ਘਮਸਾਨ ਦੀ ਜੰਗ ਸ਼ੁਰੂ ਸੀ। ਸਿੰਘਾਂ ਨੇ ਹਿੰਮਤ ਕਰਕੇ ਦੋ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸਿਰਸਾ ਪਾਰ ਲੰਘਾ ਦਿੱਤਾ। ਗੁਰੂ ਸਾਹਿਬ ਜੀ ਅਤੇ ਕੁਝ ਸਿੰਘ ਘੋੜਿਆਂ ਸਮੇਤ ਸਿਰਸਾ ਪਾਰ ਲੰਘ ਗਏ। ਇਸੇ ਦੌਰਾਨ ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਪਰਿਵਾਰ ਤੋਂ ਵਿੱਛੜ ਗਏ। ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਕਿਸੇ ਹੋਰ ਰਾਹ 'ਤੇ ਪੈ ਗਏ। ਗੁਰੂ ਸਾਹਿਬ ਜੀ ਕੁਝ ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਨਾਲ ਚਮਕੌਰ ਸਾਹਿਬ ਵੱਲ ਵੱਧ ਰਹੇ ਸਨ। ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼-ਾਦਿਆਂ ਨਾਲ ਕਾਫਲੇ ਤੋਂ ਵਿਛੜ ਕੇ ਗੰਗੂ ਬ੍ਰਾਹਮਣ ਨਾਲ ਉਸਦੇ ਪਿੰਡ ਸਹੇੜੀ/ਮੋਰਿੰਡਾ ਵਿਖੇ ਜਾ ਠਹਿਰੇ। ਮਾਤਾ ਜੀ ਕੋਲ ਧੰਨ ਦੌਲਤ ਵੀ ਸੀ। ਇਹ ਵੇਖ ਕੇ ਗੰਗਾਂ ਦੇ ਮਨ ਵਿਚ ਲਾਲਚ ਅਤੇ ਬੇਈਮਾਨੀ ਆ ਗਈ। ਉਸਨੇ ਰਾਤ ਨੂੰ ਮਾਤਾ ਜੀ ਦੇ ਪੱਲੇ ਜੋ ਨਕਦੀ ਧੰਨ ਅਤੇ ਗਹਿਣੇ ਸਨ, ਚੋਰੀ ਕਰ ਲਏ। ਜਦੋਂ ਸਵੇਰੇ ਮਾਤਾ ਜੀ ਨੇ ਗੰਗੂ ਤੋਂ ਚੋਰੀ ਬਾਰੇ ਪੁੱਛਿਆ ਤਾਂ ਆਪਣੀ ਚੋਰੀ ਛੁਪਾਉਣ ਲਈ ਉਹ ਖਹਿਬੜ ਹੀ ਪਿਆ। ਹੋਰ ਲਾਲਚ ਵਿਚ ਸਰਕਾਰ ਤੋਂ ਇਨਾਮ ਪ੍ਰਾਪਤ ਕਰਨ ਲਈ ਉਸਨੇ ਮਾਤਾ ਜੀ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਸਰਕਾਰ ਕੋਲ ਫੜਾਉਣ ਲਈ ਕਹਿ ਦਿੱਤਾ।

ਮਾਤਾ ਜੀ ਨੇ ਬੜਾ ਸਮਝਾਇਆ ਕਿ ਤੂੰ ਇਹ ਪਾਪ ਨਾ ਕਰ। ਉਸਨੇ ਮੋਰਿੰਡਾ ਦੇ ਕੋਤਵਾਲ ਕੋਲ ਜਾ ਕੇ ਦੱਸ ਪਾ ਦਿੱਤੀ ਕਿ ਗੁਰੂ ਸਾਹਿਬ ਜੀ ਦਾ ਪਰਿਵਾਰ ਉਸਦੇ ਘਰ ਵਿਚ ਹੈ। ਮੋਰਿੰਡਾ ਪੁਲਿਸ ਨੇ ਮੋਰਿੰਡਾ ਦੇ ਜਾਨੀ ਖਾਂ ਤੇ ਮਾਨੀ ਖਾਂ ਨੂੰ ਭੇਜ ਕੇ 23 ਦਸੰਬਰ 1704 ਦੀ ਸਵੇਰ ਨੂੰ ਪਰਿਵਾਰ ਗ੍ਰਿਫਤਾਰ ਕਰ ਲਿਆ। ਸ਼ਾਮ ਤੱਕ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਕੋਲ ਪੇਸ਼ ਕਰ ਦਿੱਤਾ। ਅਗਲੀ ਕਾਰਵਾਈ ਹੋਣ ਤੱਕ ਸੂਬੇਦਾਰ ਨੇ ਤਿੰਨਾਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿਚ ਕੈਦ ਕਰ ਦਿੱਤਾ। ਪੋਹ ਦੀ ਠੰਡੀ ਰਾਤ ਨੂੰ ਪਰਿਵਾਰ ਨੇ ਮੁਗਲਾਂ ਦਾ ਜ਼ੁਲਮ ਸਹਿਣਾ ਪਿਅ। ਹਕੂਮ ਤਦੇ ਪਹਿਰੇ ਦੀ ਪੂਰੀ ਸਖਤੀ ਸੀ। ਸਿੱਖੀ ਦੇ ਸ਼ਰਧਾਲੂ ਬਾਬਾ ਮੋਤੀ ਰਾਮ ਮਹਿਰਾ ਜੀ ਨੇ ਆਪਣੀ ਜਾਨ ਤੇ ਖੇਡ ਕੇ ਪਰਿਵਾ ਦੀ ਗਰਮ ਦੁੱਧ ਨਾਲ ਸੇਵਾ ਕੀਤੀ। ਮੋਤੀ ਰਾਮ ਮਹਿਰਾ ਜੀ ਦੀ ਇਸ ਕੁਰਬਾਨੀ ਦਾ ਸਿੱਖ ਇਤਿਹਾਸ ਵਿਚ ਬੜਾ ਸਤਿਕਾਰ ਹੈ।

23-24 ਦਸੰਬਰ 1704 ਦੀ ਰਾਤ ਠੰਡੇ ਬੁਰਜ ਵਿਚ ਕੈਦ ਰੱਖਣ ਤੋਂਬਾਅਦ 24 ਦਸੰਬਰ 1704 ਨੂੰ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਅ। ਸਾਹਿਬਜ਼ਾਦੇ ਬੜੀ ਚੜ੍ਹਦੀ ਕਲਾ ਸਿਦਕ, ਸੰਜਮ ਅਤੇ ਦ੍ਰਿੜ੍ਹਤਾ ਨਾਲ ਪੇਸ਼ ਹੋਏ। ਸਾਹਿਬਜ਼ਾਦਿਆਂ ਨੂੰ ਝੂਠਾ ਡਰਾਵਾ ਦਿੱਤਾ ਗਿਆ ਕਿ ਉਹਨਾਂ ਦੇ ਗੁਰ-ਪਿਤਾ ਸਾਹਿਬ ਜੀ ਚਮਕੌਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋ ਚੁੱਕੇ ਹਨ। ਹੁਣ ਤੁਹਾਨੂੰ ਕੋਈ ਨਹੀਂ ਬਚਾਅ ਸਕਦਾ। ਤੁਸੀਂ ਇੱਥੋਂ ਬਚ ਕੇ ਵੀ ਨਹੀਂ ਨਿਕਲ ਸਕਦੇ। ਤੁਹਾਡੀ ਜਾਨ ਬਖਸ਼ੀ ਜਾ ਸਕਦੀ ਹੈ ਕਿ ਇਸਲਾਮ ਕਬੂਲ ਕਰ ਲਓ। ਸਾਹਿਬਜ਼ਾਦਿਆਂ ਨੇ ਬੜੀ ਦ੍ਰਿੜ੍ਹਤਾ ਨਾਲ ਉਤਰ ਦਿੱਤਾ ਕਿ ਉਹ ਆਪਣੇ ਧਰਮ ਨੂੰ ਬਚਾਉਣ ਅਤੇ ਕਾਇਮ ਰੱਖਣ ਲਈ ਆ-ਪਣੀਆਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਹਨ। ਸਾਨੂੰ ਆਪਣੇ ਧਾਰਮਿਕ ਵਿਰਸੇ ਦੀਆਂ ਕੁਰਬਾਨੀਆਂ ਤੇ ਬੜਾ ਮਾਣ ਹੈ। ਉਪਰੋਂ ਦਾਦੀ ਮਾਂ ਗੁਜਰੀ ਜੀ ਦਾ ਹੌਸਲਾ ਸਾਡੇ ਨਾਲ ਹੈ। ਅਸੀਂ ਧਰਮ ਦੀ ਸ਼ਾਨ ਹਮੇਸ਼ਾ ਉੱਚੀ ਰੱਖਣੀ ਹੈ। ਕਚਹਿਰੀ ਵਿਚ ਹਕੂਮਤ ਦੇ ਉਚ ਅਧਿਕਾਰੀਆਂ ਨੇ ਵੀ ਕਿਹਾ ਕਿ ਬੱਚਿਓ ਨਵਾਬ ਅੱਗੇ ਝੁਕ ਜਾਣ। ਇਸਲਾਮ ਕਬੂਲ ਕਰਨ ਲਈ ਵੀ ਪ੍ਰੇਰਿਆ।

ਸੂਬੇਦਾ ਹੁਣ ਦੁਨਿਆਵੀ ਲਾਲਚ ਦੇਣ ਤੇ ਆ ਗਿਆ ਕਿ ਇਸਲਾਮ ਕਬੂਲ ਕਰਕੇ ਸ਼ਾਹੀ ਠਾਠ ਬਾਠ ਦੀ ਜ਼ਿੰਦਗੀ ਦਾ ਸੁਪਨਾ ਦਿਖਾਇਆ। ਪਰ ਸਾਹਿਬਜ਼ਾਦੇ ਅਡੋਲ ਆਪਣੇ ਵਚਨ 'ਤੇ ਕਾਇਮ ਰਹੇ। ਬੜੀ ਦਲੀਲ ਨਾਲ ਹਰ ਲਾਲਚ ਠੁਕਰਾ ਦਿੱਤਾ। ਸੂਬੇਦਾਰ ਉਹਨਾਂ ਦੀ ਦਲੇਰੀ ਤੇ ਹੈਰਾਨ ਸੀ। ਪਰ ਉਸਨੇ ਸੋਚਿਆ ਕਿ ਬੱਚੇ ਹਨ ਡਰਾਉਣ ਧਮਕਾਉਣ ਨਾਲ ਸਹਿਮ ਜਾਣਗੇ, ਹੌਲੀ ਹੌਲੀ ਮੰਨ ਹੀ ਜਾਣਗੇ। ਉਸ ਦਿਨ ਦੀ ਕਾਰਵਾਈ ਖਤਮ ਹੋਈ। ਅਗਲੇ ਦਿਨ ਪੇਸ਼ ਹੋਣ ਦਾ ਹੁਕਮ ਦਿੱਤਾ ਅਤੇ ਉਹਨਾਂ ਨੂੰ ਮੁੜ ਠੰਡੇ ਬੁਰਜ ਵਿਚ ਭੇਜ ਦਿੱਤਾ।

25 ਦਸੰਬਰ 1704 ਨੂੰ ਮੁੜ ਕਚਹਿਰੀ ਵਿਚ ਪੇਸ਼ੀ ਹੋਈ। ਸਾਹਿਬਜ਼ਾਦੇ ਹੋਰ ਵੀ ਦ੍ਰਿੜ੍ਹ ਸਨ। ਫਿਰ ਉਹੀ ਜਾਹੋ-ਜਲਾਲ ਅਤੇ ਚੜ੍ਹਦੀ ਕਲਾ ਵਿਚ ਕਾਇਮ ਸਨ। ਅਦਾਲਤ ਦੀ ਕਾਰਵਾਈ ਵਿਚ ਫਿਰ ਉਹੀ ਇਸਲਾਮ ਕਬੂਲਣ ਦੀ ਕਹਾਣੀ ਦੁਹਰਾਈ ਗਈ। ਸੂਬੇਦਾਰ ਫਿਰ ਡਰਾਉਣ ਧਮਕਾਉਣ ਲੱਗਾ। ਉਸਨੇ ਕ੍ਰੋਧ ਵਿਚ ਆ ਕੇ ਕਿਹਾ ਕਿ ਇਸਲਾਮ ਨਾ ਕਬੂਲ ਕਰਨ ਤੇ ਉਹਨਾਂ ਨੂੰ ਜਿੰਦਾ ਕੰਧ ਵਿਚ ਚਿਣ ਕੇ ਕਤਲ ਕਰਨ ਤੱਕ ਦੀ ਧਮਕੀ ਦਿੱਤੀ। ਸਾਹਿਬਜ਼ਾਦੇ ਅਡੋਲ ਸਨ। ਸੂਬੇਦਾਰ ਨੇ ਕਾਜੀ ਨੂੰ ਸਾਹਿਬਜ਼ਾਦਿਆਂ ਦਾ ਦੋਸ਼ ਸਮਝਾਉਂਦਿਆਂ ਉਹਨਾਂ ਵਿਰੁੱਧ ਤੁਰੰਤ ਸਜ਼ਾ ਸੁਣਾਉਣ ਦਾ ਫੈਸਲਾ ਦੇਣ ਲਈ ਕਿਹਾ। ਪਰ ਕਾਜ਼ੀ ਨੇ ਕਿਹਾ ਕਿ ਇਸਲਾਮ ਮਾਸੂਮ ਬੱਚਿਆਂ ਨੂੰ ਉਹਨਾਂ ਦੇ ਬਾਪ ਨਾਲ ਦੁਸ਼ਮਣੀ ਤੇ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਦਿੰਦਾ। ਸੂਬੇਦਾਰ ਵਜੀਰ ਖਾਂ ਨੇ ਚਲਾਕੀ ਨਾਲ ਹਾਜ਼ਰ ਮੁਹੰਮਦ ਖਾਂ ਨਵਾਬ ਮਲੇਰਕੋਟਲਾ ਨੂੰ ਦੀਨ ਸੁੱਚਾ ਨੰਦ ਦੇ ਇਸ਼ਾਰੇ ਤੇ ਸੂਬੇਦਾਰ ਵਜ਼ੀਰ ਖਾਂ ਨੇ ਨਵਾਬ ਮਲੇਰਕੋਟਲਾ ਨੂੰ ਯਾਦ ਕਰਵਾਇਆ ਕਿ ਉਸਦਾ ਭਰਾ ਨਾਹਰ ਖਾਂ ਜੋ ਮੁਗਲ ਫੌਜ ਦਾ ਆਗੂ ਸੀ। ਗੁਰੂ ਸਾਹਿਬ ਜੀ ਦੇ ਹੱਥੋਂ ਜੰਗ ਵਿਚ ਮਾਰਿਆ ਗਿਆ ਸੀ। ਸੂਬੇਦਾਰ ਨੇ ਸਾਿ-ਹਬਜ਼ਾਦਿਆਂ ਨੂੰ ਉਸਦੇ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ ਤਾਂ ਕਿ ਉਹ ਸਾਹਿਬਜ਼ਾਦਿਆਂ ਨੂੰ ਕਤਲ ਕਰਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਸਕੇ। ਇਹ ਉਸ ਲਈ ਸ਼ਾਹੀ ਮੌਕਾ ਹੈ। ਪਰ ਇਖਲਾਕੀ ਨਵਾਬ ਸੂਬੇਦਾਰ ਦੀ ਚਲਾਕੀ ਵਿਚ ਨਹੀਂ ਆਇਆ। ਉਸਦੇ ਸ਼ਬਦਾਂ ਨੂੰ ਹਕੀਮ ਅੱਲਾ ਯਾਰ ਖਾਂ ਜੋਗੀ ਦੇ ਸ਼ਬਦਾਂ ਵਿਚ ਕਿ 'ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂ-ਗੇਬਾਪ ਸੇ, ਮਹਿਫੂਜ਼ ਰੱਖੇ ਹਮ ਕੋ ਖੁਦਾ ਐਸੇ ਪਾਪ ਸੇ'।

ਪਰ ਮਕਾਰ ਸੁੱਚਾ ਨੰਦ ਨਹੀਂ ਚਾਹੁੰਦਾ ਸੀ ਕਿ ਬੱਚਿਆਂ ਨੂੰ ਛੱਡਿਆ ਜਾਵੇ। ਉਸਨੇ ਬਹਾਨੇ ਨਾਲ ਕਿਹਾ ਕਿ ਜੇਕਰ ਹੁਣ ਛੱਡ ਦਿੱਤੇ ਤਾਂ ਅੱਗੇ ਜਾ ਕੇ ਵੱਡੀ ਬਗਾਵਤ ਕਰਨਗੇ। ਇਸ ਲਈ ਇਹ ਕੱਲ੍ਹ ਦੇ ਬਾਗੀ ਹਕੂਮਤ ਲਈ ਖਤਰਾ ਹਨ। ਬਾਗੀਆਂ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ। ਹੋਰ ਕੋਈ ਚਾਰਾ ਨਾ ਦਿੱਸਣ ਤੇ ਸੂਬੇਦਾਰ ਵਜ਼ੀਰ ਖਾਂ ਨੇ ਕਿਹਾ ਕਿ ਬੱਚਿਓ ਮੈਂ ਤੁਹਾਨੂੰ ਆਖਰੀ ਮੌਕਾ ਦਿੰਦਾ ਹਾਂ ਕਿ ਇਸਲਾਮ ਕਬੂਲ ਕਰ ਲਵੋ ਜਾਂ ਮੌਤ ਦਾ ਸਾਹਮਣਾ ਕਰਨ ਲਈ ਤਿਆਰ ਹੋ ਜਾਓ। ਸਾਹਿਬਜ਼ਾਦਿਆਂ ਨੇ ਆਪਣਾ ਦ੍ਰਿੜ੍ਹ ਫੈਸਲਾ ਸੁਣਾਉਂਦਿਆਂ ਬੜੇ ਜੋਸ਼ ਵਿਚ ਕਿਹਾ ਕਿ ਅਸੀਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਬਣਾਈ ਸ਼ੇਰਾਂ ਦੀ ਕੌਮ ਦੇ ਸਾਹਿਬਜ਼ਾਦੇ ਹਾਂ, ਜੋ ਮੌਤ ਤੋਂ ਨਹੀਂ ਡਰਦੇ। ਤਦ ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਜਿੰਦਾ ਕੰਧ ਵਿਚ ਚਿਣ ਦੇਣ ਦਾ ਹੁਕਮ ਸੁਣਾ ਦਿੱਤਾ। ਨਵਾਬ ਮਲੇਰਕੋਟਲਾ ਨੇ ਇਸ ਫੈਸਲੇ ਤੇ ਅਸਹਿਮਤੀ ਪ੍ਰਗਟ ਕਰਦਿਆਂ ਇਸਨੂੰ ਰੱਦ ਕਰਨ ਦਾ ਸੁਝਾਅ ਦਿੱਤਾ। ਪਰ ਉਸਦੀ ਸੱਚ ਦੀ ਆਵਾਜ਼ ਨੂੰ ਨਾ ਸੁਣਿਆ ਗਿਆ। ਨਵਾਬ ਸਾਹਿਬ ਨੇ 'ਹਾਅ ਦਾ ਨਾਅਰਾ' ਮਾਰਿਆ ਅਤੇ ਕਚਹਿਰੀ ਛੱਡ ਕੇ ਚਲੇ ਗਏ।

ਸੂਬੇਦਾਰ ਵਜ਼ੀਰ ਖਾਂ ਦੇ ਹੁਕਮ ਨਾਲ ਕੰਧ ਦੀ ਉਸਾਰੀ ਦਾ ਸਮਾਨ ਮੰਗਵਾ ਲਿਆ ਗਿਆ। ਮਾਸੂਮ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਚਿਣਵਾਇਆ ਜਾਣ ਲੱਗਾ। ਰਦੇ ਲਾਉਂਦਿਆਂ ਵੀ ਉਹਨਾਂ ਨੂੰ ਮੁੜ ਮੁੜ ਇਸਲਾਮ ਕਬੂਲਣ ਲਈ ਉਕਸਾਇਆ ਜਾਂਦਾ ਰਿਹਾ ਪਰ ਸਾਹਿਬਜ਼ਾਦੇ ਹਮੇਸ਼ਾ ਦੀ ਤਰ੍ਹਾਂ ਅਡੋਲ ਸਨ। ਜਦੋਂ ਕੰਧ ਛਾਤੀ ਤੱਕ ਆਣ ਪੁੱਜੀ ਤਾਂ ਬੁਨਿਆਦ ਹਿੱਲ ਗਈ ਤੇ ਕੰਧ ਢਹਿ ਢੇਰੀ ਹੋ ਗਈ। ਸਾਹਿਬਜ਼ਾਦਿਆਂ ਨੂੰ ਬਾਹਰ ਕੱਢ ਲਿਆ। ਉਹਨਾਂ ਨੂੰ ਫਿਰ ਠੰਡੇ ਬੁਰਜ ਭੇਜ ਦਿੱਤਾ, ਜਿੱਥੇ ਉਹ ਫਿਰ ਤੋਂ ਕਾਇਮ ਹੋ ਗਏ ਸਨ।

27 ਦਸੰਬਰ 1704 ਨੂੰ ਸਾਹਿਬਜ਼ਾਦਿਆਂ ਨੂੰ ਤੀਸਰੀ ਅਤੇ ਆਖਰੀ ਵਾਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਫਿਰ ਹਾਕਮਾਂ ਨੇ ਉਹੀ ਕੋਸ਼ਿਸ਼ ਕੀਤੀ ਕਿ ਇਸਲਾਮ ਕਬੂਲ ਕਰ ਲੈਣ। ਪਰ ਸਾਹਿਬਜ਼ਾਦੇ ਤਾਂ ਦ੍ਰਿੜ੍ਹ ਸਨ। ਉਹਨਾਂ ਨੇ ਸ਼ਹੀਦੀ ਕਬੂਲ ਕਰ ਲਈ। ਹਕੂਮਤ ਨੇ ਆਪਣੀ ਹਾਰ ਹੁੰਦੀ ਵੇਖ ਕੇ ਸੁੱਚਾ ਨੰਦ ਫਿਰ ਬੌਖਲਾ ਉਠਾ ਤੇ ਫੈਸਲਾ ਕਰਵਾ ਲਿਆ ਕਿ ਸਾਹਿਬਜ਼ਾਦਿਆਂ ਦੇ ਸੀਸ ਕਲਮ ਕਰਨ ਦਾ ਹੁਕਮ ਸੁਣਾ ਦਿੱਤਾ ਗਿਆ। ਸਮਾਣਾ ਦੇ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਜਲਾਦਾਂ ਨੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਦੇ ਬੜੀ ਬੇਰਹਿਮੀ ਨਾਲ ਸੀਸ ਧੜ ਤੋਂ ਅਲੱਗ ਕਰ ਦਿੱਤਾ। ਸਾਹਿਬਜ਼ਾਦਿਆਂ ਨੇ ਆਪਣੇ ਸਰੀਰ ਭੇਂਟ ਕਰਕੇ ਆਪਣੇ ਪੁਰਖਿਆਂ ਦੀਆਂ ਸ਼ਹੀਦੀਆਂ ਦੀ ਲਾਜ਼ ਰੱਖ ਲਈ। ਉਹ ਧਰਮ ਦੇ ਸਿਦਕ ਤੋਂ ਨਹੀਂ ਹਾਰੇ। ਲੋਕਾਂ ਨੂੰ ਹਾਅ ਦਾ ਨਾਅਰਾ ਮਾਰਿਆ ਕਿ ਧੰਨ ਹੈ ਉਹ ਮਾਂ ਜਿਸਨੇ ਅਜਿਹੇ ਬਹਾਦਰ ਸਪੂਤਾਂ ਨੂੰ ਜਨਮ ਦਿੱਤਾ ਹੈ। ਇਸ ਤਰ੍ਹਾਂ 7, 9 ਸਾਲ ਦੀ ਉਮਰ ਦੇ ਸਾਹਿਬਜ਼ਾਦੇ ਮੁਗਲ ਹਕੂਮਤ ਦੇ ਜ਼ਾਲਮ ਹਾਕਮਾਂ ਨੇ ਸ਼ਹੀਦ ਕਰਵਾ ਦਿੱਤੇ। ਮਾਤਾ ਗੁਜਰੀ ਜੀ ਵੀ ਇਸੇ ਜ਼ੁਲਮ ਹੇਠ ਸ਼ਹੀਦੀ ਪਾ ਗਏ। ਸਾਕਾ ਸਰਹਿੰਦ ਦਿਵਸ ਸਾਲਾਨਾ ਜੋੜ ਮੇਲਾ ਫਤਿਹਗੜ੍ਹ ਸਾਹਿਬ ਵਿਖੇ 11, 12, 13 ਪੋਹ ਨੂੰ ਮਨਾਇਆ ਜਾਂਦਾ ਹੈ।

ਸੂਬਾ ਸਰਹਿੰਦ ਦੇ ਦੀਵਾਨ ਟੋਡਰ ਮੱਲ ਜੀ ਜੋ ਸਿੱਖੀ ਦੇ ਸ਼ਰਧਾਲੂ ਨੇਕ ਇਨਸਾਨ ਸਨ, ਉਹਨਾਂ ਨੇ ਸ਼ਾਮ ਤੱਕ ਤਿੰਨਾਂ ਦੀਆਂ ਅੰਤਿਮ ਰਸਮਾਂ ਦਾ ਪ੍ਰਬੰਧ ਕਰ ਲਿਆ ਸੀ। ਜ਼ਮੀਨ ਦੇ ਇਸ ਟੁਕੜੇ ਲਈ ਉਹਨਾਂ ਨੂੰ ਖੜ੍ਹੇ ਰੁਖ ਸੋਨੇ ਦੀਆਂ ਅਸ਼ਰਫੀਆਂ ਵਿਛਾ ਕੇ ਮੁੱਲ ਤਾਰਨਾ ਪਿਆ। ਜਿੱਥੇ ਗੁਰਦੁਆਰਾ 'ਜੋਤੀ ਸਰੂਪ ਸੁਸ਼ੋਭਿਤ ਹੈ। ਸਿੱਖ ਇਤਿਹਾਸ ਵਿਚ 'ਸਾਕਾ ਸਰਹਿੰਦ' ਕੁਰਬਾਨੀ ਦੀ ਇਕ ਆਪਣੀ ਵਿਲੱਖਣ ਮਿਸਾਲ ਹੈ।

ਸਿੱਖ ਇਤਿਹਾਸ ਵਿਚ ਕਾਫੀ ਮੋਤੀ ਰਾਮ ਮਹਿਰਾ ਅਤੇ ਦੀਵਾਨ ਟੋਡਰ ਮੱਲ ਜੀ ਦਾ ਨਾਂ ਉਹਨਾਂ ਦੇ ਨੇਕ ਕਿਰਦਾਰਾਂ ਲਈ ਬੜੇ ਪਿਆਰ ਸਤਿਕਾਰ ਨਾਲ ਲਿਆ ਜਾਂਦਾ ਹੈ। ਸਾਰਾ ਸਰਹਿੰਦ ਦੀਆਂ ਸਰਵਉੱਚ ਸ਼ਹੀਦੀਆਂ ਨੇ ਸੰਸਾਰ ਲਈ ਇਕ ਮਿਸਾਲ ਪੈਦਾ ਕੀਤੀ ਹੈ। ਇਸ ਦ੍ਰਿੜ੍ਹ ਇਰਾਦੇ ਦੇ ਜਜ਼ਬਾਤ ਨੇ ਸਾਬਤ ਕੀਤਾ ਕਿ ਕਿਸੇ ਲਾਲਚ ਜਾਂ ਡਰ ਅੱਗੇ, ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਕਦੇ ਨਹੀਂ ਝੁਕ ਸਕਦਾ। ਸਰਹਿੰਦ ਦੀ ਕੰਧ ਸਿੱਖ ਰਾਜ ਦਾ ਨੀਂਹ ਪੱਥਰ ਸਾਬਤ ਹੋਈ। ਬਾਬਾ ਬੰਦਾ ਸਿੰਘ ਬਹਾਦਰ ਨੇ 'ਸਾਕਾ ਸਰਹਿੰਦ' ਦੇ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖਾਂ ਨੂੰ ਮੌਤ ਦੇ ਘਾਟ ਉਤਾਰ ਕੇ 14 ਮਈ 1710 ਨੂੰ ਜ਼ੁਲਮ ਦਾ ਮਹੱਲ ਢਾਹਿਆ। ਭਾਰੀ ਮੁਸੀਬਤਾਂ ਅਤੇ ਮੁਹਿੰਮਾਂ ਵਿਚੋਂ ਲੰਘ ਕੇ ਸਿੱਖ ਕੌਮ ਫਿਰ ਤੋਂਜਥੇਬੰਦ ਹੁੰਦੀ ਰਹੀ। ਸੰਨ 1783 ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਦਿੱਲੀ 'ਤੇ ਕਬਜ਼ਾ ਕਰ ਲਿਆ। ਸਿੱਖਾਂ ਦੀ ਸੰਯੁਕਤ ਤਾਕਤ ਨੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ 12 ਅਪ੍ਰੈਲ 1801 ਤੋਂ 27 ਜੂਨ 1839 ਤੱਕ ਕਾਇਮ ਰੱਖਿਆ।

## 25 ਸਾਲਾ ਪੰਜਾਬੀ ਨੌਜਵਾਨ ਰਮਨਦੀਪ ਦੇ ਕਤਲ ਸਬੰਧੀ ਇਕ 17 ਸਾਲਾ ਵਿਅਕਤੀ ਗ੍ਰਿਫਤਾਰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਬੀਤੇ ਸੋਮਵਾਰ ਰੋਇਲ ਰਿਜਰਵ ਕਾਰ ਪਾਰਕ ਮੈਸੀ ਵਿਖੇ 25 ਸਾਲਾ ਪੰਜਾਬੀ ਨੌਜਵਾਨ ਰਮਨਦੀਪ ਸਿੰਘ (ਸੁਰੱਖਿਆ ਗਾਰਦ) ਦਾ ਕਤਲ ਕਰ ਦਿੱਤਾ ਗਿਆ ਸੀ, ਦੇ ਸਬੰਧ ਵਿਚ ਅੱਜ ਪੁਲਿਸ ਨੇ ਇਕ ਹੋਰ 17 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਕੱਲ੍ਹ ਉਸਨੂੰ ਵਾਇਟਾਕਰੀ ਜ਼ਿਲ੍ਹਾ ਅਦਾਲਤ ਦੇ ਵਿਚ ਪੇਸ਼ ਕੀਤਾ ਜਾਵੇਗਾ। ਵਰਨਣਯੋਗ ਹੈ ਕਿ ਕਤਲ ਤੋਂ ਅਗਲੇ ਦਿਨ ਹੀ ਇਕ ਹੋਰ 26 ਸਾਲਾ ਵਿਅਕਤੀ ਨੂੰ ਇਸ ਕਤਲ ਦੇ ਮਾਮਲੇ ਵਿਚ ਗ੍ਰਿਫਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ ਅਤੇ 31 ਜਨਵਰੀ ਤੱਕ ਹਿਰਾਸਤ ਵਿਚ ਰੱਖਿਆ ਜਾ ਰਿਹਾ ਹੈ। ਇਹ ਨੌਜਵਾਨ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕੋਟਲੀ ਸ਼ਾਹਪੁਰ ਨਾਲ ਸਬੰਧਿਤ ਸੀ। ਪੁਲਿਸ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਹੁਣ ਦੋ ਲੋਕ ਗ੍ਰਿਫਤਾਰ ਹੋ ਚੁੱਕੇ ਹਨ।



**Police make second arrest in Massey homicide investigation**

Police have made another arrest in relation to the murder of Ramandeep Singh in Massey earlier this week.

Detective Inspector Aaron Proctor says a 17-year-old has been charged with murder and will appear in the Waitakere District Youth Court tomorrow.


The arrest comes after a 26-year-old man, also charged with murder, appeared in Court on Monday.

## ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਯਾਦ ਨੂੰ ਸਮਰਪਿਤ ਦੂਜਾ ਲੰਗਰ ਪਿੰਡ ਝਿਉਰਹੇੜੀ ਲਗਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਪਿੰਡ ਝਿਉਰਹੇੜੀ ਵਿਖੇ ਅੱਜ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਯਾਦ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਦੇ ਵਿੱਚ ਲੰਗਰ ਲਗਾਇਆ ਗਿਆ। ਜਿਸ ਵਿੱਚ ਬਹੁਤ ਹੀ ਸੇਵਾ ਭਾਵਨਾ ਨਾਲ ਲੰਗਰ ਦੀ ਸੇਵਾ ਕੀਤੀ ਗਈ। ਲੰਗਰ ਦੀ ਸੇਵਾ ਦੇ ਵਿੱਚ ਪਿੰਡ ਅਤੇ ਏਅਰਪੋਰਟ ਦੇ ਮੁਲਾਜ਼ਮਾਂ ਨੇ ਸ਼ਿਰਕਤ ਕੀਤੀ ਨੌਜਵਾਨਾਂ ਨੇ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਕੀਤ। ਜਿਸ ਵਿੱਚ ਮਹਾਨ ਬਲਿਦਾਨੀ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਅਤੇ ਉਹਨਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਕੋਹਲੂ ਵਿੱਚ ਪੀੜ ਕੇ ਉਹਨਾਂ ਨੂੰ ਸ਼ਹੀਦ ਕੀਤਾ ਗਿਆ ਸੀ ਵਾਰੇ ਇਤਿਹਾਸ ਸੁਣਿਆ। ਜੋ ਕਿ ਸਿੱਖ ਧਰਮ ਦੇ ਵਿੱਚ ਬਹੁਤ ਹੀ ਮਹਾਨ ਕੁਰਬਾਨੀ ਵਜੋਂ ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਜਾਣਿਆ ਜਾਂਦਾ ਹੈ ਅਤੇ ਫਤਿਹਗੜ੍ਹ ਸਾਹਿਬ ਦੇ ਜੋੜ ਮੇਲੇ ਵਿੱਚ ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਬੜੀ ਸ਼ਰਧਾ ਨਾਲ ਯਾਦ ਕੀਤਾ ਜਾਦਾ ਹੈ।



# ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ



ਹਰਦੀਪ ਸਿੰਘ ਚੁੰਬਰ
+91-94636-01616

ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਕੇ ਅਤੇ ਗੁਰੂ ਸਾਹਿਬ ਤੋਂ ਵਿਛੜ ਕੇ, ਪਰਿਵਾਰ ਅਤੇ ਬਾਕੀ ਸਿੱਖ, ਮਾਤਾ ਗੁਜਰੀ ਜੀ (ਜਿਨ੍ਹਾਂ ਦਾ ਅੰਮ੍ਰਿਤ ਛਕਣ ਤੋਂ ਬਾਅਦ ਨਾਮ ਮਾਤਾ ਗੁਜਰੀ ਕੌਰ ਜੀ ਸੀ) ਅਤੇ ਦੋ ਛੋਟੇ ਸਾਹਿਬਜ਼ਾਦੇ (ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ)। ) ਇਕੱਲੇ ਜੰਗਲ ਵਿਚੋਂ ਲੰਘਿਆ। ਉਹ ਗੰਗੂ ਨੂੰ ਮਿਲੇ, ਇੱਕ ਬ੍ਰਾਹਮਣ ਜੋ ਗੁਰੂ ਦੀ ਰਸੋਈ ਵਿੱਚ ਇੱਕ ਰਸੋਈਏ ਵਜੋਂ ਸੇਵਾ ਕਰਦਾ ਸੀ।

ਗੰਗੂ ਨੇ ਮਾਤਾ ਗੁਜਰੀ ਜੀ, ਗੁਰੂ ਜੀ ਦੀ ਮਾਤਾ, ਅਤੇ 5 ਅਤੇ 7 ਸਾਲ ਦੀ ਉਮਰ ਦੇ ਨੌਜਵਾਨ ਰਾਜਕੁਮਾਰਾਂ ਦੀ ਦੇਖਭਾਲ ਕਰਨ ਦਾ ਵਾਅਦਾ ਕੀਤਾ। "ਚਲੋ ਮੈਂ ਤੁਹਾਨੂੰ ਆਪਣੇ ਪਿੰਡ ਲੈ ਚੱਲਾਂ", ਗੰਗੂ ਨੇ ਕਿਹਾ। "ਤੁਸੀਂ ਉੱਥੇ ਸੁਰੱਖਿਅਤ ਹੋਵ-ੋਗੇ।" ਗੰਗੂ 'ਤੇ ਭਰੋਸਾ ਕਰਕੇ, ਮਾਤਾ ਜੀ ਨੇ ਸਹਿਮਤੀ ਦਿੱਤੀ ਕਿ ਉਹ ਅਤੇ ਸਾਹਿਬਜ਼ਾਦੇ ਗੰਗੂ ਦੇ ਪਿੰਡ ਜਾਣਗੇ। ਪਿੰਡ ਆ ਕੇ ਗੰਗੂ ਉਨ੍ਹਾਂ ਨੂੰ ਘਰ ਲੈ ਗਿਆ ਅਤੇ ਉਨ੍ਹਾਂ ਨੂੰ ਸੌਣ ਲਈ ਬਿਸਤਰੇ ਦੇ ਦਿੱਤੇ।

ਰਾਤ ਦੇ ਸਮੇਂ ਜਦੋਂ ਸਾਰੇ ਸੌਂ ਗਏ ਸਨ, ਗੰਗੂ ਉਸ ਕਮਰੇ ਵਿੱਚ ਗਿਆ ਜਿੱਥੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦੇ ਸੁੱਤੇ ਹੋਏ ਸਨ। ਉਸਨੇ ਮਾਤਾ ਜੀ ਦੇ ਸੋਨੇ ਦੇ ਸਿੱਕਿਆਂ ਵਾਲੇ ਥੈਲੇ ਦੀ ਤਲਾਸ਼ੀ ਲਈ ਅਤੇ ਉਸਦੇ ਪੈਸੇ ਚੋਰੀ ਕਰ ਲਏ। ਸਵੇਰੇ ਮਾਤਾ ਗੁਜਰੀ ਜੀ ਨੇ ਗੰਗੂ ਨੂੰ ਪੁੱਛਿਆ, 'ਗੰਗੂ, ਸੋਨੇ ਦੇ ਸਿੱਕੇ ਕਿੱਥੇ ਗਏ ਹਨ?' ਮਾਤਾ ਜੀ ਦਿਲ ਵਿੱਚ ਜਾਣਦੇ ਸਨ ਕਿ ਗੰਗੂ ਨੇ ਪੈਸੇ ਚੋਰੀ ਕੀਤੇ ਹਨ। ਮਾਤਾ ਜੀ ਦੁਆਰਾ ਉਸਦੇ ਪੈਸੇ ਚੋਰੀ ਕੀਤੇ ਜਾਣ ਅਤੇ ਇਨਾਮ ਦੇ ਲਾਲਚ ਵਿੱਚ ਆ ਕੇ ਗੁੱਸੇ ਵਿੱਚ ਆ ਕੇ, ਗੰਗੂ ਜਲਦੀ ਨਾਲ ਆਪਣੇ ਘਰ ਦੇ ਬਾਹਰ ਆ ਗਿਆ ਅਤੇ ਰੌਲਾ ਪਾਇਆ ਕਿ ਉਸਨੇ ਗੁਰੂ ਜੀ ਦੇ ਬੱਚਿਆਂ ਅਤੇ ਮਾਤਾ ਜੀ ਨੂੰ ਆਪਣੇ ਘਰ ਵਿੱਚ ਕੈਦ ਕਰ ਲਿਆ ਹੈ।

ਅਚਾਨਕ ਪੁਲਿਸ ਨੇ ਗੰਗੂ ਦੇ ਘਰ ਨੂੰ ਘੇਰ ਲਿਆ ਅਤੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਉਨ੍ਹਾਂ ਦਿਨਾਂ ਵਿਚ ਜੇਲ੍ਹ ਕੋਈ ਆਰਾਮਦਾਇਕ ਜਗ੍ਹਾ ਨਹੀਂ ਸੀ। ਇਸ ਦੀ ਬਜਾਇ, ਇਹ ਅਪਮਾਨ-ਜਨਕ, ਠੰਡਾ ਸੀ, ਬਿਨਾਂ ਕਿਸੇ ਆਰਾਮ ਜਾਂ ਦੇਖਭਾਲ ਦੇ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਸਰਹਿੰਦ ਵਿਖੇ ਠੰਡਾ ਬੁਰਜ (ਠੰਡਾ ਬੁਰਜ) ਵਿੱਚ ਠਹਿਰੇ ਸਨ।





ਇੱਕ ਪ੍ਰੇਰਨਾਦਾਇਕ ਗੁਰਸਿੱਖ ਦੀ ਇੱਕ ਜਿਉਂਦੀ ਜਾਗਦੀ ਮਿਸਾਲ ਵਜੋਂ, ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਨੂੰ ਆਪਣੇ ਨੇੜੇ ਬਿਠਾਇਆ, ਅਤੇ ਉਹਨਾਂ ਨੇ ਇਕੱਠੇ ਹੋ ਕੇ ਰਹਿਰਾਸ ਸਾਹਿਬ (ਸ਼ਾਮ ਦੀ ਅਰਦਾਸ) ਦਾ ਪਾਠ ਕੀਤਾ, ਜਿਸ ਤੋਂ ਬਾਅਦ ਮਾਤਾ ਜੀ ਨੇ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਬਾਕੀ ਰਹਿੰਦੇ ਸਿੱਖਾਂ ਦੀਆਂ ਕਹਾਣੀਆਂ ਸੁਣਾਈਆਂ। ਸ਼ਾਨਦਾਰ ਅਤੇ ਬਹਾਦਰ ਜੀਵਨ ਕਥਾ ਸੁਣ ਕੇ ਅਤੇ ਗੁਰਬਾਣੀ ਸੁਣ ਕੇ, ਸਾਹਿਬਜ਼ਾਦੇ ਹੌਂਸਲੇ ਅਤੇ ਉੱਚ ਆਤਮਾ ਨਾਲ ਭਰ ਗਏ, ਅਤੇ ਉਨ੍ਹਾਂ ਨੇ ਆਪਣੀ ਦਾਦੀ ਨੂੰ ਕਿਹਾ ਕਿ ਉਹ ਆਪਣੇ ਦਾਦਾ ਅਤੇ ਪੜਦਾਦੇ ਦੇ ਨਕਸ਼ੇ-ਕਦਮਾਂ 'ਤੇ ਚੱਲਣਾ ਚਾਹੁੰਦੇ ਹਨ। ਮਾਤਾ ਗੁਜਰੀ ਜੀ ਉਹਨਾਂ ਦੇ ਦ੍ਰਿੜ ਵਿਸ਼ਵਾਸ ਦੀ ਅਜਿਹੀ ਪੁਸ਼ਟੀ ਸੁਣ ਕੇ ਪ੍ਰਸੰਨ ਹੋਏ।

ਅਗਲੇ ਦਿਨ, ਨੌਜਵਾਨ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਦੇ ਦਰਬਾਰ ਵਿਚ ਬੁਲਾਇਆ ਗਿਆ। ਦਰਬਾਰੀਆਂ ਨੇ ਵਜ਼ੀਰ ਖਾਨ ਨੂੰ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਸ਼ਰੀਅਤ ਕਾਨੂੰਨ ਅਨੁਸਾਰ ਫਤਵੇ, ਸਜ਼ਾ ਦਾ ਸਾਹਮਣਾ ਕਰਨ ਲਈ ਬਹੁਤ ਛੋਟੇ ਸਨ। ਹਾਲਾਂਕਿ ਇੱਕ ਦਰਬਾਰੀ ਬੁਲਾਇਆ ਗਿਆ, ਸੁੱਚਾ ਨੰਦ (ਸਿੱਖਾਂ ਦੁਆਰਾ 'ਝੂਤਾ ਨੰਦ' ਵਜੋਂ ਜਾਣਿਆ ਜਾਂਦਾ ਹੈ) ਨੇ ਇਹਨਾਂ ਛੋਟੇ ਬੱਚਿਆਂ ਨੂੰ ਬਖਸ਼ਣ ਦੀਆਂ ਬੇਨਤੀਆਂ ਨੂੰ ਰੱਦ ਕਰ ਦਿੱਤਾ।

ਸੁੱਚਾ ਨੰਦ ਨੇ ਕਿਹਾ, "ਨਵਾਬ ਸਾਹਿਬ, ਇਹ ਬੱਚੇ ਜ਼ਹਿਰੀਲੇ ਸੱਪ ਦੇ ਬੱਚੇ ਹਨ। ਉਸ ਸੱਪ ਦੇ ਪੁੱਤਰ ਵੀ ਜ਼ਹਿਰੀਲੇ ਹਨ।" ਵਜ਼ੀਰ ਖਾਨ ਉਸ ਦੀਆਂ ਦਲੀਲਾਂ ਤੋਂ ਕਾਇਲ ਹੋ ਗਿਆ।

ਉਸ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਪੁੱਛਿਆ, "ਨੌਜਵਾਨ ਅਤੇ ਭੋਲੇ ਭਾਲੇ ਬੱਚਿਓ, ਜੇ ਮੈਂ ਅੱਜ ਤੁਹਾਨੂੰ ਰਿਹਾ ਕਰ ਦੇਵਾਂ ਤਾਂ ਤੁਸੀਂ ਕੀ ਕਰੋਗੇ?" "ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਹਾਂ ਅਤੇ ਗੁਰੂ ਤੇਗ ਬਹਾਦਰ ਜੀ ਦੇ ਪੋਤੇ ਹਾਂ। ਜੇਕਰ ਤੁਸੀਂ ਸਾਨੂੰ ਛੱਡ ਦਿਓ ਤਾਂ ਅਸੀਂ ਇੱਕ ਫੌਜ ਇਕੱਠੀ ਕਰ ਕੇ ਤੁਹਾਡੇ ਉੱਤੇ ਹਮਲਾ ਕਰਾਂਗੇ!" ਨੌਜਵਾਨ ਸਾਹਿਬਜ਼ਾਦੇ ਨੇ ਜਵਾਬ ਦਿੱਤਾ।

"ਕੀ ਹੋਇਆ ਜੇ ਤੂੰ ਹਾਰ ਗਿਆ", ਨਵਾਬ ਨੇ ਪੁੱਛਿਆ। "ਫਿਰ ਅਸੀਂ ਦੁਬਾਰਾ ਉੱਠਦੇ ਹਾਂ, ਅਤੇ ਇੱਕ ਹੋਰ ਫੌਜ ਇਕੱਠੀ ਕਰਦੇ ਹਾਂ ਅਤੇ ਤੁਹਾਡੇ ਨਾਲ ਅਤੇ ਉਨ੍ਹਾਂ ਸਾਰਿਆਂ ਨਾਲ ਲੜਦੇ ਹਾਂ ਜੋ ਜ਼ੁਲਮ ਅਤੇ ਜ਼ੁਲਮ ਦਾ ਕਾਰਨ ਬਣਦੇ ਹਨ। ਜਦੋਂ ਤੱਕ ਅਸੀਂ ਸਾਹ ਨਹੀਂ ਲੈਂਦੇ, ਅਸੀਂ ਨਿਆਂ ਅਤੇ ਧਾਰਮਿਕਤਾ ਲਈ ਲੜਦੇ ਰਹਾਂਗੇ।" ਨਵਾਬ ਇਨ੍ਹਾਂ ਦੋ ਜਵਾਨ ਊਰਜਾਵਾਨ ਰੂਹਾਂ ਦੇ ਜਵਾਬ ਤੋਂ ਹੈਰਾਨ ਰਹਿ ਗਿਆ। "ਤੁਸੀਂ ਮੇਰਾ ਅਪਮਾਨ ਕੀਤਾ ਹੈ! ਤੁਹਾਡੇ ਕੋਲ ਹੁਣ ਇੱਕ ਵਿਕਲਪ ਹੈ, ਤੁਸੀਂ ਜਾਂ ਤਾਂ ਇਸਲਾਮ ਕਬੂਲ ਕਰੋ ਜਾਂ ਤੁਸੀਂ ਤਲਵਾਰ ਦਾ ਸਾਹਮਣਾ ਕਰੋਗੇ।" "ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਸ਼ੇਰ ਹਾਂ! ਅਸੀਂ ਤੁਹਾਡੀ ਤਲਵਾਰ ਤੋਂ ਨਹੀਂ ਡਰਦੇ। ਅਸੀਂ ਸ਼ੇਰ ਹਾਂ! ਅਸੀਂ ਭੇਡਾਂ ਹੋਣ ਦਾ ਦਿਖਾਵਾ ਕਰਨ ਦੀ ਕੋਸ਼ਿਸ਼ ਕਿਵੇਂ ਕਰੀਏ!" ਦਲੇਰੀ ਨਾਲ ਸਾਹਿਬਜ਼ਾਦਿਆਂ ਨੂੰ ਗਰਜਿਆ।

ਇਹ ਦੋ ਜਵਾਨ ਬਹਾਦਰ ਰੂਹਾਂ, 5 ਅਤੇ 7 ਸਾਲ ਦੀ ਉਮਰ ਦੇ, ਆਪਣੇ ਵਿਸ਼ਵਾਸ ਨੂੰ ਛੱਡਣ ਲਈ ਡਰੇ ਹੋਏ, ਪਰਤਾਏ ਜਾਂ ਲਾਲਚ ਵਿੱਚ ਨਹੀਂ ਸਨ। ਉਨ੍ਹਾਂ ਨੇ ਆਪਣੀ ਅਮੁੱਲ ਸਿੱਖੀ ਨੂੰ ਤਿਆਗਣ ਦੀ ਬਜਾਏ ਹੱਸ ਕੇ ਮੁਸਕਰਾ ਕੇ ਮੌਤ ਨੂੰ ਸਵੀਕਾਰ ਕਰ ਲਿਆ। ਕਾਜ਼ੀ ਨੇ ਵਜ਼ੀਰ ਖਾਂ ਨੂੰ ਕਿਹਾ ਕਿ ਉਹ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੂੰ ਇਨ੍ਹਾਂ ਛੋਟੇ ਬੱਚਿਆਂ ਨੂੰ ਸਜ਼ਾ ਦੇਣ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਮਲੇਰਕੋਟਲੇ ਦੇ ਨਵਾਬ ਨੂੰ ਜੰਗ ਵਿੱਚ ਮਾਰਿਆ ਸੀ। ਇਸ ਲਈ, ਉਹ ਗੁਰੂ ਜੀ ਦੇ ਛੋਟੇ ਬੱਚਿਆਂ ਨੂੰ ਮਾਰ ਕੇ ਬਦਲਾ ਲਵੇਗਾ। ਹਾਲਾਂਕਿ, ਪੁੱਛਣ 'ਤੇ, ਪਰੇਸ਼ਾਨ ਅਤੇ ਭਾਵੁਕ ਹੋ ਕੇ ਉਸਨੇ ਜਵਾਬ ਦਿੱਤਾ, "ਹਰ ਕੋਈ, ਇਹ ਬੇਰਹਿਮੀ ਹੈ! ਮੇਰਾ ਭਰਾ ਜੰਗ ਦੇ ਮੈਦਾਨ ਵਿੱਚ ਮਾਰਿਆ ਗਿਆ ਸੀ। ਇਹ ਮਾਸੂਮ ਲੜਕੇ ਉਸਦੀ ਮੌਤ ਦੇ ਜ਼ਿੰਮੇਵਾਰ ਨਹੀਂ ਹਨ। ਜੇ ਅਸੀਂ ਬਦਲਾ ਲੈਣਾ ਹੈ ਤਾਂ ਇਹ ਉਨ੍ਹਾਂ ਦੇ ਪਿਤਾ ਤੋਂ ਹੀ ਹੋਵੇਗਾ। ਅੱਲ੍ਹਾ ਸਾਨੂੰ ਇਸ ਪਾਪੀ ਕੰਮ ਤੋਂ ਬਚਾਵੇ।" ਇਹ ਕਹਿ ਕੇ ਉਹ ਉੱਠਿਆ ਅਤੇ ਸੋਗ ਨਾਲ ਬੋਲਿਆ, "ਹੇ ਅੱਲ੍ਹਾ, ਰਹਿਮ ਕਰੋ !!"

ਇਹ ਸੁਣ ਕੇ ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਨੂੰ ਆਪਣੀ ਬਜ਼ੁਰਗ ਦਾਦੀ ਨਾਲ ਠੰਡੇ ਬੁਰਜ ਵਿੱਚ ਬੰਦੀ ਬਣਾ ਕੇ ਵਾਪਸ ਪਰਤਣ ਦਾ ਹੁਕਮ ਦਿੱਤਾ। ਠੰਡੇ ਬੁਰਜ ਵਿੱਚ ਪਹੁੰਚ ਕੇ, ਸਾਹਿਬਜ਼ਾਦਿਆਂ ਨੇ ਦੌੜ ਕੇ ਆਪਣੀ ਪਿਆਰੀ ਦਾਦੀ ਨੂੰ ਜੱਫੀ ਪਾ ਲਈ। ਉਨ੍ਹਾਂ ਨੇ ਦਾਦੀ ਨੂੰ ਸਭ ਕੁਝ ਸੁਣਾਇਆ, ਜੋ ਹੋਇਆ ਸੀ। ਉਨ੍ਹਾਂ ਦੀ ਗੱਲ ਸੁਣ ਕੇ ਮਾਤਾ ਗੁਜਰੀ ਜੀ ਨੇ ਉਨ੍ਹਾਂ ਨੂੰ ਕਿਹਾ, "ਮੇਰੇ ਬੱਚਿਓ, ਮੈਨੂੰ ਤੁਹਾਡੇ 'ਤੇ ਮਾਣ ਹੈ! ਤੁਸੀਂ ਆਪਣਾ ਸਿਰ ਉੱਚਾ ਰੱਖਿਆ ਹੈ ਅਤੇ ਆਪਣੇ ਦਾਦਾ ਜੀ ਦੀ ਇੱਜ਼ਤ ਅਤੇ ਸਿੱਖੀ ਨੂੰ ਕਾਇਮ ਰੱਖਿਆ ਹੈ, ਵਾਹਿਗੁਰੂ ਹਮੇਸ਼ਾ ਤੁਹਾਡੇ ਅੰਗ ਸੰਗ ਰਹੇ ਅਤੇ ਤੁਹਾਡੀ ਮਦਦ ਕਰੇ।"

ਅਗਲੀ ਸਵੇਰ, ਸਾਹਿਬਜ਼ਾਦੇ ਇੱਕ ਵਾਰ ਫਿਰ ਨਵਾਬ ਦੇ ਸਾਹਮਣੇ ਆਏ। "ਮੈਨੂੰ ਉਮੀਦ ਹੈ ਕਿ ਤੁਸੀਂ ਇਸ ਫੈਸਲੇ 'ਤੇ ਪਹੁੰਚ ਗਏ ਹੋਵੋਗੇ ਕਿ ਤੁਸੀਂ ਸਿਰਫ ਇਸਲਾਮ ਕਬੂਲ ਕਰਕੇ ਜਿਉਣਾ ਚਾਹੁੰਦੇ ਹੋ ਜਾਂ ਜਿਉਂਦੇ ਜੀਅ ਇੱਟਾਂ ਦੀ ਦਿਵਾਰ ਵਿੱਚ ਚਿਣਕੇ ਮੌਤ ਨੂੰ ਸਵੀਕਾਰ ਕਰਨਾ ਚਾਹੁੰਦੇ ਹੋ।" ਆਪਣੇ ਵਿਸ਼ਵਾਸ ਵਿੱਚ ਅਡੋਲ ਅਤੇ ਨਿਡਰ ਹੋ ਕੇ ਮੌਤ ਦੇ ਖਤਰੇ ਦਾ ਸਾਹਮਣਾ ਕਰਦੇ ਹੋਏ ਆਪਣੀ ਸਿੱਖੀ ਨੂੰ ਤਿਆਗਣ ਲਈ ਤਿਆਰ ਨਾ ਹੋਣ ਕਰਕੇ, ਜਲਾਦਾਂ ਨੇ ਇੱਟ ਦੀ ਕੰਧ ਬਣਾਉਣ ਲਈ ਤਿਆਰ ਕੀਤਾ।

ਲੋਕਾਂ ਨੇ ਘਬਰਾਹਟ ਨਾਲ ਦੇਖਿਆ ਅਤੇ ਰੋਇਆ ਕਿ ਕਿਵੇਂ ਇਨ੍ਹਾਂ ਛੋਟੇ ਬੱਚਿਆਂ ਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ। ਪਰ ਕਿਸੇ ਨੇ ਵੀ, ਕਿਸੇ ਇੱਕ ਵਿਅਕਤੀ ਨੇ ਵੀ ਇਹਨਾਂ ਭਿਆਨਕ ਅੱਤਿਆਚਾਰਾਂ ਵਿਰੁੱਧ ਕੋਈ ਵਿਰੋਧ ਜਾਂ ਬੋਲਣ ਦੀ ਹਿੰਮਤ ਨਹੀਂ ਕੀਤੀ। ਜਦੋਂ ਦੀਵਾਰ ਖੜੀ ਕੀਤੀ ਜਾ ਰਹੀ ਸੀ ਤਾਂ ਸਾਹਿਬਜ਼ਾਦਿਆਂ ਨੂੰ ਕਾਜ਼ੀ ਦੁਆਰਾ ਇਸਲਾਮ ਕਬੂਲ ਕਰਕੇ ਬਚਣ ਦਾ ਮੌਕਾ ਦਿੱਤਾ ਗਿਆ। ਪਰ ਉਹਨਾਂ ਅੰਦਰਲੀ ਗੁਰਬਾਣੀ ਦੀ ਸ਼ਕਤੀ ਅਤੇ ਅੰਮ੍ਰਿਤ ਦੀ ਤਾਕਤ ਨਾਲ ਸਾਹਿਬਜ਼ਾਦਿਆਂ ਨੇ ਜੈਕਾਰਾ ਗਜਾਇਆ, "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ!!!"

ਕਾਜ਼ੀ ਨੇ ਹੈਰਾਨੀ ਪ੍ਰਗਟ ਕੀਤੀ ਕਿ ਇਹ ਬੱਚੇ ਇੰਨੇ ਉੱਚੇ ਹੌਸਲੇ ਅਤੇ ਅਡੋਲ ਕਿਵੇਂ ਹੋ ਸਕਦੇ ਹਨ ਜਦੋਂ ਉਹ ਮੌਤ ਦਾ ਸਾਹਮਣਾ ਕਰ ਰਹੇ ਹਨ। ਸਾਹਿਬਜ਼ਾਦਿਆਂ ਨੇ ਉਸ ਵੱਲ ਦੇਖਿਆ ਅਤੇ ਕਿਹਾ, "ਕੰਧ ਨੂੰ ਜਲਦੀ ਚੁੱਕੋ ਅਤੇ ਮੁਗਲ ਰਾਜ ਨੂੰ ਜਲਦੀ ਦਫਨਾਓ। ਇੱਕ ਮਿੰਟ ਦੀ ਦੇਰੀ ਨਾ ਕਰੋ।" ਇੱਟ ਨਾਲ ਇੱਟ, ਜਦੋਂ ਕੰਧ ਉੱਚੀ ਕੀਤੀ ਜਾ ਰਹੀ ਸੀ ਤਾਂ ਸਾਹਿਬਜ਼ਾਦਿਆਂ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ। ਦਰਸ਼ਕਾਂ ਨੇ ਨਿਰਾਸ਼ਾ ਨਾਲ ਦੇਖਿਆ ਅਤੇ ਦੇਖਣ ਵਾਲੇ ਮਰਦਾਂ ਅਤੇ ਔਰਤਾਂ ਦੀਆਂ ਅੱਖਾਂ ਵਿੱਚ ਹੰਝੂ ਵਹਿ ਰਹੇ ਸਨ। ਇਹ ਸੋਚਦੇ ਹੋਏ ਕਿ ਇਹ ਛੋਟੇ ਬੱਚੇ ਜਲਦੀ ਹੀ ਡਰ ਜਾਣਗੇ ਜਦੋਂ ਉਨ੍ਹਾਂ ਨੂੰ ਪਤਾ ਲੱਗ ਜਾਵੇਗਾ ਕਿ ਉਹ ਮਰਨ ਵਾਲੇ ਹਨ, ਨਵਾਬ ਅਤੇ ਕਾਜ਼ੀ ਨੇ ਛੋਟੇ ਬੱਚਿਆਂ ਨੂੰ ਤਾਕੀਦ ਕੀਤੀ, "ਤੁਹਾਨੂੰ ਬਸ ਕਲਮਾ (ਕੁਰਾਨ ਦਾ ਇੱਕ ਅੰਸ਼) ਦਾ ਪਾਠ ਕਰਨਾ ਹੈ ਅਤੇ ਤੁਰੰਤ ਇਹ ਕੰਧ ਢਾਹ ਦਿੱਤੀ ਜਾਵੇ।" ਸਾਹਿਬਜ਼ਾਦਿਆਂ ਨੇ ਗਰਜਿਆ, "ਅਸੀਂ ਸ਼ੇਰ ਹਾਂ! ਸਾਨੂੰ ਮੌਤ ਦਾ ਖ਼ਤਰਾ ਨਹੀਂ! ਆਪਣੀ ਸਿੱਖੀ ਨੂੰ ਕਾਇਮ ਰੱਖਦੇ ਹੋਏ ਅਸੀਂ ਆਖਰੀ ਸਾਹ ਤੱਕ ਮਰਾਂਗੇ।"

ਦੇਖਦੇ ਹੀ ਦੇਖਦੇ ਲੋਕ ਰੋਂਦੇ ਹੋਏ ਕਹਿ ਰਹੇ ਸਨ ਕਿ ਧੰਨ ਹੈ ਉਹ ਮਾਂ ਜਿਸ ਨੇ ਉਨ੍ਹਾਂ ਨੂੰ ਜਨਮ ਦਿੱਤਾ। ਉਨ੍ਹਾਂ ਨੇ ਨਿ-ਰਾਸ਼ਾ ਵਿੱਚ ਸਾਹ ਲਿਆ, "ਕੀ ਬੇਰਹਿਮੀ! ਉਹ ਅੱਲ੍ਹਾ ਦੀ ਅਦਾਲਤ ਵਿੱਚ ਆਪਣੇ ਜੁਰਮ ਦਾ ਜਵਾਬ ਕਿਵੇਂ ਦੇਣਗੇ?"

ਛੋਟੇ ਸਾਹਿਬਜ਼ਾਦਿਆਂ ਨੇ 5 ਅਤੇ 7 ਸਾਲ ਦੀ ਉਮਰ ਵਿੱਚ ਸ਼ਹੀਦੀ ਪ੍ਰਾਪਤ ਕੀਤੀ, ਪੋਤੇ-ਪੋਤੀਆਂ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਮਾਤਾ ਗੁਜਰੀ ਜੀ ਜੋ ਉਸ ਸਮੇਂ ਨਾਮ ਅਭਿਆਨ ਅਤੇ ਸਿਮਰਨ ਵਿੱਚ ਲੀਨ ਸਨ, ਨੇ ਆਖਰੀ ਸਾਹ ਲਿਆ। ਉਸ ਦੀ ਆਤਮਾ ਆਪਣਾ ਸਰੀਰ ਛੱਡ ਕੇ ਪਰਮ ਆਤਮਾ ਨਾਲ ਜੁੜ ਗਈ।

ਉਸ ਸ਼ਾਮ ਦੀਵਾਨ ਟੋਡਰ ਮੱਲ, ਇੱਕ ਜੌਹਰੀ, ਵਜ਼ੀਰ ਖਾਨ ਕੋਲ ਆਇਆ। ਉਸ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਦੇਹਾਂ ਦਾ ਸਸਕਾਰ ਕਰਨ ਦੀ ਆਗਿਆ ਮੰਗੀ। ਨਵਾਬ ਨੇ ਇਸ ਸ਼ਰਤ 'ਤੇ ਸਹਿਮਤੀ ਦਿੱਤੀ ਕਿ ਟੋਡਰ ਮੱਲ ਨੇ ਸਸਕਾਰ ਲਈ ਲੋੜੀਂਦੀ ਜ਼ਮੀਨ ਲਈ, ਸੋਨੇ ਦੇ ਸਿੱਕੇ ਫੈਲਾ ਕੇਜੋ ਕਿ ਜਿਨੀ ਜਮੀਨ ਨੂੰ ਢੱਕ ਦੇਵੇਗਾ ਉਨੀ ਹੀ ਜਮੀਨ ਬਦਲੇ ਭੁਗਤਾਨ ਕਰਕੇ ਉਸ ਨੂੰ ਸੰਸਕਾਰ ਕਰਨ ਲਈ ਜਮੀਨ ਦਿੱਤੀ ਜਾ ਸਕਦੀ ਹੈ।ਟੋਡਰ ਮੱਲ ਨੇ ਵਾਹਿਗੁਰੂ ਨਾਲ ਪਿਆਰ ਅਤੇ ਸ਼ਹੀਦ ਸਾਹਿਬਜ਼ਾਦਿਆਂ ਅਤੇ ਸ਼ਹੀਦ ਮਾਤਾ ਗੁਜਰੀ ਜੀ ਲਈ ਦਇਆ ਕਰਕੇ, ਉਸਨੇ ਲਾਸ਼ਾਂ ਦੇ ਸਸਕਾਰ ਲਈ ਜਗ੍ਹਾ ਚੁਣੀ ਅਤੇ ਨਵਾਬ ਲਈ ਸੋਨੇ ਦੇ ਸਿੱਕਿਆਂ ਲਈ ਜ਼ਮੀਨ ਨੂੰ ਢੱਕ ਦਿੱਤਾ। ਤਿੰਨਾਂ ਸ਼ਹੀਦਾਂ (ਸ਼ਹੀਦਾਂ) ਦੀਆਂ ਲਾਸ਼ਾਂ ਨੂੰ ਸਨਮਾਨ ਅਤੇ ਸਤਿਕਾਰ ਨਾਲ ਸਸਕਾਰ ਲਈ ਤਿਆਰ ਕੀਤਾ ਗਿਆ ਸੀ। ਦਸੰਬਰ 1704 ਵਿੱਚ, 5 ਅਤੇ 7 ਸਾਲ ਦੇ ਬਹਾਦਰ ਬੱਚਿਆਂ ਅਤੇ ਮਾਤਾ ਗੁਜਰੀ ਕੌਰ ਜੀ ਨੇ ਮਹਾਨ ਸ਼ਹਾਦਤ ਪ੍ਰਾਪਤ ਕੀਤੀ ਅਤੇ ਦੁਨੀਆ ਨੂੰ ਦਰਸਾ ਦਿੱਤਾ ਕਿ ਕੋਈ ਵੀ ਤਾਕਤ, ਸਰਕਾਰ ਜਾਂ ਡਰ ਜਾਂ ਲਾਲਚ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਨੂੰ ਹਿਲਾ ਨਹੀਂ ਸਕਦਾ ਅਤੇ ਨਾ ਹੀ ਕੰਬ ਸਕਦਾ ਹੈ।

# ਨਿਊਯਾਰਕ 'ਚ ਭਾਰਤੀ ਦੂਤਘਰਾਂ ਵੱਲੋਂ ਸਾਹਿਬਜ਼ਾਦਿਆਂ ਦੇ ਸਨਮਾਨ 'ਚ ਪ੍ਰਦਰਸ਼ਨੀ

**ਨਿਊਯਾਰਕ–** ਨਿਊਯਾਰਕ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ 'ਵੀਰ ਬਾਲ ਦਿਵਸ' ਮੌਕੇ ਦਸਵੇਂ ਸਿੱਖ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਦੀ ਬਹਾਦਰੀ ਅਤੇ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਪ੍ਰਦਰਸ਼ਨੀ ਲਗਾਈ ਗਈ। ਮਿਸ਼ਨ ਵੱਲੋਂ ਜਾਰੀ ਬਿਆਨ ਵਿੱਚ ਇਹ ਜਾਣਕਾਰੀ ਦਿੱਤੀ ਗਈ ਹੈ। ਕੌਂਸਲੇਟ ਨੇ ਇਸ ਸਬੰਧੀ 'ਐਕਸ' 'ਤੇ ਲਿਖਿਆ, 'ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ ਨਮਨ।' ਉਨ੍ਹਾਂ ਕਿਹਾ ਕਿ 'ਵੀਰ ਬਾਲ ਦਿਵਸ' ਮੌਕੇ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਪ੍ਰਦਰਸ਼ਨੀ ਲਗਾਈ ਗਈ। ਇਸ ਦੌਰਾਨ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਭਾਰਤੀ-ਅਮਰੀਕੀ ਭਾਈਚਾਰੇ ਦੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਕੌਂਸਲੇਟ ਨੇ ਦੱਸਿਆ ਕਿ ਸਥਾਨਕ ਗੁਰਦੁਆਰੇ ਦੇ ਗ੍ਰੰਥੀ ਦੀ ਬੇਨਤੀ 'ਤੇ ਕੌਂਸਲੇਟ ਕੰਪਲੈਕਸ ਵਿੱਚ 28 ਦਸੰਬਰ ਤੱਕ ਪ੍ਰਦਰਸ਼ਨੀ ਲਗਾਈ ਜਾਵੇਗੀ। ਇਹ ਪ੍ਰਦਰਸ਼ਨੀ ਨਿਊਯਾਰਕ, ਨਿਊਜਰਸੀ ਅਤੇ ਕਨੈਕਟੀਕਟ ਦੇ ਗੁਰਦੁਆਰਿਆਂ ਵਿੱਚ ਵੀ ਲੱਗੇਗੀ। ਇਸ ਤੋਂ ਪਹਿਲਾਂ ਨਿਊਯਾਰਕ ਵਿੱਚ ਭਾਰਤ ਦੇ ਕਾਰਜਕਾਰੀ ਕੌਂਸਲ ਜਨਰਲ ਡਾ. ਵਰੁਣ ਜੈਂਫ ਨੇ ਕੁਈਨਜ਼ ਦੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਮੱਥਾ ਟੇਕਿਆ ਅਤੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ।



ਉਨ੍ਹਾਂ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਸੰਗਤਾਂ ਨਾਲ ਕੀਰਤਨ ਸਰਵਣ ਕੀਤਾ। ਉਨ੍ਹਾਂ ਲੰਗਰ ਵੀ ਛਕਿਆ। ਇਸ ਦੌਰਾਨ ਗੁਰਦੁਆਰੇ ਵਿੱਚ ਸਰਦ ਰੁੱਤ ਕੈਂਪਾਂ ਵਿੱਚ ਹਿੱਸਾ ਲੈਣ ਵਾਲੇ ਨੌਜਵਾਨ ਵਿਦਿਆਰਥੀਆਂ ਨੂੰ ਵੀਰ ਬਾਲ ਦਿਵਸ 'ਤੇ ਵਿਸ਼ੇਸ਼ ਵੀਡੀਓ ਵੀ ਦਿਖਾਏ ਜਾ ਰਹੇ ਹਨ। ਹਿਊਸਟਨ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਵਿੱਚ ਵੀ 'ਵੀਰ ਬਾਲ ਦਿਵਸ' ਮਨਾਇਆ ਗਿਆ ਅਤੇ ਪ੍ਰਦਰਸ਼ਨੀ ਲਗਾਈ ਗਈ। ਅਮਰੀਕਾ ਵਿਚਲੇ ਭਾਰਤੀ ਸਫ਼ਾਰਤਖ਼ਾਨੇ ਨੇ 'ਐਕਸ' 'ਤੇ ਕਿਹਾ, ''ਵਿਸਕੌਨਸਿਨ ਦੇ ਬਰੁੱਕਫੀਲਡ ਗੁਰਦੁਆਰਾ ਵਿੱਚ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਵਿੱਚ ਸਫ਼ਾਰਤਖ਼ਾਨੇ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ-ਨਾਲ ਪ੍ਰਮੁੱਖ ਸਿੱਖ ਅਤੇ ਭਾਰਤੀ-ਅਮਰੀਕੀ ਆਗੂਆਂ ਨੇ ਸ਼ਿਰਕਤ ਕੀਤੀ।''

**ਸ਼ਹੀਦੀ ਦੇ ਸੌ ਵਰ੍ਹੇ**

# ਸ਼ਹੀਦ ਬੱਬਰ ਅਕਾਲੀ ਧੰਨਾ ਸਿੰਘ ਬਹਿਬਲਪੁਰ



ਸੀਤਾ ਰਾਮ ਬਾਂਸਲ
7589256092

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ 'ਤੇ ਕਾਬਜ਼ ਹੁੰਦਿਆਂ ਸਾਰ ਅੰਗਰੇਜ਼ਾਂ ਨੇ ਪੰਜਾਬੀਆਂ ਦੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਮਸਲਿਆਂ ਵਿੱਚ ਸਿੱਧਾ ਦਖਲ ਦੇਣਾ ਸ਼ੁਰੂ ਕਰ ਦਿੱਤਾ ਜਿਸਨੂੰ ਅਕਾਲੀਆਂ ਦੇ ਗਰਮ ਖਿਆਲੀ ਨੇਤਾ ਬਰਦਾਸ਼ਤ ਨਾ ਕਰ ਸਕੇ ਅਤੇ ਉਹਨਾਂ ਨੇ ਬੱਬਰ ਅਕਾਲੀ ਜਥਾ ਬਣਾ ਕੇ ਝੋਲੀ ਚੁੱਕਾਂ ਦਾ ਸੁਧਾਰ ਕਰਨਾ ਸ਼ੁਰੂ ਕੀਤਾ। ਬੱਬਰ ਅਕਾਲੀਆਂ ਨੇ ਪੰਜਾਬ ਵਿੱਚ ਸਿੱਖਰਾਜ ਅਤੇ ਹਿੰਦੋਸਤਾਨ ਵਿੱਚ ਸਵਰਾਜ ਕਾਇਮ ਕਰਨ ਲਈ ਸੰਘਰਸ਼ ਕੀਤਾ ਸੀ।

ਬੱਬਰ ਧੰਨਾ ਸਿੰਘ ਦਾ ਜਨਮ ਸੰਨ 1891 ਵਿੱਚ ਮਾਤਾ ਅੱਛਰੋ ਦੀ ਕੁੱਖੋਂ ਇੰਦਰ ਸਿੰਘ ਨਾਗਰਾ ਦੇ ਘਰ ਪਿੰਡ ਬਹਿਬਲਪੁਰ ਜ਼ਿਲਾ ਹੁਸ਼ਿਆਰਪੁਰ ਵਿੱਚ ਹੋਇਆ। ਉਸਨੂੰ ਜਵਾਨੀ ਵਿੱਚ ਭਾਰ ਚੁਕੱਣ ਦਾ ਸ਼ੋਕ ਹੋਣ ਕਰ ਕੇ ਉਸਦਾ ਸਰੀਰ ਬਹੁਤ ਸੁਡੌਲ ਬਣ ਗਿਆ ਸੀ।ਅਕਾਲੀ ਲਹਿਰ 'ਤੇ ਧੱਕੇਸ਼ਾਹੀ ਨੇ ਉਸਨੂੰ ਅੰਗਰੇਜ਼ ਸਰਕਾਰ ਦਾ ਪੱਕਾ ਦੁਸ਼ਮਣ ਬਣਾ ਦਿੱਤਾ। ਦਲੀਲ ਤੇ ਵਿਦਵਤਾ ਵਿੱਚ ਉਹ ਬੱਬਰ ਅਕਾਲੀ ਆਗੂਆਂ ਨੂੰ ਕੀਲ ਲੈਂਦਾ ਸੀ ਜਿਸ ਕਰਕੇ ਉਸਦੀ ਹਰ ਮਤੇ ਵਿੱਚ ਸਲਾਹ ਲਈ ਜਾਂਦੀ ਸੀ। ਉਸਦੀ ਸ਼ਮੂਲੀਅਤ ਇਸ ਹਥਿਆਰਬੰਦ ਲਹਿਰ ਵਿੱਚ ਸਰਬਵਿਆਪਕ ਸੀ। ਸਾਰੀਆਂ ਮੀਟਿੰਗਾਂ, ਮਾਇਆ, ਬਸਤਰਾਂ, ਹਥਿਆਰਾਂ, ਅਖਬਾਰ ਦੀ ਛਪਾਈ ਤੇ ਵੰਡਾਈ, ਦੀਵਾਨਾ ਵਿੱਚ ਸਰਕਾਰ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਕੇ ਬਗਾਵਤ ਲਈ ਪ੍ਰੇਰਿਤ ਕਰਨਾ, ਹਿਮਾਚਲ ਪ੍ਰਦੇਸ਼ ਵਿਚਲੀਆਂ ਰਿਆਸਤਾਂ ਵਿੱਚੋਂ ਰਿਵਾਲਵਰ ਤੇ ਗੋਲੀ ਸਿੱਕਾ ਖ੍ਰੀਦ ਕੇ ਲਿਆਉਣ ਅਤੇ ਸਾਥੀਆਂ ਲਈ ਠਾਹਰਾਂ ਦੇ ਪ੍ਰਬੰਧ ਦੀ ਯੋਜਨਾਬੰਦੀ ਵਿੱਚ ਬੱਬਰ ਧੰਨਾ ਸਿੰਘ ਦੀ ਕਮਾਲ ਦੀ ਪਕੜ ਸੀ।

ਝੋਲੀਚੁਕਾਂ ਨੂੰ ਚੇਤਾਵਨੀ ਭਰੇ ਕੰਧ ਪਰਚੇ ਹੋਣ ਜਾਂ ਉਨ੍ਹਾਂ ਦੇ ਕਤਲ ਦੀ ਜੁੰਮੇਵਾਰੀ ਲਈ ਬੱਬਰ ਅਕਾਲੀ ਦੋਆਬਾ ਅਖਬਾਰ ਵਿੱਚ ਨਾਮ ਛਾਪਣੇ ਹੋਣ ਜਾਂ ਸਰਕਾਰ ਨੂੰ ਚਿੱਠੀਆਂ ਰਾਹੀਂ ਸੁਧਾਰ/ਕਤਲ ਕਰਨ ਵਾਲਿਆਂ ਦੇ ਨਾਮ ਭੇਜੇ ਉਨ੍ਹਾਂ ਵਿੱਚ ਜਥੇਦਾਰ ਬੱਬਰ ਕਰਮ ਸਿੰਘ ਦੌਲਤਪੁਰ ਅਤੇ ਬੱਬਰ ਧੰਨਾ ਸਿੰਘ ਦੇ ਨਾਮ ਜਰੂਰ ਛਾਪੇ ਜਾਂਦੇ ਸਨ।


ਝੋਲੀ ਚੁੱਕਾਂ ਦੇ ਸੁਧਾਰਾਂ ਵਿੱਚ ਆਪਣੇ ਸਾਥੀਆਂ ਨਾਲ ਬੱਬਰ ਧੰਨਾ ਸਿੰਘ ਬਹਿਬਲਪੁਰ ਨੇ ਅਰਜਨ ਸਿੰਘ ਪਟਵਾਰੀ ਹਰੀਪੁਰ ਦੇ ਕਤਲ ਦੀਆਂ ਕੋਸ਼ਿਸ਼ਾਂ ਵਿੱਚ ਹਿੱਸਾ ਲਿਆ। ਬੱਬਰ ਬਾਬੂ ਸੰਤਾ ਸਿੰਘ ਨੇ ਜ਼ੈਲਦਾਰ ਬਿਸ਼ਨ ਸਿੰਘ ਰਾਣੀ ਥੂਆ ਦਾ ਕਤਲ ਕੀਤਾ ਤਾਂ ਘੰਟਾ ਕੁ ਪਹਿਲਾਂ ਉਹ ਹੋਰ ਬੱਬਰ ਸਾਥੀਆਂ ਸਮੇਤ ਇਸ ਜੈਲਦਾਰ ਦਾ ਕਤਲ ਕਰਨ ਆਏ ਸਨ ਪਰ ਉਹ ਉਨ੍ਹਾਂ ਨੂੰ ਟੱਕਰਿਆ ਨਹੀਂ ਸੀ। ਬੂਟਾ ਲੰਬੜਦਾਰ ਨੰਗਲ ਸ਼ਾਮਾ ਨੂੰ ਪਹਿਲੀ ਗੋਲੀ ਧੰਨਾ ਸਿੰਘ ਨੇ ਮਾਰੀ ਸੀ। ਬੱਬਰ ਕਿਸ਼ਨ ਸਿੰਘ ਗੜਗੱਜ ਨੂੰ ਗ੍ਰਿਫ਼ਤਾਰ ਕਰਾਉਣ ਵਾਲੇ ਝੋਲੀ ਚੁੱਕ ਲਾਭ ਸਿੰਘ ਢੱਡਾ ਫਤਿਹ ਸਿੰਘ ਦੇ ਕਤਲ ਦੀਆਂ ਤਿੰਨ ਕੋਸ਼ਿਸ਼ਾਂ ਵਿੱਚ ਹਿੱਸਾ ਲਿਆ।ਬੱਬਰ ਅਕਾਲੀਆਂ ਦੀ ਮੁਖਬਰੀ ਕਰਨ ਵਾਲੇ ਮਿਸਤਰੀ ਲਾਭ ਸਿੰਘ ਗੜ੍ਹਸ਼ੰਕਰ ਨੂੰ ਕਤਲ ਕੀਤਾ।

ਸਰਕਾਰੀ ਇਨਾਮ ਹਾਸਲ ਕਰਨ ਦੇ ਲਾਲਚ ਵਿੱਚ ਬਹਿਬਲਪੁਰ ਪਿੰਡ ਦੇ ਸਫੈਦਪੋਸ਼ ਹਜ਼ਾਰਾ ਸਿੰਘ ਬਹਿਬਲਪੁਰ ਨੇ ਅਕਾਲੀ ਜਥੇਦਾਰ ਧੰਨਾ ਸਿੰਘ ਦੇ ਵਾਰੰਟ ਕਢਵਾਏ ਹੋਏ ਸਨ। ਧੰਨਾ ਸਿੰਘ ਹੁਰਾਂ ਦੀ ਸਾਂਝੀ ਹਵੇਲੀ ਵਿੱਚ ਸਰਕਾਰ ਨੇ ਪੁਲਿਸ ਚੌਂਕੀ ਬਣਾ ਦਿੱਤੀ ਸੀ ਜਿਸਦਾ ਸਾਰਾ ਖਰਚਾ ਪਿੰਡ ਵਾਲਿਆਂ ਤੇ ਪਾਇਆ ਸੀ। ਧੰਨਾ ਸਿੰਘ ਨੇ ਕਰਤਾਰ ਸਿੰਘ ਬੂੜੋਬਾੜੀਆਂ (ਮਗਰੋਂ ਵਾਅਦਾ ਮੁਆਫ) ਅਤੇ ਜਵਾਲਾ ਸਿੰਘ ਜਿਆਣ ਰਾਹੀਂ ਮਾਹਿਲਪੁਰ ਦੇ ਥਾਣੇਦਾਰ ਤੱਕ ਵਰੰਟ ਮਨਸੂਖ ਕਰਾਉਣ ਲਈ ਪਹੁੰਚ ਕੀਤੀ ਸੀ ਪਰ ਪੁਲਿਸ ਅਤੇ ਸੀ ਆਈ ਡੀ ਵੱਲੋਂ ਬੱਬਰ ਕਿਸ਼ਨ ਸਿੰਘ ਗੜਗੱਜ ਅਤੇ ਮੁੱਖ ਬੱਬਰ ਆਗੂਆਂ ਨੂੰ ਗ੍ਰਿਫਤਾਰ ਕਰਾਉਣ ਦੀਆਂ ਸ਼ਰਤਾਂ ਨਾਮਨਜ਼ੂਰ ਕਰਦਿਆਂ ਉਹ ਚੱਕਰਵਰਤੀ ਬੱਬਰ ਅਕਾਲੀ ਜੱਥੇ ਵਿੱਚ ਸ਼ਾਮਲ ਹੋ ਗਿਆ ਸੀ ਤੇ ਫਿਰ ਆਪਣਾ ਆਪ ਦੇਸ਼ ਤੋਂ ਵਾਰ ਦਿੱਤਾ।

ਹਜਾਰਾ ਸਿੰਘ ਦੀ ਇਸ ਹਰਕਤ ਨੇ ਧੰਨਾ ਸਿੰਘ ਨੂੰ ਲਗਾਤਾਰ ਇੱਕ ਸਾਲ ਪਿੰਡ ਨਹੀਂ ਵੜਣ ਦਿੱਤਾ ਜਿਸ ਕਰਕੇ ਜਥੇਦਾਰ ਕਰਮ ਸਿੰਘ ਦੌਲਤਪੁਰ ਅਤੇ ਬੱਬਰ ਬਾਬੂ ਸੰਤਾ ਸਿੰਘ ਨੂੰ ਨਾਲ ਲਿਜਾ ਕੇ ਹਜ਼ਾਰਾ ਸਿੰਘ ਨੂੰ ਸ਼ਰੇਆਮ 27 ਮਾਰਚ 1923 ਦਿਨ ਵੇਲੇ ਉਸਦੀ ਆਪਣੀ ਹਵੇਲੀ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਮਰਨ ਤੋਂ ਪਹਿਲਾਂ ਡਰਦਿਆਂ ਹਜ਼ਾਰਾ ਸਿੰਘ ਨੇ ਕਿਹਾ ਸੀ: 'ਧੰਨਾ ਸਿਹਾਂ ਮੈਨੂੰ ਮਾਰੀਂ ਨਾ'। ਧੰਨਾ ਸਿੰਘ ਨੇ ਕਿਹਾ ਸੀ: ਤੈਨੂੰ ਕਿਉਂ ਨਾ ਮਾਰਾਂ? ਤੂੰ ਮੈਨੂੰ ਪਿਛਲੇ ਇਕ ਸਾਲ ਤੋਂ ਘਰੋਂ ਬੇਘਰ ਕਰਕੇ ਪਿੰਡੋਂ ਬਾਹਰ ਕੱਢਿਆ ਹੋਇਆ ਐ'। ਜਾਣ ਲੱਗਿਆਂ ਧੰਨਾ ਸਿੰਘ ਨੇ ਉਚੀ ਆਵਾਜ਼ ਵਿੱਚ ਤਿੰਨ ਵਾਰ ਕਿਹਾ- ਹਜ਼ਾਰਾ ਸਿਹੁ ਨੂੰ ਮੈਂ ਮਾਰਿਆ ਹੈ।ਇਸ ਕਰਕੇ ਕਿਸੇ ਹੋਰ 'ਤੇ ਇਸਦੇ ਕਤਲ ਦਾ ਇਲਜ਼ਾਮ ਨਾ ਲਾਇਆ ਜਾਵੇ।

ਬੱਬਰ ਅਕਾਲੀ ਸਾਜਿਸ਼ ਮੁਕੱਦਮਾ ਨੰਬਰ ਦੋ ਵਿੱਚ ਹਜਾਰਾ ਸਿੰਘ ਦੇ ਕਤਲ ਬਾਰੇ ਬਹਿਬਲਪੁਰ ਦੇ ਨੌਂ ਜਣਿਆਂ ਨੇ ਬਤੌਰ ਇਸ ਕਤਲ ਦੇ ਚਸ਼ਮਦੀਦ ਗਵਾਹ ਗਵਾਹੀਆਂ ਦਿੱਤੀਆਂ ਸਨ।







ਪੰਡੋਰੀ ਨਿੱਜਰਾਂ ਦੇ ਝੋਲੀ ਚੁੱਕ ਲੰਬੜਦਾਰ ਅਤੇ ਚੌਂਕੀਦਾਰ ਨੂੰ ਸੁਧਾਰਨ ਲਈ ਹਿੱਸਾ ਲਿਆ। ਕੌਲਗੜ੍ਹ ਤਹਿਸੀਲ ਬਲਾਚੌਰ ਦੇ ਦੋ ਲੰਬੜਦਾਰ ਭਰਾਵਾਂ ਰਲਾ ਤੇ ਦਿੱਤੂ ਨੂੰ ਕਤਲ ਕਰਨ ਸਮੇਂ ਬੱਬਰ ਧੰਨਾ ਸਿੰਘ ਅੱਗੇ ਹੋ ਕੇ ਹਿੱਸਾ ਲੈਣ ਵਾਲੇ ਬੱਬਰਾਂ ਵਿੱਚਾਂ ਇਕ ਸੀ।

ਧੰਨਾ ਸਿੰਘ ਦਾ ਵਿਆਹ ਹੁਸ਼ਿਆਰਪੁਰ ਜ਼ਿਲੇ ਦੇ ਕਸਬੇ ਸੈਲਾ ਖੁਰਦ ਨੇੜਲੇ ਪਿੰਡ ਬੀੜ੍ਹਾਂ ਵਿੱਚ ਨਰਾਇਣ ਸਿੰਘ ਭੱਟੀ ਦੀ ਬੇਟੀ ਮਹਾਂ ਕੌਰ ਨਾਲ ਹੋਇਆ ਸੀ। ਵੱਡੇ ਪੁੱਤਰ ਮੋਹਣ ਸਿੰਘ ਦੀ 40 ਸਾਲ ਉਮਰ ਵਿੱਚ ਟਾਈਫਾਈਡ ਨਾ਼ਲ ਮੌਤ ਹੋ ਗਈ ਸੀ। ਉਹ ਅਣਵਿਆਹਿਆ ਸੀ। ਬੇਟੀ ਸਵਰਨ ਕੌਰ ਸੀ ਅਤੇ ਬਖਸ਼ੀਸ ਸਿੰਘ ਨਾਗਰਾ ਦੀ ਪਿਤਾ ਦੀ ਸ਼ਹੀਦੀ ਵਾਲੇ ਦਿਨ ਉਮਰ ਪੌਣੇ ਤਿੰਨ ਸਾਲ ਸੀ ਜਿਸਨੂੰ ਉਸਦੇ ਪਿਤਾ ਦੇ ਤਾਏ ਸੁੰਦਰ ਸਿੰਘ ਨੇ ਪਾਲਿਆ ਤੇ ਪੜ੍ਹਾਇਆ।

ਕੌਂਮਾਂਤਰੀ ਗੱਦਾਰ ਬੇਲਾ ਸਿੰਘ ਜਿਆਣ ਨੇ ਆਪਣੇ ਛੋਟੇ ਭਰਾ ਜਵਾਲਾ ਸਿੰਘ ਨੂੰ ਬੱਬਰਾਂ ਮਗਰ ਲਾ ਦਿੱਤਾ ਤਾਂਕਿ ਉਹ ਉਹਨਾਂ ਨੂੰ ਆਪਣੇ ਜਾ਼ਲ ਵਿੱਚ ਫਸਾ ਕੇ ਸਰਕਾਰੀ ਇਨਾਮ ਲੈ ਸਕੇ। ਗਦਰੀ ਸੂਰਮਿਆਂ ਨਾਲ ਗਦਾਰੀ ਕਰਨ ਬਦਲੇ ਬੇਲਾ ਸਿੰਘ ਨੂੰ ਸਰਕਾਰ ਨੇ ਮੀਆਂ ਚੰਨੂ ਚੱਕ ਨੰਬਰ 96 ਜਿਲ੍ਹਾ ਮੁਲਤਾਨ ਵਿੱਚ ਛੇ ਮੁਰੱਬੇ (150 ਏਕੜ) ਜਮੀਨ ਇਨਾਮ ਦਿੱਤੀ ਸੀ। ਜਵਾਲਾ ਸਿੰਘ ਜਿਆਣ ਨੇ ਪ੍ਰਮੁੱਖ ਬੱਬਰ ਅਕਾਲੀ ਆਗੂਆਂ ਨੂੰ ਆਪਣੇ ਪਿੰਡ ਦੇ ਗੁਰਦੁਆਰੇ ਵਿੱਚ ਸੰਤ ਹਰੀ ਸਿੰਘ ਜਿਆਣ ਵਾਲਿਆਂ ਤੋਂ ਅਰਦਾਸਾ ਕਰਵਾ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਹੁੰ ਖਾਧੀ ਸੀ ਕਿ ਉਹ ਬੱਬਰ ਅਕਾਲੀਆਂ ਦੀ ਸੇਵਾ ਕਰੇਗਾ ਅਤੇ ਆਪਣੇ ਭਰਾ ਸਿਰ ਲੱਗੇ ਕਲੰਕ ਨੂੰ ਧੋਵੇਗਾ। ਦਰਅਸਲ ਇਹ ਇਸ ਨੀਚ ਦਾ ਛਲਾਵਾ ਸੀ ਜਿਸ ਵਿੱਚ ਦਲੀਪਾ ਸਿੰਘ ਤੇ ਧੰਨਾ ਸਿੰਘ ਇਤਬਾਰ ਕਰਕੇ ਫਸ ਗਏ।

ਕਰਤਾਰ ਸਿੰਘ ਬੂੜੋਬਾੜੀਆਂ, ਬੇਲਾ ਸਿੰਘ ਜਿਆਣ ਤੇ ਜਵਾਲਾ ਸਿੰਘ ਜਿਆਣ ਮਾਮੇ-ਭੂਆ ਦੇ ਪੁੱਤ ਭਰਾ ਸਨ। ਕਰਮ ਸਿੰਘ ਮੰਨਣਹਾਣਾ ਇਸੇ ਕਰਤਾਰ ਸਿੰਘ ਦਾ ਸਾਲਾ ਸੀ। ਇਨ੍ਹਾਂ ਨੇ ਰਲ਼ ਕੇ ਦਲੀਪਾ ਸਿੰਘ ਧਾਮੀਆਂ ਅਤੇ ਧੰਨਾ ਸਿੰਘ ਬੱਬਰ ਨੂੰ ਗ੍ਰਿਫਤਾਰ ਕਰਾਉਣ ਦੀ ਸਕੀਮ ਘੜ੍ਹੀ ਸੀ। ਪਹਿਲਾਂ ਤਾਂ ਜਵਾਲਾ ਸਿੰਘ ਧੰਨਾ ਸਿੰਘ ਦੀ ਇਜਾਜਤ ਨਾ਼ਲ ਦਲੀਪੇ ਨੂੰ ਪੁਲਿਸ ਤੋਂ ਬਚਾਉਣ ਦਾ ਬਹਾਨਾ ਬਣਾ ਕੇ ਮੀਆਂ ਚੰਨੂੰ ਲੈ ਜਾ ਕੇ ਗ੍ਰਿਫਤਾਰ ਕਰਵਾ ਕੇ ਵਾਪਸ ਆ ਗਿਆ। ਧੰਨਾ ਸਿੰਘ ਉਸਨੂੰ ਮਿਲਣ ਜਿਆਣ ਆਇਆ ਤਾਂ ਉਸਨੂੰ ਕਮਾਦ ਦੇ ਖੇਤ ਵਿਚ ਬਿਠਾ ਕੇ ਮਾਹਿਲਪੁਰ ਦੇ ਥਾਣੇਦਾਰ ਨੂੰ ਲੈ ਕੇ ਹੁਸ਼ਿਆਰਪੁਰ ਪੁਲਿਸ ਕਪਤਾਨ ਹੌਰਟਨ ਨੂੰ ਜਾ ਮਿਲਿਆ। ਹੌਰਟਨ ਨੇ ਸਲਾਹ ਦਿੱਤੀ ਕਿ ਉਹ ਧੰਨਾ ਸਿੰਘ ਨੂੰ ਕੱਲ੍ਹ ਨੂੰ ਮੰਨਣਹਾਣੇ ਕਰਮ ਸਿੰਘ ਦੀ ਹਵੇਲੀ ਲੈ ਕੇ ਚਲਿਆ ਜਾਵੇ। 24 ਅਕਤੂਬਰ 1923 ਦੀ ਰਾਤ ਨੂੰ ਜਵਾਲਾ ਸਿੰਘ ਅਤੇ ਕਰਮ ਸਿੰਘ ਧੰਨਾ ਸਿੰਘ ਲਾਗੇ ਮੰਜਿਆਂ ਤੇ ਸੌਂ ਗਏ। ਹੌਰਟਨ 40 ਘੋੜ ਸਵਾਰ ਅਤੇ ਪੁਲਸੀਆਂ ਦੀ ਪਾਰਟੀ ਨਾ਼ਲ ਕਰਮ ਸਿੰਘ ਦੀ ਹਵੇਲੀ ਅੰਦਰ ਪਹੁੰਚ ਗਿਆ। ਉਸੇ ਸਮੇਂ ਧੰਨਾ ਸਿੰਘ ਕੋਲੋਂ ਦੋਵੇਂ ਜਣੇ ਉਠ ਕੇ ਭੱਜ ਗਏ। ਧੰਨਾ ਸਿੰਘ ਨੂੰ ਭੱਜਣ ਲੱਗੇ ਨੂੰ ਕਿੱਲੇ ਵਿੱਚ ਵੱਜ ਕੇ ਡਿੱਗੇ ਨੂੰ ਪੁਲਸੀਆਂ ਨੇ ਦਬੋਚ ਕੇ ਕੱਥਕੜੀ ਲਾ ਲਈ। ਉਸਨੇ ਕੂਹਣੀ ਦਾ ਝਟਕਾ ਮਾਰ ਕੇ ਸੱਜੀ ਬਾਂਹ ਥੱਲੇ ਲੁਕੋਏ ਬੰਬ ਨੂੰ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਜਿਆਦਾ ਪੁਲਸੀਆਂ ਵੱਲੋਂ ਬਾਹਾਂ ਫੜੀਆਂ ਹੋਣ ਕਰਕੇ ਅਸਫਲ ਰਿਹਾ। ਸੱਜੀ ਬਾਂਹ ਹੇਠਾਂ ਬੰਨ੍ਹੇ ਮਿਲਜ ਬੰਬ ਦੀ ਪਿੰਨ ਨਾ਼ਲ ਛੱਲਾ ਪਾ ਕੇ ਉਸ ਨਾਲ ਰੇਸ਼ਮ ਦੀ ਮੋਟੀ ਡੋਰ ਗੁੱਟ ਤੱਕ ਧਾਗਾ ਬੰਨ੍ਹ ਕੇ ਉਸਦੇ ਮੂਹਰੇ ਛੱਲਾ ਬੰਨ੍ਹਿਆਂ ਹੋਇਆ ਸੀ। ਮੌਕਾ ਮਿਲਦਿਆਂ ਧੰਨਾ ਸਿੰਘ ਨੇ ਝਟਕੇ ਨਾ਼ਲ ਛੱਲੇ ਨੂੰ ਜੋਰ ਨਾ਼ਲ ਖਿੱਚਿਆ ਤਾਂ ਬੰਬ ਧਮਾਕਾ ਹੁੰਦਿਆਂ ਧੰਨਾ ਸਿੰਘ ਨਾ਼ਲ ਪੰਜ ਪੁਲਸੀਆਂ ਦੇ ਤੂੰਬੇ-ਤੂੰਬੇ ਉੱਡ ਗਏ। ਹੌਰਟਨ ਦੀਆਂ ਦੋਵੇਂ ਲੱਤਾਂ ਉੱਡ ਚੁੱਕੀਆਂ ਸਨ। ਲਾਸ਼ਾਂ ਅਤੇ ਜਖਮੀਆਂ ਨੂ ਗੱਡਿਆਂ ਤੇ ਲੱਦ ਕੇ ਪੁਲਿਸ ਪਾਰਟੀ ਮਾਹਿਲਪੁਰ ਪਹੁੰਚ ਗਈ। ਇਕ ਸਿਪਾਹੀ ਮਾਹਿਲਪੁਰ ਡਿਸਪੈਂਸਰੀ ਵਿਚ ਮਰ ਗਿਆ।

ਧੰਨਾ ਸਿੰਘ ਦਾ ਸੰਸਕਾਰ ਮਾਹਿਲਪੁਰ ਥਾਣੇ ਸਾਹਮਣੇ ਸਫੈਦਪੋਸ਼ ਨਰੈਣ ਸਿੰਘ ਨੇ ਆਪਣੀ ਜਮੀਨ ਵਿੱਚ ਕਰਨ ਦਿੱਤਾ ਸੀ। ਪੁਲਿਸ ਨੇ ਸੁਨੇਹਾ ਭੇਜ ਕੇ ਧੰਨਾ ਸਿੰਘ ਦੇ ਪਰਿਵਾਰ ਨੂੰ ਬੁਲਾ ਲਿਆ ਸੀ ਤੇ ਸਮਾਨ ਉਨ੍ਹਾਂ ਨੂੰ ਦੇ ਦਿੱਤਾ। ਸੰਸਕਾਰ ਤੋਂ ਬਾਅਦ ਬੰਬ ਦੇ ਚਾਰ ਟੁਕੜੇ ਸਿਵੇ ਦੀ ਰਾਖ ਵਿੱਚੋਂ ਮਿਲੇ ਸਨ। ਸਹਾਇਕ ਪੁਲਿਸ ਕਪਤਾਨ ਜੈਨਕਿਨ ਦੀਆਂ ਦੋਵੇਂ ਲੱਤਾਂ ਕੱਟਣੀਆਂ ਪਈਆਂ ਸਨ।

ਮਿਲਟਰੀ ਹਸਪਤਾਲ ਜਲੰਧਰ ਵਿੱਚ ਹੌਰਟਨ, ਜੈਨਕਿਨ ਅਤੇ ਗੁਲਜਾਰਾ ਸਿੰਘ ਥਾਣੇਦਾਰ ਦਾ ਇਲਾਜ ਹੋਇਆ ਸੀ। ਹੌਰਟਨ ਇਕ ਰਾਤ ਨੂੰ ਰੌਲਾ ਪਾਉਣ ਲੱਗ ਪਿਆ ਕਿ ਧੰਨਾ ਸਿੰਘ ਆ ਗਿਆ, ਹੌਰਟਨ ਸਿਰ ਭਾਰ ਮੰਜੇ ਤੋਂ ਡਿਗਦਿਆਂ ਮਰ ਗਿਆ। ਇਸਤੋਂ ਥੋੜ੍ਹੇ ਕੁ ਦਿਨਾਂ ਬਾਅਦ ਗੁਲਜਾਰਾ ਸਿੰਘ ਵੀ ਮਰ ਗਿਆ। ਜੈਨਕਿਨ ਪੁਲਿਸ ਦੇ ਵੱਡੇ ਅਹੁਦੇ ਤੋਂ ਰਿਟਾਇਰ ਹੋ ਕੇ ਵਿਲਾਇਤ ਚਲਾ ਗਿਆ ਸੀ।

ਧੰਨਾ ਸਿੰਘ ਨੂੰ ਇਹ ਬੰਬ ਬੱਬਰ ਛੱਜਾ ਸਿੰਘ ਚਾਨਸੂ ਨੇ ਦਿੱਤਾ ਸੀ ਜੋ ਉਸਨੇ ਫੌਜ ਵਿੱਚੋਂ ਚੋਰੀ ਕਰਕੇ ਲਿਆਂਦਾ ਸੀ। ਛੱਜਾ ਸਿੰਘ ਨੂੰ ਇਸ ਬਦਲੇ ਸਜਾ ਮਿਲੀ ਸੀ।

ਧੰਨਾ ਸਿੰਘ ਦੇ ਤਾਏ ਦੇ ਪੁੱਤ ਦਲੀਪ ਸਿੰਘ ਨੂੰ ਜਵਾਲਾ ਸਿੰਘ ਜਿਆਣ ਨੇ ਮੀਆਂ ਚੰਨੂੰ ਵਾਲੀ ਆਪਣੇ ਭਰਾ ਵਾਲੀ ਜਮੀਨ ਠੇਕੇ ਤੇ ਦਿੱਤੀ ਹੋਈ ਸੀ। ਉਸਨੇ ਯਕੀਨ ਦੁਆਇਆ ਹੋਇਆ ਸੀ ਕਿ ਇਹ ਕਾਰਾ ਕਰਮ ਸਿੰਘ ਨੇ ਕਰਾਇਆ ਸੀ। ਦਲੀਪ ਸਿੰਘ ਨੇ ਪਿਸਤੌਲ ਖਰੀਦ ਲਿਆ। ਇਕ ਦਿਨ ਜਵਾਲਾ ਸਿੰਘ ਨੂੰ ਕਹਿੰਦਾ ਮੇਰੇ ਨਾਲ ਮੁਲਤਾਨ ਚੱਲ। ਉਹ ਜਦੋਂ ਚੱਲਣ ਲੱਗੇ ਤਾਂ ਦਲੀਪ ਸਿੰਘ ਨੇ ਬਹਾਨੇ ਨਾਲ ਕਿਹਾ ਆਪਣਾ ਰਿਵਾਲਵਰ ਦਿਖਾਈਂ। ਰਿਵਾਲਵਰ ਲੈ ਲਿਆ ਤਾਂ ਆਪਣੇ ਪਿਸਤੌਲ ਨਾਲ ਜਵਾਲਾ ਸਿੰਘ ਤੇ ਫਾਇਰਿੰਗ ਕਰ ਦਿੱਤੀ। ਨਿਸ਼ਾਨੇਬਾਜ਼ੀ ਵਿੱਚ ਪੂਰੀ ਤਰ੍ਹਾਂ ਮਾਹਿਰ ਨਾਂ ਹੋਣ ਕਰਕੇ ਅਸਫਲ ਰਿਹਾ। ਬਾਅਦ ਵਿੱਚ ਮੁਲਤਾਨ ਮੁਕੱਦਮਾ ਚੱਲਿਆ, ਦੋ ਮੌਕੇ ਦੇ ਗਵਾਹਾਂ ਦੇ ਮੁੱਕਰ ਜਾਣ ਕਰਕੇ ਜੱਜ ਨੇ ਦਲੀਪ ਸਿੰਘ ਨੂੰ ਬਰੀ ਕਰ ਦਿੱਤਾ ਸੀ।

ਫਰਵਰੀ 1937 ਵਿੱਚ ਬੇਟੀ ਸਵਰਨ ਕੌਰ ਦਾ ਵਿਆਹ ਅਰਜਨ ਸਿੰਘ ਸੱਚ ਖੜੌਦੀ ਨੇ ਆਪਣੇ ਭਤੀਜੇ ਕਰਮ ਸਿੰਘ ਗਿੱਲ ਨਾਲ ਕਰਾਇਆ ਸੀ। ਮਾਸਟਰ ਮੋਤਾ ਸਿੰਘ ਨੇ ਲਾਵਾਂ ਪੜ੍ਹੀਆਂ ਤੇ ਹਰੀ ਸਿੰਘ ਸੂੰਢ, ਕਰਤਾਰ ਸਿੰਘ ਗੋਂਦਪੁਰ ਅਤੇ ਸੁੰਦਰ ਸਿੰਘ ਮਖਸੂਸਪੁਰੀ ਨੇ ਪੱਲੇ ਦੀ ਰਸਮ ਅਦਾ ਕੀਤੀ। ਸਾਰੇ ਬੱਬਰ ਅਕਾਲੀਆਂ ਨੇ ਵਿਆਹ ਵਿੱਚ ਹਾਜਰੀ ਲੁਆ ਕੇ ਆਪਣੇ ਸ਼ਹੀਦ ਸਾਥੀ ਦੀ ਧੀ ਦੀ ਜੁੰਮੇਵਾਰੀ ਆਪ ਨਿਭਾਈ ਸੀ।

ਦੂਜੀ ਸੰਸਾਰ ਜੰਗ ਸਮੇਂ ਅਜੈਬ ਸਿੰਘ ਦਾਖਾ (ਲੁਧਿਆਣਾ) ਅਤੇ ਚਿੰਤਾ ਸਿੰਘ ਢੰਡੋਲੀ (ਤਹਿਸੀਲ ਫਗਵਾੜਾ) 1940 ਵਿੱਚ ਐਬਟਾਬਾਦ ਛਾਉਣੀ ਤੋਂ ਦੋ ਰਾਈਫਲਾਂ ਅਤੇ ਗੋਲੀਆਂ ਦਾ ਭਰਿਆ ਬਕਸਾ ਲੈ ਕੇ ਫੌਜ ਵਿੱਚੋਂ ਭਗੌੜੇ ਹੋ ਕੇ ਆ ਗਏ। ਗਦਰੀ ਬਾਬਾ ਅਰਜਨ ਸਿੰਘ ਸੱਚ ਖੜੌਦੀ ਅਤੇ ਕਾਬਲ ਸਿੰਘ ਗੋਬਿੰਦਪੁਰੀ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਹੁਣ ਤੁਸੀਂ ਦੌੜਿਓਂ ਤਾਂ ਹੈਗੇ ਆਂ ਕੁਸ਼ ਚੰਗਾ ਕਰਕੇ ਜਾਇਓ ਤੇ ਸਲਾਹ ਦਿੱਤੀ ਕਿ ਕਰਮ ਸਿੰਘ ਦਾ ਸੋਧਾ ਲਾ ਦਿਓ। 25 ਮਾਰਚ 1940 ਨੂੰ ਦੋਹਾਂ ਨੇ ਪੰਡੋਰੀ ਗੰਗਾ ਸਿੰਘ ਅਤੇ ਕੰਗਰੋੜ ਪਿੰਡ ਦੀ ਹੱਦ ਤੇ ਖੂਹ ਤੇ ਰਹਿੰਦੇ ਕਰਮ ਸਿੰਘ ਦੇ ਛੜੇ ਦੋਸਤ ਦੇ ਖੂਹ ਤੇ ਆਏ ਕਰਮ ਸਿੰਘ ਨੂੰ ਦੋਹਾਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਚਿੰਤਾ ਸਿੰਘ ਦੀ ਪਤਨੀ ਪੰਡੋਰੀ ਗੰਗਾ ਸਿੰਘ ਤੋਂ ਸੀ।ਉਸਦੀ ਪਤਨੀ ਅਤੇ ਚਾਚੇ ਸਹੁਰੇ ਬੀਰ ਸਿੰਘ ਸਹੋਤਾ ਨੇ ਚਿੰਤਾ ਸਿੰਘ ਨੂੰ ਇਨਾਮ ਦੇ ਲਾਲਚ ਵਿੱਚ ਫੜਾ ਦਿੱਤਾ। ਅਜੈਬ ਸਿੰਘ ਨੇ ਦੋਹਾਂ ਨੂੰ ਮਾਰ ਦਿੱਤਾ ਤੇ ਚਿੰਤਾ ਸਿੰਘ ਨੂੰ ਹੁਸ਼ਿਆਰਪੁਰ ਸੈਸ਼ਨ ਕੋਰਟ ਨੇ ਫਾਂਸੀ ਦੀ ਸਜਾ ਦਿੱਤੀ ਤੇ ਉਸਨੂੰ ਜਲੰਧਰ ਜੇਲ ਵਿੱਚ ਫਾਂਸੀ ਲਾ ਦਿੱਤਾ ਸੀ। ਅਜੈਬ ਸਿੰਘ ਇਕ ਪੁਲਿਸ ਮੁਕਾਬਲੇ ਵਿੱਚ ਸ਼ਹੀਦ ਹੋ ਗਿਆ ਸੀ।

ਦੇਸ਼ ਆਜ਼ਾਦ ਹੋਣ ਮਗਰੋਂ ਪੰਜਾਬ ਸਰਕਾਰ ਨੇ ਪੁਲਿਸ ਚੌਂਕੀ ਦਾ ਖਰਚਾ ਪਿੰਡ ਨੂੰ ਵਾਪਸ ਮੋੜ ਦਿੱਤਾ ਸੀ। ਪ੍ਰਤਾਪ ਸਿੰਘ ਕੈਰੋਂ ਨੇ ਬਹਿਬਲਪੁਰ ਵਿੱਚ ਪਸ਼ੂਆਂ ਦੇ ਹਸਪਤਾਲ ਦਾ ਨੀਹ ਪੱਥਰ ਰੱਖਿਆ, ਧੰਨਾ ਸਿੰਘ ਮੈਮੋਰੀਅਲ ਹਸਪਤਾਲ, ਕੋਟਫਤੂਹੀ ਤੋਂ ਬਹਿਬਲਪੁਰ ਮਾਰਗ ਦਾ ਉਦਘਾਟਨ ਗਿਆਨੀ ਜੈਲ ਸਿੰਘ ਨੇ 26 ਮਾਰਚ 1973 ਨੂੰ ਕੀਤਾ, ਮਾਹਿਲਪੁਰ ਫਗਵਾੜਾ ਸੜਕ ਤੇ ਕੋਟਫਤੂਹੀ ਮੋੜ ਤੇ ਸ਼ਹੀਦ ਧੰਨਾ ਸਿੰਘ ਯਾਦਗਾਰੀ ਗੇਟ ਪੰਜਾਬ ਸਰਕਾਰ ਨੇ ਅਪ੍ਰੈਲ 1983 ਨੂੰ ਬਣਾਇਆ। ਇਨ੍ਹਾਂ ਵਿੱਚੋਂ ਬਹੁਤੇ ਯਾਦਗਾਰੀ ਕੰਮ ਬਖਸ਼ੀਸ਼ ਸਿੰਘ ਨਾਗਰਾ ਦੇ ਸਰਪੰਚ ਹੁੰਦਿਆਂ ਸ਼ੁਰੂ ਹੋਏ ਸਨ।

ਅੰਗਰੇਜ ਸਰਕਾਰ ਨੇ ਸਦਰ ਥਾਣਾ ਹੁਸ਼ਿਆਰਪੁਰ ਲਾਗੇ ਬਗੀਚੀ ਵਿੱਚ ਸੰਗਮਰਮਰ ਉਤੇ ਧਮਾਕੇ ਵਿੱਚ ਮਰੇ ਪੁਲਸੀਆਂ ਦੇ ਨਾਮ ਲਿਖ ਕੇ ਹੌਰਟਨ ਦਾ ਬੁੱਤ ਲਾ ਦਿੱਤਾ ਜਿਸਨੂੰ ਆਜ਼ਾਦ ਭਾਰਤ ਦੀਆਂ ਸਰਕਾਰਾਂ 28 ਸਾਲਾਂ ਤੱਕ ਨਹੀਂ ਹਟਾ ਸਕੀਆਂ। ਬਖਸ਼ੀਸ਼ ਸਿੰਘ ਨਾਗਰਾ, ਦਰਸ਼ਨ ਸਿੰਘ ਮੱਟੂ, ਕਮਲਜੀਤ ਸਿੰਘ ਰਾਜਪੁਰ ਭਾਈਆਂ, ਬਲਜੀਤ ਸਿੰਘ ਮਾਹਿਲਪੁਰ ਤੇ ਸਾਥੀਆਂ ਦੇ ਯਤਨਾਂ ਸਦਕਾ ਗਿਆਨੀ ਜੈਲ ਸਿੰਘ ਦੇ ਹੁਕਮਾਂ ਤੇ ਹੌਰਟਨ ਦਾ ਬੁੱਤ ਹਟਾ ਕੇ ਉੱਥੇ ਸ਼ਹੀਦ ਬੱਬਰ ਧੰਨਾ ਸਿੰਘ ਯਾਦਗਾਰੀ ਪਾਰਕ ਬਣਾ ਦਿੱਤਾ ਸੀ।

103 ਸਾਲ ਦੇ ਬਖਸ਼ੀਸ਼ ਸਿੰਘ ਨਾਗਰਾ ਵਿਕਟੋਰੀਆ / ਸਰੀ ਕਨੇਡਾ ਵਿੱਚ ਆਪਣੇ ਲੜਕਿਆਂ ਸਤਵੰਤ ਸਿੰਘ , ਅਜੀਤ ਸਿੰਘ, ਸਰਬਜੀਤ ਸਿੰਘ ਅਤੇ ਗੁਰਦੀਪ ਸਿੰਘ ਦੇ ਵੱਡੇ ਪਰਿਵਾਰ ਨਾਲ ਰਹਿੰਦੇ ਹਨ।ਰਹਿੰਦੀ ਦੁਨੀਆਂ ਤੱਕ ਸ਼ਹੀਦ ਬੱਬਰ ਧੰਨਾ ਸਿੰਘ ਦਾ ਨਾਮ ਧਰੂ ਤਾਰੇ ਵਾਂਗ ਚਮਕਦਾ ਰਹੇਗਾ ਅਤੇ ਸੰਘਰਸ਼ ਕਰਨ ਵਾਲਿਆਂ ਦੇ ਦਿਲਾਂ ਵਿੱਚ ਅਣਖ ਦੀ ਜੋਤ ਜਗਾਉਂਦਾ ਰਹੇਗਾ।

# ਮੁਹੰਮਦ ਰਫੀ - ਫਿਲਮੀ ਗਾਇਕੀ ਦਾ ਫ਼ਰਿਸ਼ਤਾ



ਭੀਮ ਰਾਜ ਗਰਗ
91+98765-45157

"ਹੋਣਹਾਰ ਵਿਰ੍ਬਾਨ ਦੇ ਹੋਤ ਚਿਕਨੇ ਪਾਤ "
ਫਿਲਮੀ ਗਾਇਕੀ ਦੇ ਬੇਤਾਜ ਬਾਦਸ਼ਾਹ ਮੁਹੰਮਦ ਰਫੀ ਉਤੇ ਇਹ ਕਹਾਵਤ ਪੂਰੀ ਤਰ੍ਹਾਂ ਢੁਕੈਂਵਦੀ ਜਾਪਦੀ ਹੈ।


ਪੰਜਾਬ ਦੀ ਜਰਖੇਜ਼ ਮਿੱਟੀ ਚੋਂ ਇੱਕ ਹੀਰਾ ਮੁਹੰਮਦ ਰਫੀ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਕੋਟਲਾ ਸੁਲਤਾਨ ਸਿੰਘ ਵਿੱਚ 24 ਦਸੰਬਰ 1924 ਨੂੰ ਚੌਧਰੀ ਜਨਾਬ ਮੁਹੰਮਦ ਹਾਜੀ ਅਲੀ ਦੇ ਘਰ ਪੈਦਾ ਹੋਇਆ। ਰਫੀ ਨੇ ਆਪਣੀ ਗਾਇਕੀ ਅਤੇ ਆਵਾਜ਼ ਦੇ ਦਮ ਤੇ ਲਗਭਗ 4 ਦਹਾਕੇ ਸੰਗੀਤ ਸੁਣਨ ਵਾਲੇਆਂ ਦੇ ਦਿਲਾਂ ਤੇ ਰਾਜ ਕੀਤਾ। ਗਾਇਕੀ ਦੀ ਦੁਨੀਆਂ ਦਾ ਇਹ ਜਾਦੂਗਰ ਬਚਪਨ ਵਿੱਚ ਆਪਣੇ ਪਿੰਡ ਦੇ ਇੱਕ ਗਾਉਂਦੇ ਫਿਰਦੇ ਫ਼ਕੀਰ ਤੋਂ ਬਹੁਤ ਮੁਤਾਸਿਰ ਹੋਇਆ। ਰਫੀ ਨੇ ਆਪਣੀ ਇਕ ਇੰਟਰਵਿਊ 'ਚ ਦਸਿਆ ਸੀ ਕਿ ਰਮਜ਼ਾਨ ਦੇ ਮਹੀਨੇ ਇਕ ਦਰਵੇਸ਼ ਕਿਸਮ ਦਾ ਫ਼ਕ਼ੀਰ ਸਹਰੀ ਤੇ ਇਫਤਾਰ ਦੇ ਵਕ਼ਤ ਉਨਾਂ ਦੇ ਪਿੰਡ ਆਉਂਦਾ ਸੀ। ਉਹ ਇੱਕ ਪੰਜਾਬੀ ਗਾਣਾ 'ਖੇਡਣ ਦੇ ਦਿਨ ਚਾਰ ਨੀ ਮਾਏ ਖੇਡਣ ਦੇ ਦਿਨ ਚਾਰ' ਗਾਉਂਦਾ ਸੀ ਜਿਹੜਾ ਉਸਨੂੰ ਬਹੁਤ ਚੰਗਾ ਲਗਦਾ ਤੇ ਉਹ ਉਸਦੇ ਪਿੱਛੇ-ਪਿੱਛੇ ਚਲ ਪੈਂਦਾ। ਸਾਰੇ ਪਿੰਡ ਦੇ ਲੋਕੀ ਰਫੀ ਨੂੰ 'ਫੀਕੂ' ਅੱਖ ਕੇ ਬੁਲਾਉਂਦੇ ਸਨ। ਚੌਧਰੀ ਘਰਾਣੇ ਨਾਲ ਸਬੰਧਿਤ ਹੋਣ ਕਰਕੇ ਘਰ ਦੇ ਜਿਆਦਾਤਰ ਲੋਕ ਉਹਨਾਂ ਦੇ ਇਸ ਸ਼ੌਂਕ ਦੇ ਵਿਰੁੱਧ ਸਨ। ਪਰ ਵੱਡੇ ਭਰਾ ਨੇ ਉਨ੍ਹਾਂ ਦੀ ਆਵਾਜ਼ ਨੂੰ ਪਛਾਣਿਆ ਅਤੇ ਪ੍ਰੇਰਿਤ ਕੀਤਾ। 13 ਸਾਲ ਦੀ ਉਮਰ ਵਿੱਚ ਰਫ਼ੀ ਨੇ ਕੁੰਦਨ ਲਾਲ ਸਹਿਗਲ ਦੇ ਪ੍ਰੋਗਰਾਮ ਵਿਚ ਬਿਜਲੀ ਚਲੇ ਜਾਣ ਕਾਰਨ ਸਟੇਜ 'ਤੇ ਪਹਿਲੀ ਵਾਰੀਂ ਖੜ੍ਹਾ ਹੋਕੇ ਇੰਨਾ ਵਧੀਆ ਗਾਇਆ ਕਿ ਵੇਖਦੇ ਹੀ ਵੇਖਦੇ ਉਹ ਲੋਕਾਂ ਦੇ ਦਿਲਾਂ ਵਿਚ ਛਾ ਗਏ।

ਪ੍ਰਸਿੱਧ ਸੰਗੀਤ ਨਿਰਦੇਸ਼ਕ ਸ਼ਾਮ ਸੁੰਦਰ ਨੇ ਜੱਦ ਰਫੀ ਦੀ ਆਵਾਜ਼ ਸੁਣੀ ਤਾਂ ਖੁਸ਼ ਹੋਕੇ ਉਸਨੂੰ ਆਪਣੀ ਫਿਲਮ ਵਿੱਚ ਗਾਉਣ ਦਾ ਸੱਦਾ ਦਿੱਤਾ। ਇਸ ਨਾਲ ਰਫੀ ਨੂੰ ਬਹੁਤ ਹੱਲਾਸ਼ੇਰੀ ਮਿਲੀ। ਰਫੀ ਨੇ ਲਾਹੌਰ ਜਾਕੇ ਕਲਾਸੀਕਲ ਸੰਗੀਤ ਦੀ ਸਿਖਿਆ ਵੱਡੇ ਗ਼ੁਲਾਮ ਅਲੀ, ਅਬਦੁੱਲ ਵਹੀਦ ਖਾਨ, ਸੰਗੀਤਕਾਰ ਫਿਰੋਜ਼ ਨਿਜ਼ਾਮੀ ਅਤੇ ਜੀਵਨ ਲਾਲ ਕੋਲੋਂ ਹਾਸਲ ਕੀਤੀ। ਰਫ਼ੀ ਸਾਹਿਬ ਨੇ ਜ਼ੀਨਤ ਬੇਗਮ ਨਾਲ ਮਿਲਕੇ ਸ਼ਾਮ ਸੁੰਦਰ ਦੀ ਪੰਜਾਬੀ ਫਿਲਮ 'ਗੁਲ ਬਲੋਚ' ਦਾ ਗਾਣਾ 'ਸੁਹਣੀਏ ਨੀ,ਹੀਰੀਏ ਨੀ' ਗਾਕੇ ਆਪਣੀ ਫਿਲਮੀ ਗਾਇਕੀ ਦੀ ਸ਼ੁਰੂਆਤ ਕੀਤੀ। ਫਿਲਮ ਵਿਚ ਉਨ੍ਹਾਂ ਦਾ ਗਾਇਆ ਇਹ ਗੀਤ ਜਦੋਂ ਸੰਗੀਤਕਾਰ ਫਿਰੋਜ਼ ਨਜ਼ਾਮੀ ਨੇ ਸੁਣਿਆ ਤਾਂ ਉਹ ਇਸ ਨੌਜਵਾਨ ਗਾਇਕ ਦੀ ਗਾਇਕੀ ਤੋਂ ਕਾਫ਼ੀ ਪ੍ਰਭਾਵਿਤ ਹੋਏ। ਉਨ੍ਹਾਂ ਨੇ ਰਫ਼ੀ ਸਾਹਿਬ ਨੂੰ ਲਾਹੌਰ ਰੇਡੀਓ ਵਿਚ ਨੌਕਰੀ ਦਿਵਾਈ। 1944 ਵਿੱਚ ਉਸਨੂੰ ਮੁੰਬਈ ਆਉਣ ਦਾ ਸੱਦਾ ਮਿਲਿਆ ਤਾਂ ਉਹ ਗਾਇਕ ਬਣਨ ਦਾ ਸੁਪਨਾ ਦਿਲ 'ਚ ਸੰਜੋਅ ਕੇ ਬੰਬਈ ਪਹੁੰਚੇ। ਇਥੇ ਪ੍ਰਸਿੱਧ ਸੰਗੀਤਕਾਰ ਨੌਸ਼ਾਦ ਨੇ ਫਿਲਮ 'ਪਹਿਲੇ ਆਪ' ਦੇ ਇਕ ਗੀਤ ਦੇ ਕੋਰਸ 'ਚ ਉਨ੍ਹਾਂ ਦੀ ਆਵਾਜ਼ ਦੀ ਵਰਤੋਂ ਕੀਤੀ ਸੀ। ਉਨ੍ਹਾਂ ਨੂੰ ਇਸ ਗੀਤ ਲਈ 50 ਰੁਪਏ ਮਿਲੇ ਸਨ।

ਪਲੇਅਬੈਕ ਸਿੰਗਰ ਵਜੋਂ ਉਸਨੂੰ ਸਭ ਤੋਂ ਵੱਧ ਕਾਮਯਾਬੀ 'ਜੁਗਨੂੰ' ਫਿਲਮ ਵਿੱਚ ਮਿਲੀ ਜਿਸ ਦਾ ਗਾਣਾ 'ਯਹਾਂ ਬਦਲਾ ਵਫ਼ਾ ਕਾ ਬੇਵਫ਼ਾਈ ਕੇ ਸਿਵਾ ਕਿਆ ਹੈ' ਬਹੁਤ ਮਸ਼ਹੂਰ ਹੋਇਆ ਸੀ। ਇਸ ਤੋਂ ਬਾਅਦ ਉਸਨੇ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ ਅਤੇ ਸਫਲਤਾ ਦੀਆਂ ਬੁਲੰਦੀਆਂ ਛੂੰਹਦਾ ਗਿਆ। ਇੱਥੇ ਤੱਕ ਪਹੁੰਚਦਿਆਂ-ਪਹੁੰਚਦਿਆਂ ਕੋਟਲਾ ਸੁਲਤਾਨ ਸਿੰਘ ਦਾ 'ਫੀਕੂ' ਹੁਣ ਮੁਹੰਮਦ ਰਫੀ ਬਣ ਚੁੱਕਾ ਸੀ। 1949 'ਚ ਫਿਲਮ 'ਦੁਲਾਰੀ' ਲਈ ਰਫੀ ਨੇ 'ਸੁਹਾਨੀ ਰਾਤ ਢਲ ਚੁਕੀ' ਵਰਗਾ ਬੇਮਿਸਾਲ ਨਗਮਾ ਗਾਇਆ ਸੀ ਅਤੇ ਉਸੇ ਸਾਲ 'ਅੰਦਾਜ਼', 'ਚਾਂਦਨੀ ਰਾਤ' ਅਤੇ 'ਦਿਲਲਗੀ' ਵਰਗੀਆਂ ਫਿਲਮਾਂ ਨੇ ਉਨ੍ਹਾਂ ਨੂੰ ਫਿਲਮੀ ਦੁਨੀਆ ਦੇ ਬੇਮਿਸਾਲ ਗਾਇਕ ਦੇ ਰੂਪ 'ਚ ਸਥਾਪਤ ਕਰ ਦਿੱਤਾ। ਇਸ ਪਿੱਛੋਂ ਤਾਂ ਨੌਸ਼ਾਦ ਅਤੇ ਰਫੀ ਮੰਨੋ ਜਿਵੇਂ ਇਕ-ਦੂਜੇ ਦੇ ਪੂਰਕ ਹੀ ਬਣ ਗਏ।

ਮਹਾਤਮਾਂ ਗਾਂਧੀ ਦੀ ਯਾਦ ਵਿੱਚ ਮੁਹੰਮਦ ਰਫ਼ੀ ਨੇ 'ਸੁਣੋ ਸੁਣੋ ਐ ਦੁਨੀਆਂ ਵਾਲੋ, ਬਾਪੂ ਜੀ ਕੀ ਅਮਰ ਕਹਾਣੀ' ਗੀਤ ਪੇਸ਼ ਕੀਤਾ ਜੋ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਜੀ ਦੇ ਦਿਲ ਨੂੰ ਡੂੰਗੇ ਛੋਹ ਗਿਆ 'ਤੇ ਭਾਰਤ ਸਰਕਾਰ ਨੇ 1949 ਦੇ ਆਜ਼ਾਦੀ ਦਿਹਾੜੇ ਮੌਕੇ ਸਿਲਵਰ ਮੈਡਲ ਦੇ ਕੇ ਰਫ਼ੀ ਨੂੰ ਸਨਮਾਨਿਆਂ।

ਸੰਗੀਤਕਾਰ ਨੌਸ਼ਾਦ, ਗੀਤਕਾਰ ਸ਼ਕੀਲ ਬਦਾਉਣੀ ਤੇ ਗੁਲੂਕਾਰ ਮੁਹੰਮਦ ਰਫੀ ਦੀ ਤਿਕੜੀ ਨੇ ਇਕ ਤੋਂ ਵੱਧ ਇਕ ਲਾਜਵਾਬ ਗੀਤਾਂ ਦੀ ਝੜੀ ਲਾ ਦਿੱਤੀ। ਫਿਲਮ 'ਬੈਜੂ ਬਾਵਰਾ' ਰਫੀ ਦੇ ਫਿਲਮੀ ਸਫ਼ਰ 'ਚ ਮੀਲ ਪੱਥਰ ਮੰਨੀ ਜਾਂਦੀ ਹੈ। 'ਬੈਜੂ ਬਾਵਰਾ' ਦੀ ਜ਼ਬਰਦਸਤ ਸਫਲਤਾ ਪਿੱਛੋਂ, ਰਫੀ ਹਰ ਸੰਗੀਤ ਨਿਰਦੇਸ਼ਕ ਦੀ ਪਹਿਲੀ ਪਸੰਦ ਬਣ ਗਏ। ਮੁਹੰਮਦ ਰਫੀ ਨੇ ਆਪਣੇ ਸਮੇਂ ਦੇ ਲਗਪਗ ਸਾਰੇ ਸੰਗੀਤਕਾਰਾਂ ਨੌਸ਼ਾਦ, ਸ਼ੰਕਰ-ਜੈਕਿਸ਼ਨ, ਸਚਿਨ ਦੇਵ ਬਰਮਨ, ਰਵੀ, ਓ ਪੀ ਨਈਅਰ, ਮਦਨ ਮੋਹਨ, ਰੋਸ਼ਨ ਅਤੇ ਸਲਿਲ ਚੌਧਰੀ ਤੋਂ ਲੈ ਕੇ ਨਵੇਂ ਉਭਰਦੇ ਸੰਗੀਤਕਾਰਾਂ ਲਈ ਗੀਤ ਗਾਏ। ਹਿੰਦੀ ਫਿਲਮ ਇਤਿਹਾਸ ਵਿਚ ਬਹੁਤ ਸਾਰੇ ਸੰਗੀਤਕਾਰ ਅਜਿਹੇ ਹੋਏ ਹਨ, ਜਿਨ੍ਹਾਂ ਦੇ ਸੰਗੀਤਕ ਸਫ਼ਰ ਦੀ ਸ਼ੁਰੂਆਤ ਵਿਚ ਰਫੀ ਦਾ ਕਾਫ਼ੀ ਯੋਗਦਾਨ ਰਿਹਾ ਹੈ। ਮੁਹੰਮਦ ਰਫ਼ੀ ਦੀ ਬਹੁਪੱਖੀ ਆਵਾਜ਼ ਨੂੰ ਸਚਿਨ ਦੇਵ ਬਰਮਨ ਨੇ ਆਪਣੀ ਕਈ ਕਾਮਯਾਬ ਫਿਲਮਾਂ 'ਚ ਇਸਤੇਮਾਲ ਕੀਤਾ, ਭਾਵੇਂ ਉਹ ਗੁਰੂਦੱਤ ਦੀ ਫਿਲਮ 'ਕਾਗਜ਼ ਕੇ ਫੂਲ' ਜਾਂ ਨਵਕੇਤਨ ਦੀ 'ਗਾਈਡ', 'ਕਾਲਾ ਬਾਜ਼ਾਰ' ਅਤੇ 'ਤੇਰੇ ਘਰ ਦੇ ਸਾਮਨੇ' ਆਦਿ ਫ਼ਿਲਮਾਂ ਹੋਣ। ਰਫ਼ੀ ਦੀ ਅਨੋਖੀ ਪ੍ਰਤਿਭਾ ਦੀ ਪ੍ਰਸ਼ੰਸਾ ਕਰਦਿਆਂ ਨੌਸ਼ਾਦ ਨੇ ਕਿਹਾ ਸੀ "ਰਫ਼ੀ ਦੀ ਆਵਾਜ਼ ਕੀ ਸ਼ਬਨਮ ਸੇ ਧੁਲ ਜਾਤੇ ਹੈਂ ਗ਼ਮ ਸਾਰੇ"। ਗ਼ਜ਼ਲਾਂ ਦੇ ਬਾਦਸ਼ਾਹ ਮਦਨ ਮੋਹਨ ਰਫ਼ੀ ਸਾਹਿਬ ਦੀ ਆਵਾਜ਼ ਨੂੰ ਇਕ ਸੰਪੂਰਨ ਆਵਾਜ਼ ਮੰਨਦੇ ਸਨ। ਲਤਾ ਮੰਗੇਸ਼ਕਰ ਨੇ ਉਨ੍ਹਾਂ ਦੀ ਤਾਰੀਫ਼ ਵਿਚ ਕਿਹਾ ਸੀ "ਉਹ ਮਿੱਠੇ ਸੁਭਾਅ ਦੇ ਸੁਰੀਲੇ ਇਨਸਾਨ ਸਨ"।



ਮੁਹੰਮਦ ਰਫੀ ਨੇ ਆਪਣੇ ਜ਼ਮਾਨੇ ਦੇ ਲੱਗਭਗ ਹਰ ਅਦਾਕਾਰ ਲਈ ਪਲੇਅਬੈਕ ਦਿੱਤਾ ਸੀ। ਉਨ੍ਹਾਂ ਦਾ ਗਾਉਣ ਦਾ ਤਰੀਕਾ ਅਜਿਹਾ ਸੀ ਕਿ ਜਿਸ 'ਤੇ ਵੀ ਗੀਤ ਫਿਲਮਾਇਆ ਜਾਂਦਾ ਸੀ, ਉਸ 'ਤੇ ਇੰਨਾ ਫੱਬਦਾ ਸੀ ਕਿ ਕਲਾਕਾਰ ਦੀ ਆਪਣੀ ਹੀ ਆਵਾਜ਼ ਜਾਪਦੀ। ਫਿਰ ਭਾਵੇਂ ਉਹ ਅਦਾਕਾਰੀ ਦੇ ਬਾਦਸ਼ਾਹ ਦਲੀਪ ਕੁਮਾਰ ਹੋਣ ਜਾਂ ਫਿਰ 'ਯਾਹੂ' ਸਟਾਰ ਸ਼ੰਮੀ ਕਪੂਰ ਜਾਂ ਕਾਮੇਡੀ ਕਿੰਗ ਜਾਨੀ ਵਾਕਰ। ਰਫ਼ੀ ਸਾਹਿਬ ਦੀ ਆਵਾਜ਼ ਦਾ ਹੀ ਜਲਵਾ ਸੀ ਕਿ ਗਾਇਕ ਕਿਸ਼ੋਰ ਕੁਮਾਰ ਲਈ ਉਨ੍ਹਾਂ ਨੇ ਫ਼ਿਲਮ 'ਸ਼ਰਾਰਤ' ਵਿਚ 'ਅਜਬ ਹੈ ਦਾਸਤਾਨ ਮੇਰੀ ਏ ਜ਼ਿੰਦਗੀ' ਅਤੇ ਫਿਲਮ 'ਰਾਗਿਨੀ' ਵਿਚ 'ਮਨ ਮੋਰਾ ਬਾਵਰਾ' ਗਾਨੇਆਂ 'ਚ ਪਲੇਅਬੈਕ ਦਿੱਤਾ। ਅਤੇ ਫਿਰ ਉਨ੍ਹਾਂ ਦੇ ਕਰੀਅਰ 'ਚ ਇਕ ਸਮਾਂ ਅਜਿਹਾ ਵੀ ਆਇਆ, ਜਦੋਂ ਉਨ੍ਹਾਂ ਨੂੰ ਕਿਸ਼ੋਰ ਕੁਮਾਰ ਤੋਂ ਸਖਤ ਚੁਣੌਤੀ ਮਿਲੀ। ਪਰ ਛੇਤੀ ਹੀ ਫਿਲਮ 'ਹਮ ਕਿਸੀ ਸੇ ਕਮ ਨਹੀਂ' ਰਾਹੀਂ ਵਾਪਸੀ ਕੀਤੀ ਅਤੇ ਇਕ ਵਾਰ ਫੇਰ ਪਲੇਅਬੈਕ ਦੀਆਂ ਸਿਖਰਾਂ 'ਤੇ ਚੜ੍ਹ ਕੇ ਇਸ ਫਿਲਮ 'ਚ ਗਾਏ ਗੀਤ 'ਕਿਆ ਹੂਆ ਤੇਰਾ ਵਾਦਾ' ਲਈ ਨੈਸ਼ਨਲ ਐਵਾਰਡ ਜਿਤਿਆ।




ਜਦੋਂ ਅਸੀਂ ਪੰਜਾਬੀ ਫਿਲਮਾਂ ਦੇ ਗੀਤਾਂ ਵੱਲ ਝਾਤੀ ਮਾਰਦੇ ਆਂ ਤਾਂ ਪੱਤਾ ਚਲਦਾ ਹੈ ਕਿ ਰਫ਼ੀ ਸਾਹਿਬ ਨੇ ਪੰਜਾਬੀ ਵਿੱਚ ਵੀ ਕਈ ਹਿੱਟ ਗੀਤ ਗਾਏ ਹਨ ਜੋ ਮੀਲ ਦੇ ਪੱਥਰ ਸਾਬਿਤ ਹੋਏ। ਗੁਲ ਬਲੋਚ ਤੋਂ ਪੰਜ ਸਾਲਾਂ ਪਿਛੋਂ ੧੯੪੯ 'ਚ ਰਫੀ ਨੇ ਫੇਰ ਮੁੜ੍ਹਕੇ ਪੰਜਾਬੀ ਫਿਲਮਾਂ ਵਾਸਤੇ ਲਤਾ ਮੰਗੇਸ਼ਕਰ ਨਾਲ ਮਿਲਕੇ "ਲਛੀ" ਫਿਲਮ ਦਾ ਗਾਨਾ 'ਕਾਲੀ ਕੰਘੀ ਨਾਲ ਵਾਲ ਪਈ ਵਾਹਨੀ ਆਂ' ਗਾਇਆ ਸੀ। ਸੰਗੀਤਕਾਰ ਵਿਨੋਦ ਨੇ "ਭਈਯਾ ਜੀ" ਦੇ ਦੋ ਗਾਨੇ 'ਕਿ ਬਦਲੀਆਂ ਛਾ ਗਈਆਂ ਕਿ ਚਲ ਬਾਗਾਂ ਵਿੱਚ ਨਚੀਏ'; 'ਮੈਂ ਲਾਵਾਂ ਚੂਨਾ ਕਤ੍ਥਾ' ਰਫੀ ਕੋਲੋਂ ਗਵਾਏ ਸਨ। ੧੯੫੦ ਵਿੱਚ ਪ੍ਰਦਰਸ਼ਿਤ ਹੋਈ "ਛਈ" ਫਿਲਮ ਦੇ ਗਾਣਿਆਂ ਨੇ ਤਾਂ ਰਫੀ ਦੇ ਨਾਂ ਦੀਆਂ ਧੂਮਾਂ ਪਾ ਦਿਤੀਆਂ ਸਨ। ਏਸ ਫਿਲਮ ਦਾ ਗਾਣਾ 'ਦਮੜੀ ਦਾ ਸੱਕ ਮਲਕੇ ਮੁੰਡਾ ਮੋਹ ਲਿਆ ਤਵੀਤਾਂ ਵਾਲਾ' ਉਸ ਵੇਲੇ ਸਾਰੇ ਨੌਜਵਾਨਾਂ ਦੀ ਜੁਬਾਨ ਤੇ ਚੜ ਗਿਆ ਸੀ। ੧੯੫੧ 'ਚ ਆਈ "ਪੋਸਤੀ" ਫਿਲਮ ਦੇ ਗਾਨੇ ਵੀ ਬਹੁਤ ਮਸ਼ਹੂਰ ਹੋਏ। ਫਿਲਮ "ਜੁਗਨੀ" ਦੇ ਗਾਨੇ 'ਦੜ ਵਟ ਜ਼ਮਾਨਾ ਖਟ ਭਲੇ ਦਿਨ ਆਵਣਗੇ' ਅਤੇ 'ਰਾਵੀ ਛੱਡ ਚਲੇ ਚਿਨਾਬ ਛੱਡ ਚਲੇ' (ਖੇਡਣ ਦੇ ਦਿਨ ਚਾਰ) ਨੇ ਤਾਂ ਦੇਸ਼ ਦੇ ਬਟਵਾਰੇ ਦੀ ਸੱਟ ਖਾਦੇ ਲੋਕੋਂ ਦੇ ਦਿਲਾਂ ਨੂੰ ਛੋਹ ਲਿਆ ਸੀ। ੧੯੫੦-੬੦ ਦੇ ਦਹਾਕੇ ਵਿੱਚ ਰਫੀ ਪੰਜਾਬੀ ਫਿਲਮਾਂ ਦਾ ਚੋਟੀ ਦਾ ਪਿਠਵਰਤੀ ਗਾਇਕ ਬਣ ਗਿਆ ਸੀ। ੧੯੫੯ 'ਚ ਰਿਲੀਜ਼ ਹੋਈ "ਭੰਗੜਾ" ਫਿਲਮ ਦੇ ਸਾਰੇ ਗਾਣਿਆਂ ਖਾਸ ਕਰਕੇ 'ਜੱਟ ਕੁੜੀਆਂ ਤੋਂ ਡਰਦਾ ਮਾਰਾ ਮੋਢੇ ਉਤੇ ਡਾਂਗ ਰਖਦਾ', 'ਰੱਬ ਨਾ ਕਰੇ ਜੇ ਤੂੰ ਚਲਾ ਜਾਵੇਂ ਵਿਛੜ ਕੇ', 'ਚਿੱਟੇ ਦੰਦ ਹਸਨੋਂ ਨਹੀਓਂ ਰਹਿਦੇਂ ਕਿ ਲੋਕੀ ਭੈੜੇ ਸ਼ਕ਼ ਕਰਦੇ', ਅਮਬਿਆਂ ਦੇ ਬੂਟਿਆਂ ਤੇ ਲੱਗ ਗਿਆ ਬੂਰ ਨੀ' ਨੇ ਸਾਰੇ ਪਾਸਿਓਂ ਵਾਹ-ਵਾਹੀ ਖੱਟੀ ਸੀ।

ਫੇਰ "ਦੋ ਲਛੀਆਂ", "ਪਗੜੀ ਸੰਭਾਲ ਜੱਟਾ", "ਯਮਲਾ ਜੱਟ", "ਲਾਡੋ ਰਾਨੀ", "ਸਪਨੀ", "ਪਿੰਡ ਦੀ ਕੁੜੀ", "ਦੁੱਲਾ ਭੱਟੀ" ਵਰਗੀਆਂ ਫਿਲਮਾਂ ਦੇ ਗੀਤਾਂ ਨੇ ਸੰਗੀਤ ਪ੍ਰੇਮੀਆਂ ਨੂੰ ਰਫੀ ਸਾਹਿਬ ਦਾ ਸ਼ੁਦਾਈ ਬਣਾ ਦਿੱਤਾ ਸੀ। ਫਿਲਮ "ਗੁੱਡੀ" ਦਾ ਗੀਤ 'ਦਾਨਾ ਪਾਣੀ ਖਿਚ੍ਹ ਕੇ ਲਿਆਉਂਦਾ ਕੌਣ ਕਿਸੇ ਦਾ ਖਾਂਦਾ' ਪੰਜਾਬ ਦੀ ਮਿੱਟੀ ਦੀ ਸੌਂਦੀ ਖੁਸ਼ਬੂ ਨੂੰ ਅੱਜ ਵੀ ਸੰਸਾਰ ਭਰ ਵਿੱਚ ਵਿਖੇਰ ਰਿਹਾ ਹੈ। ਇੰਝ ਪ੍ਰਤੀਤ ਹੁੰਦਾ ਹੈ ਕਿ ਮੁਹੰਮਦ ਰਫੀ ਪੰਜਾਬੀ ਗੀਤ ਖ਼ਾਸ ਲਹਿਜੇ ਵਿਚ ਗਾਉਂਦੇ ਸਨ ਤੇ ਆਪਣੀ ਮਿਠੜੀ ਅਵਾਜ਼ ਨਾਲ ਉਨਾਂ ਵਿੱਚ ਰੁਹਾਨਾਗੀ ਦਾ ਸਰੂਰ ਭਰ ਦਿੰਦੇ ਸਨ। 'ਹਰਿ ਕੋ ਨਾਮ ਸਦਾ ਸੁਖਦਾਈ'; 'ਕੋਈ ਬੋਲੇ ਰਾਮ ਰਾਮ' (ਗੁਰੂ ਮਾਨਿਓ ਗਰੰਥ), 'ਸਤਿਗੁਰੂ ਨਾਨਕ ਬਕਸ਼ਨਹਾਰ' (ਸਤਿਗੁਰੂ ਨਾਨਕ ਬਕਸ਼ਨਹਾਰ), 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' (ਨਾਨਕ ਨਾਮ ਜਹਾਜ ਹੈ); ਕੌਣ ਭਲੇ ਕੌਣ ਮੰਦੇ (ਨਾਨਕ ਦੁਖਿਆ ਸਬ ਸੰਸਾਰ); 'ਸਾਰੇ ਜਗ ਨੂੰ ਚਲਾਨ ਵਾਲਾ ਰੱਬ' (ਲਾਜੋ ); 'ਜੋ ਤੁੱਦ ਭਾਵੇ', 'ਜੇਤਾ ਸਮੁੰਦਰ ਕਾਗੋ ਹੰਸ ਕਰੇ', 'ਸਾਡੇ ਖੇਤਾਂ ਵਿੱਚ ਰੱਬ ਵਸਦਾ' (ਦੁਖ ਭੰਜਨ ਤੇਰਾ ਨਾਮ); 'ਪਾਪੀ ਜੇਓਰਿਆ ਬੋਲ ਸਤਿਨਾਮ'; 'ਜਿਸਕੇ ਸਿਰ ਉੱਪਰ ਤੂੰ ਸਵਾਮੀ' (ਮਨ ਜਿਤੇ ਜਗ ਜੀਤ)।



"ਜੱਗਾ" ਫਿਲਮ ਦੇ ਗਾਨੇ 'ਜੇ ਮੈਂ ਜਾਣਦੀ ਜੱਗੇ ਮਾਰ ਜਾਣਾ", ਮੇਰਾ ਬਾਂਕਾ ਦੇਸ਼ ਪੰਜਾਬ ਬੇਲੀਓ; ਕਫ਼ਨ ਲੈਕੇ ਨਿਕਲੇ ਵਤਨ ਦੇ' (ਧਰਤੀ ਵੀਰਾਂ ਦੀ); 'ਤੇਰਾ ਜਿਸਮ ਦੇਸ਼ ਦਾ (ਉਡੀਕਾਂ); ਜਾਂ ਫੇਰ "ਪਗੜੀ ਸੰਭਾਲ ਜੱਟਾ" ਦਾ ਲਲਕਾਰਾਂ ਮਾਰਦਾ ਗੀਤ 'ਪਗੜੀ ਸੰਭਾਲ ਜੱਟਾ ਓਏ ਤੇਰਾ ਲੁਟ ਲਿਆ ਮਾਲ ਓਏ' ਅੱਜ ਵੀ ਦੇਸ਼ ਤੇ ਕੌਮ ਵਾਸਤੇ ਕੁਰਬਾਨੀ ਦੇਣ ਨੂੰ ਪ੍ਰੇਰਿਤ ਕਰਦਾ ਹੈ। ਰਫੀ ਨੇ ਬਹੁਤ ਸਾਰੇ ਅਏਹੇ ਜਿਹੇ ਗਾਨੇ ਗਾਏ ਹਨ ਜੋ ਸੁਨਣ ਵਾਲੀਆਂ ਦੀ ਆਤਮਾ ਨੂੰ ਝਕਝੋਰ ਦਿੰਦੇ ਹਨ: 'ਇਹ ਗੁਲਸ਼ਨ ਵੀ ਕਿ ਏ ਜਿਥੇ ਕਲੀਆਂ ਦੀ ਜਲੇ ਚਿਤਾ ਐਥੇ', 'ਜੀ ਕਰਦਾ ਏ ਇਸ ਦੁਨੀਆਂ ਨੂੰ ਹੱਸ ਕੇ ਠੋਕਰ ਮਾਰ ਦੀਆਂ' (ਗੀਤ ਬਹਾਰਾਂ ਦੇ); ਮੈਨੂੰ ਮੇਰੇਆਂ ਦੁੱਖਾਂ ਨੇ ਘੇਰਿਆ', 'ਇਨ੍ਹਾਂ ਮਿੱਟੀ ਦੀਆਂ ਮੂਰਤਾਂ ਨੇ' (ਭਈਯਾ ਜੀ); 'ਮਤਲਬ ਦੀ ਦੁਨੀਆਂ ਯਾਰੋ' (ਸੱਜਣ ਠੱਗ); 'ਤੇਰੇ ਅੰਦਰੋਂ ਮੈਲ ਨਾ ਜਾਵੇ' (ਮੋਰਨੀ); 'ਰੱਬਾ ਵੇ ਤੇਰੀਆਂ' (ਕਣਕਾਂ ਦੇ ਓਹਲੇ); 'ਜਗਵਾਲਾ ਮੇਲਾ ਯਾਰੋ ਥੋੜੀ ਦੇਰ ਦਾ, ਹਸਦਿਆਂ ਰਾਤ ਲੰਗੇ ਪਤਾ ਨਹੀ ਸਵੇਰ ਦਾ' (ਲਛੀ); 'ਘਰ ਬਾਬਲ ਦਾ ਛੜ ਕੇ ਧੀਆਂ ਇਕ ਦਿਨ ਜਾਣਾ' (ਚੌਧਰੀ ਕਰਨੈਲ ਸਿੰਘ); 'ਰੂਸ ਕੇ ਤੂੰ ਚਲੀ ਗਈ ਐਂ ਕਾਹਨੂੰ ਐਨੀ ਦੂਰ ਨੀ ਸਜਣਾਂ ਦਾ ਮੁਆਫ ਕਰ ਜਿਹੜਾ ਸੀ ਕਸੂਰ ਨੀ' (ਪਾਪੀ ਤਾਰੇ ਅਨੇਕ); 'ਸਾਰੀ ਉਮਰਾਂ ਦੇ ਪੈ ਗਾਏ ਵਿਛੋੜੇ' (ਦੋ ਲਛੀਆਂ); 'ਨਾ ਦਿਸੇ ਤੂੰ ਨਾ ਦਿਸੇ ਤੇਰਾ' (ਸਤਲੁਜ ਦੇ ਕੰਡੇ); 'ਏ ਮਲਿਕ ਇਸ ਸੰਸਾਰ ਦੇ' (ਦਰਾਨੀ ਜੇਠਾਨੀ)।

ਰਫੀ ਸਾਹਿਬ ਦੇ ਇਹ ਕੁਝ ਨਾਯਾਬ ਨਗਮੇਂ ਹਨ ਜਿਨਾਂ ਦੀ ਮਹਿਕ ਅੱਜ ਵੀ ਪੰਜਾਬੀ ਫਿਲਮੀ ਗੀਤਾਂ ਦੇ ਬਗੀਚੇ ਵਿਚੋਂ ਆਉਂਦੀ ਏ। 'ਤੂੰ ਪੀਗ ਤੇ ਮੈਂ ਪਰਛਾਵਾਂ', 'ਅਸੀਂ ਕਿੱਤੀ ਏ ਤੇਰੇ ਨਾਲ ਯੂਹ' (ਪੋਸਤੀ); ਤੇਰੀ ਕਣਕਾਂ ਦੀ ਰਾਖੀ ਮੁੰਡਿਆ ਹੁਣ ਮੈਂ ਨਈਓਂ ਬੇਹਣਾ' (ਦੋ ਲਛੀਆਂ); 'ਚੁੰਨੀ ਆਪਣੀ ਨੂੰ ਰੰਗ ਕਿੱਤਾ ਇਕ ਤੇ ਮੈਂ ਸੋਹਣੀ ਦੂਜਾ ਸੋਹਣੇ ਦਾ ਸੰਗ ਕੀਤਾ' (ਪਰਦੇਸੀ ਢੋਲਾ); 'ਇਕ ਪਿੰਡ ਦੋ ਲਛੀਆਂ ਛੋਟੀ ਲਛੀ ਨੇ ਪੁਆੜਾ ਪਾਇਆ' (ਦੋ ਲਛੀਆਂ); 'ਤੇਰੀਆਂ ਕੁੰਡਲ ਵਾਲੀਆਂ ਜੁਲਫਾਂ ਨੂੰ' (ਜੀਜਾ ਜੀ); ਤੰਗ ਪਹੁੰਚਿਆਂ ਦੀ ਪਾਕੇ ਸਲਵਾਰ '(ਬਿੱਲੋ); ਉੰਝ ਵੇਖਣ ਨੂੰ ਅਸੀਂ ਦੋ '(ਪਿੰਡ ਦੀ ਕੁੜੀ); 'ਤਾਰਾਂ ਨੀ ਤਾਰਾਂ ਕੇਹੜੀ ਗੱਲੋਂ ਰੁੱਸਿਆਂ ਨੇ ਅੱਜ ਹੁਸਨ ਦੀਆਂ ਸਰਕਾਰਾਂ ' (ਸੱਤ ਸਾਲੀਆਂ); 'ਜੱਟ ਜੱਟੀ ਨੂੰ ਡਰਾਵਨ ਆਇਆ '(ਲਾਜੋ); 'ਸਾਨੂੰ ਬੂਕ ਨਾਲ ਪਾਣੀ ਪਿਲਾਦੇ '(ਲਾਡਲੀ); 'ਇਹ ਪਿਆਰ ਦੀ ਕਹਾਨੀ ਸਦੀਓਂ ਪੁਰਾਨੀ '(ਨਚਦੀ ਜਵਾਨੀ); 'ਯੋਵਨ ਦੇ ਪੀਗ ਹੁਲਾਰੇ '(ਡੇਰਾ ਆਸ਼ਿਕ਼ਾਂ ਦਾ), ਇਹ ਮੋਰ ਕਿਓਂ ਪੈਹਲਾਂ ਪਾਉਂਦੇ ਨੇ '(ਮਹਿ ਮੁੰਡਾ); ਲੱਗੀ ਵਾਲੇ ਕਦੇ ਨਹੀਂ ਸੌਂਦੇ ਕਿ ਤੇਰੀ ਕਿਵੇਂ ਅੱਖ ਲੱਗ ਗਈ '(ਸੱਸੀ ਪੁੰਨੂ); ਮੇਰਾ ਵਿਛੜਿਆ ਯਾਰ ਮਿਲਦੇ '(ਸੋਹਨੀ ਮਹਿਵਾਲ) ਅਤੇ ਐਸ ਤਰ੍ਹਾਂ ਦੇ ਹੋਰ ਕਈ ਗੀਤ/ ਗਾਨੇ ਲੋਕੋਂ ਦੀ ਜੁਬਾਨ ਉਤੇ ਚੜ ਗਏ ਸਨ।

ਰਫੀ ਨੂੰ ਇਹ ਰੱਬੀ ਬਖਸ਼ਿਸ਼ ਹਾਸਿਲ ਸੀ ਕਿ ਉਹ ਹਰ ਤਰ੍ਹਾਂ ਦੇ ਗੀਤ, ਗਜ਼ਲ, ਕੱਵਾਲੀ ਤੇ ਰਾਗ ਆਦਿ ਗਾ ਸਕਦਾ ਸੀ। ਰਫੀ ਦੀ ਆਵਾਜ਼ ਵਿਚ ਇਕ ਜਾਦੂ ਸੀ, ਜਿਸ ਦਾ ਅਸਰ ਸੁਣਨ ਵਾਲਿਆਂ ਨੂੰ ਤੁਰੰਤ ਪ੍ਰਭਾਵਿਤ ਕਰਦਾ ਸੀ। ਇਹ ਕਿਹਾ ਜਾਂਦਾ ਹੈ ਕੀ ਉਨ੍ਹਾਂ ਨੇ ਆਪਣੇ ਫਿਲਮੀ ਕੈਰੀਅਰ ਦੌਰਾਨ ਕਰੀਬਨ 6000 ਗੀਤ, ਕਵਾਲੀ, ਗ਼ਜ਼ਲ, ਭਜਨ ਆਦਿ ਹਿੰਦੀ, ਉਰਦੂ, ਪੰਜਾਬੀ ਤੋਂ ਇਲਾਵਾ ਭਾਰਤ ਤੇ ਵਿਸ਼ਵ ਦੀਆਂ ਕਈ ਹੋਰਣਾ ਭਾਸ਼ਾਵਾਂ (ਕੋਨਕਨੀ, ਭੋਜਪੁਰੀ, ਉੜੀਆ, ਬੰਗਾਲੀ, ਮਰਾਠੀ, ਸਿੰਧੀ, ਕੰਨੜ, ਗੁਜਰਾਤੀ, ਤੇਲਗੂ, ਮਾਘੀ, ਮੈਥਿਲੀ, ਅਸਾਮੀ, ਅੰਗਰੇਜ਼ੀ, ਫ਼ਾਰਸੀ, ਸਪੈਨਿਸ਼ ਅਤੇ ਡੱਚ ਆਦਿ) ਵਿੱਚ ਗਾਏ ਹਨ। ਸਨ 2010 ਵਿੱਚ ਆਊਟ ਲੁੱਕ ਮੈਗਜ਼ੀਨ ਨੇ ਸੰਗੀਤ ਦਾ ਇੱਕ ਖੁੱਲ੍ਹਾਂ ਮੁਕਾਬਲਾ ਕਰਵਾਇਆ ਜਿਸ ਵਿੱਚ ਰਫ਼ੀ ਦੁਆਰਾ ਫਿਲਮ "ਚਿੱਤਰ-ਲੇਖਾ" ਲਈ ਗਾਇਆ ਗੀਤ 'ਮਨ ਰੇ ਤੂੰ ਕਾਹੇ ਨਾ ਧੀਰ ਧਰੇ' ਅਵ੍ਵਲ ਆਇਆ। "ਸਟਾਰ ਡਸਟ" ਮੇਗਜ਼ੀਨ ਨੇ ਰਫੀ ਨੂੰ ਸਦੀ ਦਾ ਸਰਵੋਤਤਮ ਗਾਇਕ ਹੋਣ ਦਾ ਮਾਨ ਬਖਸ਼ਿਆ। ਭਾਰਤ ਸਰਕਾਰ ਨੇ ਰਫੀ ਨੂੰ ਉਨਾਂ ਦੀਆਂ ਸੇਵਾਵਾਂ ਲਈ ਨਾਗਰਿਕ ਅਵਾਰਡ ਪਦਮ ਸ਼੍ਰੀ ਨਾਲ ਵੀ ਸਨਮਾਨਿਤ ਕੀਤਾ ਸੀ। ਇਸ ਤੋਂ ਇਲਾਵਾ ਰਫੀ ਨੇ 5 ਵਾਰੀਂ ਫਿਲਮ-ਫੇਅਰ ਟ੍ਰੋਫਿਆਂ/ਐਵਾਰਡ ਵੀ ਜਿਤੇ ਸਨ।

ਉਹ ਕਦੇ ਸਨਮਾਨਾਂ ਦੀ ਦੌੜ ਵਿੱਚ ਨਹੀਂ ਪਏ ਸਗੋਂ ਸਾਦਗੀ ਨੂੰ ਆਪਣੇ ਜੀਵਨ ਵਿੱਚ ਅਪਣਾਈ ਰੱਖਿਆ। ਮੁਹੰਮਦ ਰਫੀ ਨੂੰ ਆਪਣੇ ਪਿੰਡ ਦੀ ਮਿੱਟੀ, ਮਾਂ ਬੋਲੀ ਪੰਜਾਬੀ ਅਤੇ ਪੰਜਾਬ ਵਾਸੀਆਂ ਨਾਲ ਬੇਹੱਦ ਪਿਆਰ ਸੀ। ਮੁਹੰਮਦ ਰਫੀ ਨੇ ਇਨਸਾਨੀਅਤ ਅਤੇ ਰਹਿਮਦਿਲੀ ਨੂੰ ਕਦੇ ਨਹੀਂ ਛੱਡਿਆ। ਗਰੀਬਾਂ ਅਤੇ ਲੋੜਵੰਦਾਂ ਪ੍ਰਤੀ ਉਹ ਹਮੇਸ਼ਾ ਮਦਦਗਾਰ ਰਿਹਾ। ਇਥੋਂ ਤੱਕ ਕਿ ਕਈ ਨਵੇਂ ਤੇ ਛੋਟੇ ਸੰਗੀਤਕਾਰਾਂ ਵਾਸਤੇ ਮੁਫ਼ਤ ਵਿਚ ਵੀ ਗੀਤ ਗਾਏ। ਰਫੀ ਸਾਹਿਬ ਨਾਂ ਤਾਂ ਕਦੇ ਕਿਸੀ ਫਿਲਮੀ ਪਾਰਟੀ 'ਚ ਜਾਂਦੇ ਸਨ 'ਤੇ ਨਾ ਹੀ ਉਨ੍ਹਾਂ ਨੇ ਕਦੇ ਸ਼ਰਾਬ ਜਾਂ ਸਿਗਰੇਟ ਪੀਤੀ ਸੀ। ਉਹ ਤਾਂ ਘਰ ਤੋਂ ਰਿਕਾਰਡਿੰਗ ਰੂਮ ਤੇ ਵਾਪਸ ਘਰ ਦੇ ਰੂਟੀਨ ਦੀ ਪਾਲਣਾ ਕਰਦੇ ਸਨ। ਰੋਜ਼ਾਨਾ ਸਵੇਰੇ ਚਾਰ ਉਠਕੇ ਰਿਆਜ਼ ਕਰਨਾ ਕਦੇ ਨਹੀਂ ਭੁਲਦੇ ਸੀ। ਉਨ੍ਹਾਂ ਦੇ ਪੁੱਤਰ ਸ਼ਾਹਿਦ ਰਫੀ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਨੂੰ ਬੈਡਮਿੰਟਨ, ਕੈਰਮ ਖੇਡਣਾ ਅਤੇ ਪਤੰਗ ਉਡਾਉਣਾ ਬੇਹੱਦ ਪਸੰਦ ਸੀ। ਰਫੀ ਨੇ ਆਪਣਾ ਆਖਰੀ ਗੀਤ 'ਤੂੰ ਕਹੀਂ ਆਸਪਾਸ ਹੈ ਦੋਸਤ, ਦਿਲ ਫਿਰ ਭੀ ਉਦਾਸ ਹੈ ਦੋਸਤ' ਫਿਲਮ "ਆਸਪਾਸ" ਲਈ ਗਾਇਆ ਸੀ ਅਤੇ 31 ਜੁਲਾਈ 1980 ਨੂੰ ਮੁਹੰਮਦ ਰਫੀ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਿਆ। ਵਰ੍ਹਦੇ ਪਾਣੀ ਦੇ ਮੌਸਮ ਵਿਚ ਰਫ਼ੀ ਸਾਹਿਬ ਦੀ ਅੰਤਿਮ ਯਾਤਰਾ 'ਚ ਅੰਤਾਂ ਦੀ ਭੀੜ ਇਕੱਠੀ ਹੋਈ ਸੀ। ਅੱਜ ਵੀ ਰਫੀ ਦੀ ਆਵਾਜ਼ ਕਰੋੜਾਂ ਸੰਗੀਤ ਪ੍ਰੇਮੀਆਂ ਦੇ ਦਿਲਾਂ ਦੀ ਧੜਕਣ ਬਣ ਕੇ ਧੜਕਦੀ ਹੈ। ਮੁਹੰਮਦ ਰਫੀ ਨੇ ਆਪਣੀ ਪ੍ਰਤਿਭਾ ਅਤੇ ਫਨ ਦੇ ਦਮ ਤੇ ਲੋਕਾਂ ਦੇ ਦਿਲਾਂ ਤੇ ਅਜਿਹਾ ਰਾਜ ਕੀਤਾ ਜਿਸਦੀ ਬਦੌਲਤ ਉਸਨੂੰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਵੇਗਾ।

# ਸਿੱਖਾਂ ਦੀ ਕਰਬਲਾ - ਸਾਕਾ ਸਰਹਿੰਦ





ਡਾ. ਇਕਬਾਲ ਸਿੰਘ ਸਕਰੌਦੀ
91-84276-85020

ਕੌਮਾਂ ਜਿਉਂਦੀਆਂ ਨਾਲ਼ ਕੁਰਬਾਨੀਆਂ ਦੇ,
ਅਣਖ ਮਰੇ ਤੋਂ ਕੌਮ ਹੈ ਮਰ ਜਾਂਦੀ।
ਉਸ ਕੌਮ ਨੂੰ ਸਦਾ ਇਤਿਹਾਸ ਪੂਜੇ,
ਬਿਪਤਾ ਹੱਸ ਕੇ ਕੌਮ ਜੋ ਜਰ ਜਾਂਦੀ।

ਈਸਾਈ ਧਰਮ ਦੇ ਬਾਨੀ ਹਜ਼ਰਤ ਈਸਾ ਮਸੀਹ ਨੂੰ ਇਸ ਸੰਸਾਰ ਦੇ ਪਹਿਲੇ ਸ਼ਹੀਦ ਮੰਨਿਆਂ ਜਾਂਦਾ ਹੈ, ਜਿਨ੍ਹਾਂ ਨੂੰ ਸਮੇਂ ਦੇ ਜ਼ਾਲਮ ਹਾਕਮਾਂ ਨੇ ਸੂਲ਼ੀ ਉੱਤੇ ਟੰਗ ਕੇ ਅਥਾਹ ਕਸ਼ਟ ਦੇ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਇਸਲਾਮ ਧਰਮ ਦੇ ਪੈਗ਼ੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤੇ ਹਜ਼ਰਤ ਇਮਾਮ ਹੁਸੈਨ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ ਕੂਫਾ ਸ਼ਹਿਰ ਦੇ ਨੇੜੇ ਇਰਾਕ ਵਿੱਚ ਇੱਕ ਸਾਜਿਸ਼ ਨਾਲ਼ ਦਰਿਆ ਫ਼ਰਾਤ ਦੇ ਕੰਢੇ ਕਰਬਲਾ ਦੇ ਮੈਦਾਨ ਵਿੱਚ ਤਿੰਨ ਦਿਨ ਪਿਆਸਾ ਰੱਖ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਕਰਬਲਾ ਦਾ ਮੈਦਾਨ ਉਹ ਸਥਾਨ ਹੈ, ਜਿੱਥੇ ਯਦੀਦ ਦੀਆਂ ਫ਼ੌਜਾਂ ਨੇ ਹਜ਼ਰਤ ਇਮਾਮ ਹੁਸੈਨ ਉੱਤੇ ਹਮਲਾ ਕਰਕੇ ਉਨ੍ਹਾਂ ਦੇ ਬਹੱਤਰ ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਸੀ। ਸ਼ਹੀਦ ਹੋਣ ਵਾਲਿਆਂ ਵਿੱਚ ਹਜ਼ਰਤ ਇਮਾਮ ਹੁਸੈਨ ਦੇ ਪਰਿਵਾਰ ਦੇ ਅਠਾਰਾਂ ਮੈਂਬਰ ਵੀ ਸ਼ਾਮਲ ਸਨ।

ਸ਼ਹਾਦਤ ਦੇ ਸਮੇਂ ਹਜ਼ਰਤ ਇਮਾਮ ਹੁਸੈਨ ਦੀ ਉਮਰ ਅਠਵੰਜਾ ਸਾਲ ਸੀ। ਜਦੋਂ ਕਿ ਕਰਬਲਾ ਦੇ ਮੈਦਾਨ ਵਿੱਚ ਸ਼ਹੀਦ ਹੋਣ ਵਾਲ਼ੇ ਉਨ੍ਹਾਂ ਦੇ ਦੋ ਪੁੱਤਰ ਅਲੀ ਅਕਬਰ ਦੀ ਉਮਰ ਅਠਾਰਾਂ ਸਾਲ, ਅਲੀ ਅਸਗਰ ਦੀ ਉਮਰ ਕੇਵਲ ਛੇ ਮਹੀਨੇ ਦੀ ਸੀ। ਉਨ੍ਹਾਂ ਦੇ ਦੋ ਭਾਣਜੇ ਔਨ ਅਤੇ ਮੁਹੰਮਦ ਦੀ ਉਮਰ ਕ੍ਰਮਵਾਰ ਨੌਂ ਅਤੇ ਦਸ ਸਾਲ ਦੀ ਸੀ।

ਇਨ੍ਹਾਂ ਸਾਰੇ ਸ਼ਹੀਦਾਂ ਦੀ ਸ਼ਹਾਦਤ ਨੂੰ ਸਿੱਜਦਾ ਕਰਨ ਲਈ ਸ਼ੀਆ ਮੁਸਲਮਾਨਾਂ ਵੱਲੋਂ ਹਰ ਸਾਲ ਦਸ ਮੁਹੱਰਮ ਨੂੰ ਤਾਜ਼ੀਆ ਕੱਢਿਆ ਜਾਂਦਾ ਹੈ। ਇਸਲਾਮ ਦੇ ਪੈਰੋਕਾਰ ਆਪਣੇ ਇਤਿਹਾਸ ਵਿੱਚ ਮੁਹੱਰਮ ਦੇ ਮਹੀਨੇ ਨੂੰ ਬਹੁਤ ਹੀ ਅਫ਼ਸੋਸਨਾਕ ਸਮਾਂ ਮੰਨਦੇ ਹਨ। ਇੱਥੋਂ ਤੱਕ ਕਿ ਮੁਹੱਰਮ ਦਾ ਚੰਨ ਚੜ੍ਹਨ ਸਮੇਂ ਸ਼ੀਆ ਫ਼ਿਰਕੇ ਨਾਲ਼ ਸੰਬੰਧਿਤ ਔਰਤਾਂ ਆਪਣੀਆਂ ਚੂੜੀਆਂ ਤੱਕ ਤੋੜ ਦਿੰ-ਦੀਆਂ ਹਨ। ਉਹ ਚਾਲ਼ੀ ਦਿਨਾਂ ਤੱਕ ਕਿਸੇ ਪ੍ਰਕਾਰ ਦਾ ਹਾਰ ਸ਼ਿੰਗਾਰ ਵੀ ਨਹੀਂ ਕਰਦੀਆਂ। ਉਹ ਸੋਗ ਵਜੋਂ ਸਿਆਹ ਰੰਗ ਦੀ ਪੁਸ਼ਾਕ ਪਹਿਨਦੀਆਂ ਹਨ। ਚਾਲ਼ੀ ਦਿਨਾਂ ਤੱਕ ਕੋਈ ਖ਼ੁਸ਼ੀ ਨਹੀਂ ਮਨਾਈ ਜਾਂਦੀ। ਭੋਜਨ ਵੀ ਬਿਲਕੁਲ ਸਾਦਾ ਤਿਆਰ ਕੀਤਾ ਜਾਂਦਾ ਹੈ। ਸੁਆਦਲੇ ਅਤੇ ਲਜ਼ੀਜ਼ ਪਕਵਾਨ ਬਿਲਕੁਲ ਨਹੀਂ ਪਕਾਏ ਜਾਂਦੇ।

ਇਹ ਸਮਾਂ ਗ਼ਮ-ਏ-ਹੁਸੈਨ ਦੇ ਤੌਰ 'ਤੇ ਅੰਤਾਂ ਦੀ ਉਦਾਸੀ, ਸਾਦਗੀ, ਹਲੀਮੀ ਵਿੱਚ ਰਹਿ ਕੇ ਗੁਜ਼ਾਰਿਆ ਜਾਂਦਾ ਹੈ। ਸ਼ੀਆ ਮੱਤ ਨੂੰ ਮੰਨਣ ਵਾਲ਼ੇ ਮੁਸਲਮਾਨ ਮਰਦ ਤਾਜ਼ੀਅਤ ਕੱਢਣ ਵੇਲੇ ਆਪਣੀਆਂ ਛਾਤੀਆਂ ਪਿੱਟ-ਪਿੱਟ ਕੇ 'ਯਾ-ਹੁਸੈਨ ਯਾ-ਹੁਸੈਨ' ਪੁਕਾਰਦੇ ਹੋਏ ਲਹੂ ਲੁਹਾਣ ਹੋ ਜਾਂਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇੰਝ ਕਰਨ ਨਾਲ਼ ਉਹ ਇਨ੍ਹਾਂ ਸ਼ਹਾਦਤਾਂ ਨੂੰ ਲਹੂ ਦਾ ਨਜ਼ਰਾਨਾ ਭੇਟ ਕਰਦੇ ਹਨ।

ਕਰਬਲਾ ਦੇ ਮੈਦਾਨ ਦੇ ਇਸ ਦਰਦਨਾਕ ਮੰਜ਼ਰ ਨੂੰ ਉਰਦੂ ਫ਼ਾਰਸੀ ਜ਼ਬਾਨ ਦੇ ਮਹਾਨ ਕਵੀ ਮੁਹੰਮਦ ਇਕਬਾਲ ਇੰਝ ਬਿਆਨ ਕਰਦੇ ਹਨ -

"ਕਤਲ-ਏ-ਹੁਸੈਨ ਅਸਲ ਮੇਂ ਮਰਗ-ਏ-ਯਦੀਦ ਹੈ,
ਇਸਲਾਮ ਜ਼ਿੰਦਾ ਹੋਤਾ ਹੈ ਹਰ 'ਕਰਬਲਾ' ਕੇ ਬਾਅਦ।"

ਜਦੋਂ ਅਸੀਂ ਸਿੱਖ ਧਰਮ ਦੇ ਇਤਿਹਾਸ ਦੇ ਰੂਬਰੂ ਹੁੰਦੇ ਹਾਂ ਤਾਂ ਸ਼ਹਾਦਤਾਂ ਦੀ ਇੱਕ ਲੰਮੀ ਲੜੀ ਸਾਡੇ ਸਾਹਮਣੇ ਸਾਕਾਰ ਹੋ ਜਾਂਦੀ ਹੈ। ਜਿਸ ਵਿੱਚ ਸਭ ਤੋਂ ਪਹਿਲਾਂ ਸਿੱਖ ਧਰਮ ਦੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਸਮੇਂ ਦੀ ਮੁਗ਼ਲ ਹਕੂਮਤ ਨੇ ਇਸ ਲਈ ਤੱਤੀ ਤਵੀ 'ਤੇ ਬਿਠਾ ਕੇ ਸ਼ਹੀਦ ਕਰ ਦਿੱਤਾ ਸੀ, ਕਿਉਂ ਜੋ ਉਨ੍ਹਾਂ ਨੇ ਆਪਣੀ ਰਚੀ ਬਾਣੀ ਤੋਂ ਇਲਾਵਾ ਆਪਣੇ ਤੋਂ ਪਹਿਲਾਂ ਹੋਏ ਚਾਰ ਸਿੱਖ ਗੁਰੂ ਸਾਹਿਬਾਨ ਦੀ ਬਾਣੀ, ਸੂਫ਼ੀ ਸੰਤਾਂ ਦਰਵੇਸ਼ਾਂ ਦੀ ਬਾਣੀ, ਹਿੰਦੂ ਭਗਤਾਂ ਅਤੇ ਭੱਟਾਂ ਦੀ ਬਾਣੀ ਨੂੰ ਇੱਕ ਜਗ੍ਹਾ ਇਕੱਤਰ ਕਰਕੇ "ਆਦਿ ਗ੍ਰੰਥ" ਦੀ ਸੰਪਾਦਨਾ ਦੇ ਕਾਰਜ ਨੂੰ ਸੰਪੂਰਨ ਕਰਵਾਇਆ ਸੀ। ਮੁਗ਼ਲ ਬਾਦਸ਼ਾਹ ਜਹਾਂਗੀਰ ਇਸ ਮਹਾਨ ਕਾਰਜ ਨੂੰ ਬਰਦਾਸ਼ਤ ਨਾ ਕਰ ਸਕਿਆ ਅਤੇ ਉਸ ਨੇ ਨਿਮਰਤਾ ਦੇ ਪੁੰਜ ਗੁਰੂ ਅਰਜਨ ਦੇਵ ਜੀ ਨੂੰ ਅਕਹਿ ਅਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਾਖ਼ੀ ਲਈ, ਮਾਨਵਤਾ ਨੂੰ ਬਚਾਉਣ ਲਈ, ਜ਼ਬਰ-ਜ਼ੁਲਮ ਦੀ ਹਨੇਰੀ ਨੂੰ ਠੱਲ੍ਹ ਪਾਉਣ ਲਈ ਆਪਣਾ ਬਲੀਦਾਨ ਦੇ ਦਿੱਤਾ ਤਾਂ ਜੋ ਸਮਾਜ ਵਿੱਚ ਸੱਚੀਆਂ ਸੁੱਚੀਆਂ ਉੱਚੀਆਂ ਕਦਰਾਂ ਕੀਮਤਾਂ ਸਥਾਪਤ ਹੋ ਸਕਣ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਗੁਰੂ ਤੇਗ਼ ਬਹਾਦਰ ਦੀ ਧਰਮ ਦੀ ਰੱਖਿਆ ਹਿੱਤ ਦਿੱਲੀ ਵਿੱਚ ਦਿੱਤੀ ਲਾਸਾਨੀ ਸ਼ਹਾਦਤ ਨੂੰ 'ਸਾਕਾ' ਕਹਿੰਦੇ ਹੋਏ ਲਿਖਿਆ ਹੈ -

"ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥"

ਗੁਰੂ ਤੇਗ਼ ਬਹਾਦਰ ਜੀ ਨਾਲ਼ ਹੀ ਭਾਈ ਮਤੀਦਾਸ, ਭਾਈ ਸਤੀਦਾਸ, ਭਾਈ ਦਿਆਲਾ ਜੀ ਨੂੰ ਵੀ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ।

ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਜੀ ਦੀ ਲਾਸਾਨੀ ਸ਼ਹੀਦੀ ਦੇ ਕਾਰਨ ਉਸ ਸੰਦਰਭ ਵਿੱਚ ਪਏ ਹਨ, ਜਿਹੜਾ ਪਹਾੜੀ ਰਾਜਿਆਂ ਅਤੇ ਮੁਗ਼ਲ ਸਲਤਨਤ ਦੀਆਂ ਸਾਂਝੀਆਂ ਫ਼ੌਜਾਂ ਨੇ ਆਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਘੇਰਾ ਪਾਇਆ ਹੋਇਆ ਸੀ।

ਇਤਿਹਾਸਕ ਹਵਾਲਿਆਂ ਅਨੁਸਾਰ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਮਈ 1704 ਈਸਵੀ ਨੂੰ ਆਨੰਦਪੁਰ ਦੇ ਕਿਲ੍ਹੇ ਨੂੰ ਘੇਰਿਆ ਸੀ। ਇਸ ਪ੍ਰਕਾਰ ਖ਼ਾਲਸਾ ਫ਼ੌਜਾਂ ਅਤੇ ਦੁਸ਼ਮਣਾਂ ਦਰਮਿਆਨ ਸੱਤ ਮਹੀਨੇ ਤੋਂ ਵੱਧ ਸਮੇਂ ਤੱਕ ਲੜਾਈ ਚੱਲਦੀ ਰਹੀ। ਇੰਨੇਂ ਲੰਮੇ ਸਮੇਂ ਦੌਰਾਨ ਕਿਲ੍ਹੇ ਅੰਦਰ ਸਿੱਖ ਫ਼ੌਜਾਂ ਕੋਲ ਰਸਦ ਪਾਣੀ ਖ਼ਤਮ ਹੋਣ 'ਤੇ ਆ ਗਿਆ। ਇਸੇ ਚੱਲਦੀ ਲੜਾਈ ਦੌਰਾਨ ਭੁੱਖ ਅਤੇ ਤ੍ਰੇਹ ਤੋਂ ਆਤੁਰ ਹੋਏ ਚਾਲ਼ੀ ਸਿੰਘ ਦਸਮੇਸ਼ ਪਿਤਾ ਨੂੰ ਬੇਦਾਵਾ ਲਿਖ ਕੇ ਕਿਲ੍ਹੇ 'ਚੋਂ ਬਾਹਰ ਨਿੱਕਲ ਗਏ ਸਨ।

ਦੂਜੇ ਪਾਸੇ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦਾ ਲਸ਼ਕਰ ਵੀ ਇੰਨੀਂ ਲੰਮੀਂ ਲੜਾਈ ਕਰਕੇ ਥੱਕ ਟੁੱਟ ਚੁੱਕੇ ਸਨ। ਉਹ ਵੀ ਹੁਣ ਲੜਾਈ ਲੜ੍ਹਨ ਦੇ ਪੱਖ ਵਿੱਚ ਨਹੀਂ ਸਨ। ਉਨ੍ਹਾਂ ਲੋਕਾਂ ਵੱਲੋਂ ਗਊਆਂ ਅਤੇ ਪਵਿੱਤਰ ਗ੍ਰੰਥ ਕੁਰਾਨ ਸ਼ਰੀਫ਼ ਦੀਆਂ ਝੂਠੀਆਂ ਸਹੁੰਆਂ ਖਾ ਕੇ ਗੁਰੂ ਗੋਬਿੰਦ ਸਿੰਘ ਨੂੰ ਕਿਲ੍ਹਾ ਖ਼ਾਲੀ ਕਰਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਲਾਂਘਾ ਦੇਣ ਦਾ ਵਾਅਦਾ ਕੀਤਾ ਗਿਆ। ਪਰੰਤੂ ਗੁਰੂ ਸਾਹਿਬ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀਆਂ ਚਾਲਾਂ ਤੋਂ ਬਾਖ਼ੂਬੀ ਚੇਤੰਨ ਸਨ। ਪਰੰਤੂ ਜਦੋਂ ਪੰਜ ਪਿਆਰਿਆਂ ਨੇ ਦਸਮੇਸ਼ ਪਿਤਾ ਨੂੰ ਕਿਲ੍ਹਾ ਖ਼ਾਲੀ ਕਰਨ ਲਈ ਹੁਕਮਨਾਮਾ ਜਾਰੀ ਕੀਤਾ ਤਾਂ ਉਹ ਕਿਲ੍ਹਾ ਖ਼ਾਲੀ ਕਰਨ ਲਈ ਮਜਬੂਰ ਹੋ ਗਏ। ਆਖ਼ਰ ਵਿੱਚ ਦਸਮੇਸ਼ ਪਿਤਾ ਖ਼ਾਲਸਾ ਫ਼ੌਜ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਛੇ ਪੋਹ ਦੀ ਰਾਤ ਨੂੰ ਆਨੰਦਪੁਰ ਦਾ ਕਿਲ੍ਹਾ ਖ਼ਾਲੀ ਕਰਕੇ ਰੋਪੜ ਵੱਲ ਚਾਲੇ ਪਾ ਦਿੱਤੇ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਕਾਫ਼ਲੇ ਦੀ ਪਿੱਛੇ ਤੋਂ ਸੁਰੱਖਿਆ ਦੀ ਕਮਾਨ ਸੌਂਪੀ ਗਈ ਸੀ। ਸਾਰਾ ਵਹੀਰ ਸਰਸਾ ਨਦੀ ਦੇ ਕੰਢੇ 'ਤੇ ਪਹੁੰਚਿਆ। ਆਨੰਦਪੁਰ ਤੋਂ ਹੀ ਪਿੱਛਾ ਕਰਦੀ ਆ ਰਹੀਆਂ ਮੁਗ਼ਲ ਫ਼ੌਜਾਂ ਨੇ ਫ਼ਿਰ ਹਮਲਾ ਕਰ ਦਿੱਤਾ। ਸਰਸਾ ਨਦੀ ਵਿੱਚ ਉਸ ਵੇਲੇ ਬਹੁਤ ਜ਼ਿਆਦਾ ਪਾਣੀ ਚੜ੍ਹਿਆ ਹੋਇਆ ਸੀ। ਸਰਸਾ ਦੇ ਕੰਢੇ 'ਤੇ ਹੀ ਖ਼ਾਲਸਾ ਫ਼ੌਜਾਂ ਦੀ ਦੁਸ਼ਮਣਾਂ ਨਾਲ਼ ਬੜੀ ਗਹਿ-ਗੱਡਵੀਂ ਲੜਾਈ ਹੋਈ। ਇਸ ਅਚਾਨਕ ਪਿੱਛੇ ਤੋਂ ਹੋਏ ਹਮਲੇ ਕਾਰਨ ਬਹੁਤ ਵੱਡੀ ਗਿਣਤੀ ਵਿੱਚ ਸਿੱਖ ਫ਼ੌਜੀ ਸ਼ਹੀਦ ਹੋ ਗਏ। ਸਿੱਖ ਧਰਮ ਨਾਲ਼ ਸੰਬੰਧਿਤ ਬੇਸ਼ਕੀਮਤੀ ਸਾਹਿਤ ਸਰਸਾ ਨਦੀ ਦੇ ਤੇਜ਼ ਵਹਾਅ ਵਿੱਚ ਵਹਿ ਗਿਆ। ਇਸੇ ਸਥਾਨ 'ਤੇ ਦਸਮੇਸ਼ ਪਿਤਾ ਦਾ ਸਮੁੱਚਾ ਪਰਿਵਾਰ ਖੇਰੂੰ-ਖੇਰੂੰ ਹੋ ਕੇ ਵਿੱਖਰ ਗਿਆ। ਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ, ਭਾਈ ਧੰਨਾ ਸਿੰਘ ਅਤੇ ਭਾਈ ਜਵਾਹਰ ਸਿੰਘ ਦੇ ਜੱਥੇ ਨਾਲ਼ ਰੋਪੜ ਵੱਲ ਚੱਲ ਪਏ। ਬੀਬੀ ਬੀਬੋ ਅਤੇ ਬੀਬੀ ਭਾਗੋ ਉਨ੍ਹਾਂ ਨਾਲ਼ ਦੋ ਸੇਵਿਕਾਵਾਂ ਵੀ ਸਨ। ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ ਅਤੇ ਚਾਲ਼ੀ ਸਿੰਘ ਚਮਕੌਰ ਵੱਲ ਚੱਲ ਪਏ।

ਮਾਤਾ ਗੁਜਰੀ ਜੀ, ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਵੱਖਰੇ ਪਹਾੜੀ ਰਾਹਾਂ ਤੇ ਚੱਲਦੇ ਹੋਏ ਅੱਗੇ ਵਧਣ ਲੱਗੇ। ਪੋਹ ਮਹੀਨੇ ਦੀ ਹੱਡ ਚੀਰਵੀਂ ਠੰਢ, ਉੱਤੋਂ ਲਗਾਤਾਰ ਹੋ ਰਹੀ ਬਰਸਾਤ ਵਿੱਚ ਭਿੱਜਦੇ ਹੋਏ ਦੋ ਛੋਟੇ ਛੋਟੇ ਮਸੂਮ ਬਾਲ ਦਾਦੀ ਮਾਂ ਦੀ ਉਂਗਲੀ ਫੜ ਕੇ ਜੰਗਲਾਂ ਵਿੱਚੋਂ ਦੀ ਹੁੰਦੇ ਹੋਏ ਹਨੇਰੇ ਵਿੱਚ ਲਗਾਤਾਰ ਤੁਰਦੇ ਹੋਏ ਆਪਣੀ ਜ਼ਿੰਦਗੀ ਦੇ ਔਕੜਾਂ ਭਰੇ ਸਫ਼ਰ ਨੂੰ ਤਹਿ ਕਰਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਦੋਂ ਮੁਸ਼ਕਲ ਪੈਂਡਿਆਂ ਤੇ ਚੱਲਦੇ ਹੋਏ ਮਾਸੂਮ ਬਾਲ ਦਾਦੀ ਮਾਂ ਨੂੰ ਸਵਾਲ ਕਰਦੇ ਹਨ ਤਾਂ ਉਸ ਸਮੇਂ ਦੇ ਦ੍ਰਿਸ਼ ਨੂੰ ਮਹਾਨ ਲਿਖਾਰੀ ਅੱਲ੍ਹਾ ਯਾਰ ਖਾਂ ਜੋਗੀ ਆਪਣੇ ਵੈਰਾਗ ਮਈ ਸ਼ਬਦਾਂ ਵਿੱਚ ਬਿਆਨ ਕਰਦਾ ਹੋਇਆ ਇੰਝ ਲਿਖਦਾ ਹੈ-

"ਦਾਦੀ ਸੇ ਬੋਲੇ ਅਪਨੇ ਸਿਪਾਹੀ ਕਿਧਰ ਗਏ।
ਦਰਯਾ ਪਿ ਹਮ ਕੋ ਛੋੜ ਕੇ ਰਾਹੀ ਕਿਧਰ ਗਏ।
ਤੜਪਾ ਕੇ ਹਾਇ ਸੂਰਤ ਮਾਹੀ ਕਿਧਰ ਗਏ।
ਅੱਬਾ ਭਗਾ ਕੇ ਲਸ਼ਕਰਿ ਸ਼ਾਹੀ ਕਿਧਰ ਗਏ।"

ਇਤਿਹਾਸਕਾਰਾਂ ਅਨੁਸਾਰ ਮਾਤਾ ਗੁਜਰੀ ਜੀ ਪਰਿਵਾਰ ਤੋਂ ਵਿੱਛੜ ਕੇ ਸਰਸਾ ਨਦੀ ਦੇ ਕੰਢੇ ਤੁਰਦੇ ਹੋਏ ਸਤਲੁਜ ਦਰਿਆ ਦੇ ਪੱਤਣ 'ਤੇ ਪੁੱਜ ਗਏ, ਜਿੱਥੇ ਸਰਸਾ ਨਦੀ ਸਤਲੁਜ ਦਰਿਆ ਵਿੱਚ ਮਿਲ ਜਾਂਦੀ ਹੈ। ਸਰਸਾ ਅਤੇ ਸਤਲੁਜ ਦੇ ਇਸ ਸਾਂਝੇ ਪੱਤਣ ਉੱਤੇ ਕੁੰਮਾ ਨਾਂ ਦੇ ਮਾਸ਼ਕੀ ਦੀ ਘਾਹ ਫ਼ੂਸ ਅਤੇ ਕੱਖਾਂ ਕਾਨਿਆਂ ਦੀ ਬਣੀ ਹੋਈ ਛੋਟੀ ਜਿਹੀ ਇੱਕ ਝੁੱਗੀ ਸੀ। ਬਿੱਖੜੇ ਰਾਹਾਂ 'ਤੇ ਤੁਰਦੇ ਹੋਏ ਮਾਤਾ ਗੁਜਰੀ ਜੀ ਦੋਵੇਂ ਪੋਤਿਆਂ ਨਾਲ਼ ਇਸ ਝੁੱਗੀ ਵਿੱਚ ਪੁੱਜਦੇ ਹਨ। ਕੁੰਮਾ ਮਾਸ਼ਕੀ ਇੱਕ ਨੇਕ ਅਤੇ ਰੱਬ ਦਾ ਖ਼ੌਫ਼ ਖਾਣ ਵਾਲ਼ਾ ਇੱਕ ਸੱਚਾ ਸੁੱਚਾ ਇਨਸਾਨ ਸੀ। ਉਸ ਨੇ ਤਿੰਨਾਂ ਰੂਹਾਨੀ ਮੂਰਤਾਂ ਨੂੰ ਆਪਣੀ ਛੰਨ ਵਿੱਚ ਵਿਸ਼ਰਾਮ ਕਰਨ ਦੀ ਬੇਨਤੀ ਕੀਤੀ। ਇਸ ਪ੍ਰਕਾਰ ਉਹ ਰਾਤ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੇ ਕੁੰਮੇ ਮਾਸ਼ਕੀ ਦੀ ਛੰਨ ਵਿੱਚ ਗੁਜ਼ਾਰੀ। ਨੇੜਲੇ ਪਿੰਡ ਵਿੱਚ ਰਹਿੰਦੀ ਲੱਛਮੀ ਨਾਂ ਦੀ ਇੱਕ ਬ੍ਰਾਹਮਣ ਇਸਤਰੀ ਕੋਲੋਂ ਕੁੰਮਾ ਮਾਸ਼ਕੀ ਭੋਜਨ ਲੈ ਕੇ ਆਇਆ। ਉਸ ਔਰਤ ਨੇ ਠੰਢ ਤੋਂ ਬਚਣ ਲਈ ਉਸ ਨੂੰ ਕੁਝ ਗਰਮ ਕੱਪੜੇ ਵੀ ਦਿੱਤੇ। ਅਗਲੇ ਦਿਨ ਚੜ੍ਹੇ ਲੱਛਮੀ ਆਪ ਭੋਜਨ ਤਿਆਰ ਕਰ ਕੇ ਲੈ ਕੇ ਆਈ। ਉਸ ਨੇ ਆਪਣੇ ਹੱਥੀਂ ਕੁੰਮੇ ਮਾਸ਼ਕੀ ਸਮੇਤ ਚਾਰਾਂ ਨੂੰ ਭੋਜਨ ਛਕਾਇਆ।

ਇਤਿਹਾਸਕਾਰਾਂ ਅਨੁਸਾਰ ਗੰਗੂ ਬ੍ਰਾਹਮਣ ਵੀ ਕੁੰਮੇ ਮਾਸ਼ਕੀ ਦੀ ਝੌਂਪੜੀ ਵਿੱਚ ਆ ਕੇ ਹੀ ਮਾਤਾ ਜੀ ਨੂੰ ਮਿਲਿਆ ਸੀ। ਇਸ ਦਾ ਜ਼ਿਕਰ "ਪੋਹ ਦੀਆਂ ਰਾਤਾਂ" ਪੁਸਤਕ ਵਿੱਚ ਕੀਤਾ ਗਿਆ ਮਿਲਦਾ ਹੈ। ਇਹ ਛੰਨ ਵਾਲ਼ਾ ਸਥਾਨ ਵੀ ਪਿੰਡ ਚੱਕ ਢੇਰਾ ਜ਼ਿਲ੍ਹਾ ਰੋਪੜ ਵਿੱਚ ਹੀ ਹੈ।

ਮਾਤਾ ਗੁਜਰੀ, ਦੋਵੇਂ ਸਾਹਿਬਜ਼ਾਦਿਆਂ, ਗੰਗੂ ਅਤੇ ਇੱਕ ਖ਼ੱਚਰ ਨੂੰ ਆਪਣੀ ਬੇੜੀ ਵਿੱਚ ਬਿਠਾ ਕੇ ਕੁੰਮਾ ਮਾਸ਼ਕੀ ਸਤਲੁਜ ਦਰਿਆ ਦੇ ਕੰਢੇ ਪਿੰਡ ਚੱਕ ਢੇਰਾ ਲੈ ਆਇਆ। ਮਾਤਾ ਗੁਜਰੀ ਨੇ ਇੱਥੋਂ ਜਾਣ ਸਮੇਂ ਲੱਛਮੀ ਨੂੰ ਦੋ ਮੁਹਰਾਂ ਦੇ ਮੁੱਲ ਵਾਲ਼ੀ ਕੀਮਤੀ ਆਰਸੀ ਅਤੇ ਸੋਨੇ ਦੀਆਂ ਪੰਜ ਚੂੜੀਆਂ ਦਿੱਤੀਆਂ। ਕੁੰਮੇ ਮਾਸ਼ਕੀ ਨੂੰ ਮਾਤਾ ਜੀ ਨੇ ਪੰਜ ਰੁਪਏ ਦਿੱਤੇ।

ਇੱਥੋਂ ਹੀ ਗੰਗੂ ਮਾਤਾ ਗੁਜਰੀ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਆਪਣੇ ਨਾਲ਼ ਲੈ ਗਿਆ ਸੀ। ਮਾਤਾ ਜੀ ਕੋਲ ਬਹੁਤ ਜ਼ਿਆਦਾ ਧੰਨ ਦੌਲਤ ਵੇਖ ਕੇ ਉਸ ਦਾ ਮਨ ਡੋਲ ਗਿਆ। ਉਹ ਲਾਲਚ ਵੱਸ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਇਸ ਸਥਾਨ ਤੋਂ ਜੰਗਲ ਬੀਆਬਾਨਾਂ ਵਿੱਚ ਘੁੰਮਾਉਂਦਾ ਹੋਇਆ ਪਿੰਡ ਕਾਈਨੌਰ ਪੁੱਜ ਗਿਆ, ਜੋ ਹੁਣ ਮੋਰਿੰਡੇ ਦੇ ਨੇੜੇ ਰੋਪੜ ਜ਼ਿਲ੍ਹੇ ਵਿੱਚ ਸਥਿਤ ਹੈ।

ਇੱਥੇ ਉਨ੍ਹਾਂ ਇੱਕ ਤਲਾਅ ਉੱਤੇ ਸੰਘਣੀ ਝਿੜੀ ਵਿੱਚ ਰਾਤ ਗੁਜ਼ਾਰੀ। ਅਗਲੇ ਦਿਨ ਗੰਗੂ ਉਨ੍ਹਾਂ ਤਿੰਨਾਂ ਨੂੰ ਆਪਣੇ ਪਿੰਡ ਸਹੇੜੀ ਲੈ ਗਿਆ। ਮਾਤਾ ਗੁਜਰੀ ਜੀ ਕੋਲ ਕੁਝ ਗਹਿਣੇ ਅਤੇ ਸੋਨੇ ਦੀਆਂ ਮੋਹਰਾਂ ਇੱਕ ਪੋਟਲੀ ਵਿੱਚ ਬੰਨ੍ਹੇ ਹੋਏ ਸਨ। ਬੱਸ ਇਨ੍ਹਾਂ ਗਹਿਣਿਆਂ, ਹੀਰਿਆਂ, ਮੋਹਰਾਂ ਦੀ ਚਮਕ ਨੇ ਗੰਗੂ ਨੂੰ ਅੰਨ੍ਹਾ ਕਰ ਦਿੱਤਾ। ਉਹ ਇਨ੍ਹਾਂ ਵਸਤਾਂ ਨੂੰ ਹਾਸਲ ਕਰਨ ਲਈ ਹੀਰਿਆਂ ਜਵਾਹਰਾਤਾਂ ਤੋਂ ਵੀ ਵੱਧ ਸੋਹਣੇ ਛੋਟੇ ਸਾਹਿਬਜ਼ਾਦਿਆਂ ਦੀ ਮੌਤ ਦਾ ਕਾਰਨ ਬਣਿਆ। ਬੇਸ਼ੱਕ ਉਹ ਗੁਰੂ ਘਰ ਦਾ ਰਸੋਈਆ ਰਹਿ ਚੁੱਕਾ ਸੀ। ਪਰੰਤੂ ਲਾਲਚ ਵਿੱਚ ਆ ਕੇ ਉਸ ਨੂੰ ਗੁਰੂ ਦੁਆਰਾ ਕੀਤੇ ਸਾਰੇ ਉਪਕਾਰ ਵਿੱਸਰ ਗਏ। ਗੰਗੂ ਨੇ ਸਹੇੜੀ ਦੇ ਚੌਧਰੀ ਨਾਲ਼ ਜਾ ਕੇ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਸੰਬੰਧੀ ਸਾਰੀ ਜਾਣਕਾਰੀ ਮੋਰਿੰਡੇ ਦੇ ਰੰਗੜ ਕਪਤਾਨ ਨੂੰ ਦੇ ਦਿੱਤੀ। ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਤੋਂ ਇਨਾਮ ਹਾਸਲ ਕਰਨ ਲਈ ਇਨ੍ਹਾਂ ਤਿੰਨਾਂ ਨੇ ਮਿਲ ਕੇ ਸਾਹਿਬਜ਼ਾਦਿਆਂ ਅਤੇ ਦਾਦੀ ਮਾਂ ਨੂੰ ਵਜ਼ੀਰ ਖ਼ਾਨ ਦੇ ਬੰਦੀ ਬਣਾ ਦਿੱਤਾ।

ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਠੰਢੇ ਬੁਰਜ ਵਿੱਚ ਕੈਦ ਕਰ ਕੇ ਰੱਖਿਆ ਗਿਆ। ਇਸ ਬੁਰਜ ਦੇ ਚਾਰ ਥੰਮ੍ਹ ਸਨ। ਉੱਪਰ ਛੱਤ ਵੀ ਕੋਈ ਨਹੀਂ ਸੀ। ਲੋਹੇ ਦੇ ਸਰੀਏ ਵਾਲ਼ੇ ਬੜੇ ਵੱਡੇ-ਵੱਡੇ ਦਰਵਾਜੇ ਸਨ। ਪੋਹ ਮਹੀਨੇ ਦੀ ਹੱਡ ਚੀਰਵੀਂ ਠੰਢੀ ਹਵਾ ਕਲੇਜਿਆਂ ਨੂੰ ਚੀਰ ਕੇ ਲੰਘਦੀ ਸੀ।

ਪਰੰਤੂ ਸ਼ਹੀਦ ਦਾਦੇ ਗੁਰੂ ਤੇਗ਼ ਬਹਾਦਰ ਦੇ ਪੋਤੇ, ਬਹਾਦਰ ਸੂਰਬੀਰ ਯੋਧੇ ਗੁਰੂ ਗੋਬਿੰਦ ਸਿੰਘ ਦੇ ਲਾਲ ਆਪਣੀ ਦਾਦੀ ਮਾਂ ਦੀ ਨਿੱਘੀ ਬੁੱਕਲ ਵਿੱਚ ਬੈਠੇ ਬਹਾਦਰਾਂ, ਸੂਰਬੀਰਾਂ, ਯੋਧਿਆਂ ਅਤੇ ਸ਼ਹੀਦਾਂ ਦੀਆਂ ਲਾਸਾਨੀ ਸ਼ਹਾਦਤਾਂ ਨਾਲ਼ ਸੰਬੰਧਿਤ ਬਾਤਾਂ ਅਤੇ ਕਹਾਣੀਆਂ ਸੁਣ ਕੇ ਆਪਣੇ ਇਰਾਦਿਆਂ ਨੂੰ ਹੋਰ ਵੀ ਜ਼ਿਆਦਾ ਮਜ਼ਬੂਤ ਬਣਾ ਰਹੇ ਸਨ।

ਮਖ਼ਮਲੀ ਬਿਸਤਰਿਆਂ 'ਤੇ ਸੌਣ ਵਾਲੇ, ਛੱਤੀ ਪ੍ਰਕਾਰ ਦੇ ਭੋਜਨ ਪਦਾਰਥ ਖਾਣ ਵਾਲ਼ੇ ਅੱਜ ਭੁੱਖਣ ਭਾਣੇ ਠੰਢੇ ਬੁਰਜ ਵਿੱਚ ਬੈਠੇ ਦਾਦੀ ਮਾਂ ਦੀਆਂ ਅੱਖਾਂ ਵਿੱਚ ਤੱਕ ਰਹੇ ਸਨ। ਮਾਤਾ ਗੁਜਰੀ ਦੀਆਂ ਗੱਲਾਂ ਸੱਚ ਦੇ ਰਾਹ 'ਤੇ ਤੁਰੇ ਪਾਂਧੀਆਂ ਨੂੰ ਰਸਤੇ ਵਿੱਚ ਆਉਣ ਵਾਲ਼ੀਆਂ ਔਕੜਾਂ, ਮੁਸ਼ਕਲਾਂ, ਦੁਸ਼ਵਾਰੀਆਂ, ਮੁਸੀਬਤਾਂ ਨੂੰ ਚੜ੍ਹਦੀ ਕਲਾ ਵਿੱਚ ਰਹਿੰਦੇ ਹੋਏ ਖਿੜੇ ਮੱਥੇ ਬਰਦਾਸ਼ਤ ਕਰਨ ਦੀ ਸਿੱਖਿਆ ਦਿੰਦੀਆਂ ਸਨ।

ਮਾਂ ਗੁਜਰੀ ਉਨ੍ਹਾਂ ਬਾਲਾਂ ਨੂੰ ਸਮਝਾ ਰਹੀ ਸੀ ਕਿ ਬੱਚਿਓ! ਤੁਸੀਂ ਆਪਣੇ ਦਾਦੇ ਦੀ ਚਿੱਟੀ ਪਗੜੀ ਨੂੰ ਹੋਰ ਜ਼ਿਆਦਾ ਚਮਕਾਇਓ। ਜੇਕਰ ਜਾਨ 'ਤੇ ਵੀ ਆਣ ਪਵੇ ਤਾਂ ਵੀ ਸੀਸ ਬੇਸ਼ੱਕ ਕਟਵਾ ਦਿਓ, ਪਰੰਤੂ ਆਪਣੇ ਧਰਮ, ਕੌਮ, ਦੇਸ਼ ਨੂੰ ਕਦੀ ਵੀ ਪਿੱਠ ਨਹੀਂ ਦਿਖਾਉਣੀ।

ਮਾਂ ਗੁਜਰੀ ਦੀਆਂ ਸਿੱਖਿਆਵਾਂ 'ਤੇ ਪਹਿਰਾ ਦਿੰਦੇ ਹੋਏ ਦੋਵੇਂ ਸਾਹਿਬਜ਼ਾਦਿਆਂ ਨੇ ਕਿਹਾ ਸੀ, "ਦਾਦੀ ਮਾਂ, ਅਸੀਂ ਸਿਰ ਦੇ ਕੇ ਵੀ ਸਿਦਕ ਬਚਾਵਾਂਗੇ।"

ਆਖ਼ਰ ਉਹ ਮਨਹੂਸ ਦਿਨ ਚੜ੍ਹਿਆ, ਜਦੋਂ ਪਹਿਲੀ ਵਾਰੀ ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ ਵਿੱਚ ਪੇਸ਼ ਕੀਤਾ ਜਾਣਾ ਸੀ। ਉਸ ਸਮੇਂ ਦਾ ਵਰਨਣ ਅੱਲਾ ਯਾਰ ਖਾਂ ਜੋਗੀ ਆਪਣੀ ਰਚਨਾ "ਸ਼ਹੀਦਾਨਿ ਵਫ਼ਾ" ਵਿੱਚ ਇਸ ਤਰ੍ਹਾਂ ਕਰਦਾ ਹੈ -

"ਜਾਨੇ ਸੇ ਪਹਲੇ ਆਓ ਗਲੇ ਲਗਾ ਤੋ ਲੂੰ,
ਕੇਸੋਂ ਕੋ ਕੰਘੀ ਜਰਾ ਧੁਲਾ ਤੋ ਲੂੰ,
ਪਿਆਰੇ ਸਰੋਂ ਪੇ ਨੰਨ੍ਹੀਂ ਸੀ ਕਲਗ਼ੀ ਸਜਾ ਤੋ ਲੂੰ,
ਮਰਨ ਸੇ ਪਹਿਲੇ ਤੁਮ ਕੋ ਦੁਲਹਾ ਬਨਾ ਤੋ ਲੂੰ।

ਅਗਲੇ ਦਿਨ ਸਵੇਰੇ-ਸਵੇਰੇ ਮੁਗ਼ਲ ਬਾਦਸ਼ਾਹ ਦੇ ਸਿਪਾਹੀ ਦੋਵਾਂ ਸਾਹਿਬਜ਼ਾਦਿਆਂ ਨੂੰ ਨਵਾਬ ਵਜ਼ੀਰ ਖਾਂ ਦੀ ਕਚਹਿਰੀ ਵਿੱਚ ਪੇਸ਼ ਕਰਨ ਲਈ ਲੈਣ ਆ ਗਏ। ਮਾਤਾ ਗੁਜਰੀ ਨੇ ਦੋਵਾਂ ਪੋਤਿਆਂ ਨੂੰ ਗ਼ਲੇ ਨਾਲ਼ ਲਗਾ ਕੇ ਪਿਆਰ ਅਤੇ ਨਿੱਘ ਦਿੱਤਾ। ਸਾਹਿਬਜ਼ਾਦੇ ਬੜੇ ਉਤਸ਼ਾਹ ਨਾਲ਼ ਸਿਪਾਹੀਆਂ ਨਾਲ਼ ਚੱਲ ਪਏ। ਜਿਉਂ ਹੀ ਬਾਲ ਦਰਬਾਰ ਦੇ ਬਾਹਰ ਪਹੁੰਚੇ ਤਾਂ ਉਨ੍ਹਾਂ ਵੇਖਿਆ ਕਿ ਦਰਬਾਰ ਹਾਲ ਦਾ ਵੱਡਾ ਗੇਟ ਬੰਦ ਕੀਤਾ ਹੋਇਆ ਸੀ। ਸਾਰੇ ਲੋਕ ਇੱਕ ਬਹੁਤ ਹੀ ਛੋਟੀ ਖਿੜਕੀ ਰਾਹੀਂ ਸਿਰ ਝੁਕਾਅ ਕੇ ਅੰਦਰ ਜਾ ਰਹੇ ਸਨ। ਇਹ ਸਭ ਮੁਗ਼ਲ ਦਰਬਾਰ ਦੇ ਇੱਕ ਝੋਲੀਚੁੱਕ ਦੀਵਾਨ ਸੁੱਚਾ ਨੰਦ ਦੀ ਇੱਕ ਚਾਲ ਸੀ। ਉਸ ਦੇ ਮਨ ਵਿੱਚ ਇਹ ਬਦਨੀਤੀ ਸੀ ਕਿ ਜਦੋਂ ਸਾਹਿਬਜ਼ਾਦੇ ਦਰਬਾਰ ਦੇ ਅੰਦਰ ਦਾਖ਼ਲ ਹੋਣ ਤਾਂ ਉਨ੍ਹਾਂ ਦੇ ਸਿਰ ਨਵਾਬ ਦੇ ਸਾਹਮਣੇ ਝੁਕ ਜਾਣ। ਪਰੰਤੂ ਦਾਦੀ ਮਾਂ ਵੱਲੋਂ ਮਿਲੀ ਸਿੱਖਿਆ ਅਨੁਸਾਰ ਸਾਹਿਬਜ਼ਾਦੇ ਉਸ ਚਾਲ ਨੂੰ ਸਮਝ ਗਏ। ਜਦੋਂ ਦੋਵੇਂ ਬਾਲ ਅੰਦਰ ਦਾਖ਼ਲ ਹੋਣ ਲੱਗੇ ਤਾਂ ਉਨ੍ਹਾਂ ਨੇ ਬਿਨਾਂ ਸੀਸ ਝੁਕਾਏ ਪਹਿਲਾਂ ਆਪਣੇ ਪੈਰ ਛੋਟੀ ਖਿੜਕੀ ਦੇ ਅੰਦਰ ਰੱਖੇ। ਸਾਹਿਬਜ਼ਾਦਿਆਂ ਦੀ ਸੂਝ-ਬੂਝ ਭਰੀ ਲਿਆਕਤ ਨੂੰ ਵੇਖ ਕੇ ਦੀਵਾਨ ਸੁੱਚਾ ਨੰਦ ਅਤੇ ਵਜ਼ੀਰ ਖਾਂ ਨੂੰ ਗੁੱਸਾ ਤਾਂ ਬਹੁਤ ਚੜ੍ਹਿਆ। ਪਰੰਤੂ ਉਹ ਕੇਵਲ ਦੰਦ ਪੀਹ ਕੇ ਰਹਿ ਗਏ। ਜਿਉਂ ਹੀ ਸਾਹਿਬਜ਼ਾਦਿਆਂ ਨੇ ਦਰਬਾਰ ਵਿੱਚ ਪ੍ਰਵੇਸ਼ ਕੀਤਾ, ਉਨ੍ਹਾਂ ਨੇ ਸਾਰੇ ਦਰਬਾਰੀਆਂ ਦੇ ਸਾਹਮਣੇ "ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ" ਦਾ ਨਾਅਰਾ ਬੁਲੰਦ ਕੀਤਾ। ਉਨ੍ਹਾਂ ਦੇ ਇਸ ਨਿਡਰ ਅਤੇ ਬੇਖ਼ੌਫ਼ ਰਵੱਈਏ ਨੂੰ ਵੇਖ ਕੇ ਦਰਬਾਰੀ ਬਹੁਤ ਪ੍ਰਭਾਵਿਤ ਹੋਏ। ਤਦ ਦੀਵਾਨ ਸੁੱਚਾ ਨੰਦ ਨੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੇ ਸਾਹਮਣੇ ਝੁਕਣ ਲਈ ਆਖਿਆ। ਤਦ ਸਾਹਿਬਜ਼ਾਦਿਆਂ ਨੇ ਉੱਤਰ ਦਿੱਤਾ, "ਅਸੀਂ ਕੇਵਲ ਸਰਬ ਸ਼ਕਤੀਮਾਨ ਪ੍ਰਭੂ ਨੂੰ ਪ੍ਰਣਾਮ ਕਰਦੇ ਹਾਂ। ਕਿਸੇ ਇਨਸਾਨ ਨੂੰ ਨਹੀਂ ਕਰਦੇ।" ਨਵਾਬ ਵਜ਼ੀਰ ਖਾਂ ਨੇ ਕਾਜ਼ੀ ਨੂੰ ਆਖਿਆ, "ਕਾਜ਼ੀ ਸਾਹਿਬ, ਤੁਸੀਂ ਇਨ੍ਹਾਂ ਲੜਕਿਆਂ ਦਾ ਵਿਵਹਾਰ ਨੋਟ ਕੀਤਾ। ਇਹ ਇੱਕ ਵਿਦਰੋਹੀ ਬਾਪ ਦੇ ਵਿ-ਦਰੋਹੀ ਬੇਟੇ ਹਨ। ਇਨ੍ਹਾਂ ਦੇ ਇਸ ਅਪਰਾਧ ਦੀ ਸਜ਼ਾ ਇਨ੍ਹਾਂ ਨੂੰ ਦੇਣੀ ਹੀ ਚਾਹੀਦੀ ਹੈ।" ਬੇਸ਼ੱਕ ਕਾਜ਼ੀ ਦੋਵੇਂ ਸਾਹਿਬਜ਼ਾਦਿਆਂ ਨੂੰ ਮੌਤ ਦੀ ਸਜ਼ਾ ਸੁਣਾ ਕੇ ਵਜ਼ੀਰ ਖਾਂ ਨੂੰ ਖ਼ੁਸ਼ ਕਰਨਾ ਚਾਹੁੰਦਾ ਸੀ। ਪਰੰਤੂ ਉਹ ਮਜਬੂਰ ਸੀ। ਕਿਉਂਕਿ ਇਸਲਾਮੀ ਸ਼ਰਾ ਦੇ ਅਨੁਸਾਰ ਦੋਵੇਂ ਬੱਚੇ ਕਿਸੇ ਵੀ ਅਪਰਾਧ ਵਿੱਚ ਦੋਸ਼ੀ ਨਹੀਂ ਸਨ। ਇਸ ਲਈ ਕਾਜ਼ੀ ਨੇ ਵਜ਼ੀਰ ਖਾਂ ਨੂੰ ਸਲਾਹ ਦਿੱਤੀ, "ਜਨਾਬ! ਜੇਕਰ ਤੁਸੀਂ ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਰਾਜ਼ੀ ਕਰ ਲਵੋ ਤਾਂ ਇਸਲਾਮੀ ਕਾਨੂੰਨ ਨੂੰ ਤੋੜੇ ਬਿਨਾਂ ਤੁਹਾਡਾ ਮਕਸਦ ਵੀ ਪੂਰਾ ਹੋ ਜਾਵੇਗਾ। ਇਸ ਦੇ ਨਾਲ਼ ਹੀ ਇਹ ਗੁਰੂ ਗੋਬਿੰਦ ਸਿੰਘ ਦੀ ਸਭ ਤੋਂ ਵੱਡੀ ਹਾਰ ਹੋਵੇਗੀ।"

ਤਦ ਵਜ਼ੀਰ ਖਾਂ ਨੇ ਬਹੁਤ ਹੀ ਪਿਆਰ, ਸਨੇਹ ਅਤੇ ਖ਼ਲੂਸ ਭਰੇ ਸ਼ਬਦਾਂ ਵਿੱਚ ਸਾਹਿਬਜ਼ਾਦਿਆਂ ਨੂੰ ਆਖਿਆ, "ਦੇਖੋ ਬੱਚਿਓ! ਜੇਕਰ ਤੁਸੀਂ ਇਸਲਾਮ ਧਰਮ ਕਬੂਲ ਕਰ ਲਵੋਗੇ ਤਾਂ ਤੁਸੀਂ ਜੋ ਮੰਗੋਗੇ, ਤੁਹਾਨੂੰ ਉਹੀ ਦੇ ਦਿੱਤਾ ਜਾਵੇਗਾ।"

ਦੋਨੋਂ ਸਾਹਿਬਜ਼ਾਦੇ ਇਕੱਠੇ ਬੋਲੇ, "ਨਵਾਬ ਵਜ਼ੀਰ ਖਾਂ, ਜਿਵੇਂ ਤੁਹਾਨੂੰ ਆਪਣਾ ਦੀਨ ਪਿਆਰਾ ਹੈ, ਸਾਨੂੰ ਵੀ ਆਪਣੀ ਸਿੱਖੀ ਬਹੁਤ ਪਿਆਰੀ ਹੈ। ਅਸੀਂ ਕਿਸੇ ਵੀ ਕੀਮਤ 'ਤੇ ਆਪਣਾ ਧਰਮ ਨਹੀਂ ਛੱਡਾਂਗੇ।" ਬਾਲਾਂ ਦਾ ਉੱਤਰ ਸੁਣ ਕੇ ਨਵਾਬ ਨੂੰ ਬਹੁਤ ਕ੍ਰੋਧ ਆਇਆ। ਉਸ ਨੇ ਸਾਹਿਬਜ਼ਾਦਿਆਂ ਨੂੰ ਡਰਾਉਣ ਅਤੇ ਭੈਭੀਤ ਕਰਨ ਲਈ ਆਖਿਆ, "ਆਨੰਦਪੁਰ ਵਿੱਚ ਤੁਹਾਡਾ ਘਰ ਢਹਿ

**(ਬਾਕੀ ਅਗਲੇ ਸਫੇ 'ਤੇ)**

# ਸਿੱਖਾਂ ਦੀ ਕਰਬਲਾ – ਸਾਕਾ ਸਰਹਿੰਦ

(ਸਫਾ 19 ਦੀ ਬਾਕੀ)

ਢੇਰੀ ਹੋ ਚੁੱਕਾ ਹੈ। ਉਹ ਕਿਲ੍ਹਾ ਵੀ ਤਬਾਹ ਕੀਤਾ ਜਾ ਚੁੱਕਾ ਹੈ। ਤੁਹਾਡੇ ਦੋਵੇਂ ਵੱਡੇ ਭਰਾ ਚਮਕੌਰ ਦੀ ਗੜ੍ਹੀ ਵਿੱਚ ਮਾਰੇ ਜਾ ਚੁੱਕੇ ਹਨ। ਬਹੁਤ ਜਲਦੀ ਅਸੀਂ ਤੁਹਾਡੇ ਪਿਤਾ ਗੋਬਿੰਦ ਸਿੰਘ ਨੂੰ ਵੀ ਫੜ ਕੇ ਜੇਲ੍ਹ ਵਿੱਚ ਬੰਦ ਕਰ ਦਿਆਂਗੇ। ਹੁਣ ਤੁਹਾਡਾ ਕੋਈ ਸਹਾਰਾ ਬਾਕੀ ਨਹੀਂ ਰਿਹਾ। ਕੇਵਲ ਵਜ਼ੀਰ ਖਾਂ ਤੁਹਾਡੀ ਜਾਨ ਦੀ ਰੱਖਿਆ ਕਰ ਸਕਦਾ ਹੈ। ਤੁਹਾਡੇ ਲਈ ਚੰਗਾ ਇਹੀ ਹੋਵੇਗਾ ਕਿ ਤੁਸੀਂ ਇਸਲਾਮ ਧਰਮ ਕਬੂਲ ਕਰ ਕੇ ਆਪਣੀ ਜਾਨ ਬਚਾ ਲਵੋ। ਨਹੀਂ ਤਾਂ ਤੁਹਾਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਏਗਾ।"

ਇਸ ਸੰਬੰਧੀ ਕਵੀ ਸੰਤੋਖ ਸਿੰਘ ਨੇ "ਸੂਰਜ ਪ੍ਰਕਾਸ਼" ਗ੍ਰੰਥ ਵਿੱਚ ਇੰਝ ਦਰਜ ਕੀਤਾ ਹੈ –

"ਸਾਹਿਬਜ਼ਾਦਿਓ ਪਿਤਾ ਤੁਹਾਰਾ॥ ਗੜ ਚਮਕੌਰ ਘੇਰ ਗਹਿ ਮਾਰਾ॥
ਤਹਿ ਤੁਮਰੇ ਦੈ ਭ੍ਰਾਤ ਪ੍ਰਹਾਰੇ॥ ਸੰਗੀ ਸਿੰਘ ਸਕਲ ਸੋ ਮਾਰੇ॥"

ਪਰੰਤੂ ਉਹ ਦੋਵੇਂ ਗੁਰੂ ਗੋਬਿੰਦ ਸਿੰਘ ਦੇ ਪੁੱਤਰ ਅਤੇ ਗੁਰੂ ਤੇਗ ਬਹਾਦਰ ਦੇ ਪੋਤਰੇ ਸਨ। ਉਨ੍ਹਾਂ ਉਪਰ ਨਵਾਬ ਦੀਆਂ ਧਮਕੀਆਂ ਦਾ ਕੋਈ ਅਸਰ ਨਾ ਹੋਇਆ। ਨਵਾਬ ਦੀ ਗੱਲ ਸੁਣ ਕੇ ਬਾਲਾਂ ਨੇ ਆਖਿਆ,

"ਸਾਨੂੰ ਤਾਂ ਕੇਵਲ ਅਕਾਲ ਪੁਰਖ ਦੇ ਆਸਰੇ ਦੀ ਲੋੜ ਹੈ। ਉਸ ਅਕਾਲ ਪੁਰਖ ਤੋਂ ਇਲਾਵਾ ਸਾਨੂੰ ਹੋਰ ਕਿਸੇ ਆਸਰੇ, ਸਹਾਰੇ ਦੀ ਲੋੜ ਨਹੀਂ ਹੈ। ਵਜ਼ੀਰ ਖਾਂ, ਸੂਰਜ ਪੂਰਬ ਦੀ ਥਾਂ ਪੱਛਮ ਵਿੱਚੋਂ ਚੜ੍ਹ ਸਕਦਾ ਹੈ। ਮੱਛੀਆਂ ਪਾਣੀ ਤੋਂ ਬਿਨਾਂ ਜ਼ਿੰਦਾ ਰਹਿ ਸਕਦੀਆਂ ਹਨ। ਪਰੰਤੂ ਸ਼ੇਰਾਂ ਦੇ ਪੁੱਤ ਤੇਰੀਆਂ ਗਿੱਦੜ ਧਮਕੀਆਂ ਅੱਗੇ ਕਦੇ ਵੀ ਨਹੀਂ ਝੁਕਣਗੇ। ਸਗੋਂ ਸਾਹਿਬਜ਼ਾਦਿਆਂ ਨੇ ਬੜੇ ਹੌਂਸਲੇ ਅਤੇ ਬੁਲੰਦ ਆਵਾਜ਼ ਵਿੱਚ ਦੋ ਆਖਿਆ, ਉਸ ਨੂੰ ਕਵੀ ਸੰਤੋਖ ਸਿੰਘ ਨੇ ਆਪਣੇ ਸ਼ਬਦਾਂ ਵਿੱਚ ਇੰਝ ਬੀੜਿਆ ਹੈ –

"ਸ੍ਰੀ ਸਤਿਗੁਰੂ ਜੋ ਪਿਤਾ ਹਮਾਰਾ॥
ਜਗ ਮਹਿ ਕੌਨ ਸਕੇ ਤਿਹਿ ਮਾਰਾ॥
ਜਿਮ ਆਕਾਸ਼ ਕੋ ਕਿਆ ਕੋਈ ਮਾਰਹਿ॥
ਕੌਨ ਅੰਧੇਰੀ ਕੋ ਨਿਰਵਾਰਹਿ॥"

ਇਸ ਉਪਰੰਤ ਵਜ਼ੀਰ ਖਾਂ ਨੇ ਦੋਵਾਂ ਬਾਲਾਂ ਨੂੰ ਵਾਪਸ ਠੰਢੇ ਬੁਰਜ ਵਿੱਚ ਭੇਜ ਦਿੱਤਾ। ਨਾਲ ਹੀ ਉਨ੍ਹਾਂ ਨੂੰ ਤਾਕੀਦ ਕੀਤੀ ਕਿ ਉਹ ਇਸ ਮਾਮਲੇ ਵਿੱਚ ਆਪਣੀ ਦਾਦੀ ਨਾਲ ਸਲਾਹ ਮਸ਼ਵਰਾ ਜ਼ਰੂਰ ਕਰ ਲੈਣ। ਠੰਢੇ ਬੁਰਜ ਵਿੱਚ ਸਾਹਿਬਜ਼ਾਦਿਆਂ ਨੇ ਦਾਦੀ ਮਾਂ ਨੂੰ ਮੁਗ਼ਲ ਦਰਬਾਰ ਵਿੱਚ ਹੋਈ ਸਾਰੀ ਗੱਲਬਾਤ ਕਹਿ ਸੁਣਾਈ। ਤਦ ਦਾਦੀ ਨੇ ਆਪਣੇ ਪੋਤਿਆਂ ਨੂੰ ਸਿੱਖ ਸੂਰਬੀਰਾਂ ਦੀ ਬਹਾਦਰੀ ਦੇ ਕਿੱਸੇ ਸੁਣਾ ਕੇ ਹੋਰ ਵਧੇਰੇ ਮਜ਼ਬੂਤ ਬਣਾ ਦਿੱਤਾ।

ਅਗਲੇ ਦਿਨ ਫਿਰ ਬਾਲਾਂ ਨੂੰ ਕਚਹਿਰੀ ਵਿੱਚ ਪੇਸ਼ ਹੋਣ ਲਈ ਬੁਲਾਇਆ ਗਿਆ। ਦਰਬਾਰ ਵਿੱਚ ਸ਼ੇਰ ਮੁਹੰਮਦ ਖਾਨ ਵੀ ਮੌਜੂਦ ਸੀ। ਵਜ਼ੀਰ ਖਾਂ ਨੇ ਮਾਲੇਰਕੋਟਲੇ ਦੇ ਨਵਾਬ ਨੂੰ ਉਂਗਲ ਲਾਉਂਦਿਆਂ ਕਿਹਾ, "ਤੇਰੇ ਦੋ ਭਰਾਵਾਂ ਦੀ ਮੌਤ ਗੋਬਿੰਦ ਸਿੰਘ ਹੱਥੋਂ ਹੋ ਚੁੱਕੀ ਹੈ। ਇਸ ਲਈ ਮੈਂ ਇਨ੍ਹਾਂ ਬਾਲਾਂ ਨੂੰ ਸਜ਼ਾ ਦੇਣ ਦਾ ਫ਼ੈਸਲਾ ਸ਼ੇਰ ਮੁਹੰਮਦ ਖਾਨ 'ਤੇ ਹੀ ਛੱਡ ਦਿੱਤਾ।

ਪਰੰਤੂ ਰਹਿਮ ਦਿਲ ਇਨਸਾਨ ਮਾਲੇਰਕੋਟਲਾ ਦੇ ਨਵਾਬ ਨੇ ਕਿਹਾ ਸੀ, "ਨਵਾਬ ਵਜ਼ੀਰ ਖਾਂ, ਜਦੋਂ ਵਕਤ ਆਇਆ ਤਾਂ ਮੈਂ ਆਪਣੇ ਭਰਾਵਾਂ ਦੀ ਮੌਤ ਦਾ ਬਦਲਾ ਗੋਬਿੰਦ ਸਿੰਘ ਤੋਂ ਹੀ ਲਵਾਂਗਾ। ਮਾਸੂਮ ਬੱਚਿਆਂ 'ਤੇ ਜ਼ੁਲਮ ਕਰਨ ਦੀ ਇਜਾਜ਼ਤ ਇਸਲਾਮ ਧਰਮ ਹਰਗਿਜ਼ ਨਹੀਂ ਦਿੰਦਾ। ਯਾ ਅੱਲਾਹ! ਮੈਨੂੰ ਇਸ ਪਾਪ ਤੋਂ ਬਚਾਈਂ।"

ਕਿਹਾ ਜਾਂਦਾ ਹੈ ਕਿ ਨਿਰਦੋਸ਼ ਸਾਹਿਬਜ਼ਾਦਿਆਂ ਦੀ ਰਿਹਾਈ ਲਈ ਜਨ-ਸਧਾਰਨ ਵਿੱਚ ਬਣ ਚੁੱਕੀ ਇੱਕ ਆਮ ਸਹਿਮਤੀ ਨੂੰ ਵੇਖਦੇ ਹੋਏ ਨਵਾਬ ਵਜ਼ੀਰ ਖਾਂ ਦਾ ਮਨ ਵੀ ਬਦਲ ਗਿਆ ਸੀ। ਤਦ ਉਸ ਨੇ ਸਾਹਿਬਜ਼ਾਦਿਆਂ ਨੂੰ ਪ੍ਰਸ਼ਨ ਪੁੱਛਿਆ, "ਬੱਚਿਓ! ਜੇਕਰ ਤੁਹਾਨੂੰ ਰਿਹਾ ਕਰ ਦਿੱਤਾ ਜਾਵੇ ਤਾਂ ਸਾਡੀ ਕੈਦ ਵਿੱਚੋਂ ਬਾਹਰ ਜਾ ਕੇ ਤੁਸੀਂ ਕੀ ਕਰੋਗੇ?"

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਕਿਹਾ ਸੀ, "ਅਸੀਂ ਆਪਣੇ ਪਿਤਾ ਦੇ ਦਰਸਾਏ ਮਾਰਗ 'ਤੇ ਚੱਲਦੇ ਹੋਏ ਉਹੀ ਕਰਾਂਗੇ, ਜੋ ਸਾਡੇ ਪਿਤਾ ਕਰ ਰਹੇ ਹਨ। ਅਸੀਂ ਜ਼ਬਰ ਜ਼ੁਲਮ ਅਤੇ ਅੱਤਿਆਚਾਰ ਦੇ ਵਿਰੁੱਧ ਲੜਾਂਗੇ। ਇਸ ਕਾਰਜ ਲਈ ਅਸੀਂ ਮੁੜ ਤੋਂ ਸਿੰਘਾਂ ਨੂੰ ਜੱਥੇਬੰਦ ਕਰਾਂਗੇ। ਜਦੋਂ ਤੱਕ ਅੱਤਿਆਚਾਰੀ ਹਕੂਮਤ ਦਾ ਸਫ਼ਾਇਆ ਨਹੀਂ ਹੋ ਜਾਂਦੇ, ਉਦੋਂ ਤੱਕ ਲੜਦੇ ਰਹਾਂਗੇ।"

ਉਸੇ ਵੇਲੇ ਦੀਵਾਨ ਸੁੱਚਾ ਨੰਦ ਬੋਲਿਆ, "ਨਵਾਬ ਸਾਹਿਬ, ਸੱਪਾਂ ਦੇ ਪੁੱਤ ਕਦੇ ਮਿੱਤ ਨਹੀਂ ਹੁੰਦੇ। ਸੱਪ ਨੂੰ ਮਾਰਨਾ ਅਤੇ ਉਸ ਦੇ ਸਪੋਲੀਆਂ ਨੂੰ ਦੁੱਧ ਪਿਆਉਣਾ ਇਹ ਕਦੀ ਵੀ ਸਮਝਦਾਰੀ ਨਹੀਂ ਹੁੰਦੀ।"

ਦੀਵਾਨ ਸੁੱਚਾ ਨੰਦ ਦੀਆਂ ਲਾਈਆਂ ਲੂਤੀਆਂ ਦਾ ਨਵਾਬ ਦੇ ਦਿਲ 'ਤੇ ਬੜਾ ਡੂੰਘਾ ਪ੍ਰਭਾਵ ਪਿਆ। ਉਸ ਨੇ ਉਸੇ ਵੇਲੇ ਕਾਜ਼ੀ ਨੂੰ ਕਿਹਾ, "ਕਾਜ਼ੀ ਸਾਹਿਬ, ਆਪਣੇ ਹੱਥ ਆਏ ਗੋਬਿੰਦ ਦੇ ਬੱਚਿਆਂ ਨੂੰ ਰਿਹਾ ਕਰਨਾ ਅਕਲਮੰਦੀ ਨਹੀਂ ਹੈ। ਇਹ ਤਾਂ ਪੱਕਾ ਹੀ ਹੈ ਕਿ ਇਹ ਦੋਵੇਂ ਵੱਡੇ ਹੋ ਕੇ ਆਪਣੇ ਪਿਉ ਦੀ ਤਰ੍ਹਾਂ ਬਾਗ਼ੀ ਹੀ ਬਣਨਗੇ। ਫਿਰ ਇਹ ਸਾਡੇ ਖ਼ਿਲਾਫ਼ ਵਿਦਰੋਹ ਦਾ ਝੰਡਾ ਬੁਲੰਦ ਕਰਨਗੇ।" ਕਾਜ਼ੀ ਤਾਂ ਪਹਿਲਾਂ ਹੀ ਅਜਿਹੇ ਮੌਕੇ ਦੀ ਤਲਾਸ਼ ਵਿੱਚ ਸੀ। ਉਸ ਨੇ ਅਜਿਹਾ ਫ਼ਤਵਾ ਜਾਰੀ ਕੀਤਾ, ਜਿਸਨੂੰ ਪੜ੍ਹਨ ਸੁਣਨ ਵਾਲੇ ਦਾ ਵੀ ਦਿਲ ਦਹਿਲ ਜਾਵੇ। ਕਿਉਂਕਿ ਇਸਲਾਮ ਧਰਮ ਵਿੱਚ ਇਹ ਗੱਲ ਕਹੀ ਗਈ ਹੈ ਕਿ ਮਾਸੂਮ ਬੱਚੇ ਦਾ ਖ਼ੂਨ ਜ਼ਮੀਨ 'ਤੇ ਨਹੀਂ ਡਿੱਗਣਾ ਚਾਹੀਦਾ। ਇਸ ਲਈ ਕਾਜ਼ੀ ਨੇ ਫ਼ਤਵਾ ਪੜ੍ਹਿਆ, "ਬਾਗ਼ੀ ਦੇ ਪੁੱਤਰਾਂ ਨੂੰ ਜ਼ਿੰਦਾ ਨੀਹਾਂ ਵਿੱਚ ਚਿਣਵਾ ਦਿੱਤਾ ਜਾਵੇ।"

ਨਵਾਬ ਮਾਲੇਰਕੋਟਲਾ ਇਸ ਫ਼ਤਵੇ ਵਿਰੁੱਧ ਕੁਝ ਨਾ ਬੋਲ ਸਕੇ। ਉਹ ਬਹੁਤ ਉਦਾਸੀ ਅਤੇ ਨਿਰਾਸ਼ਾ ਦੇ ਆਲਮ ਵਿੱਚ ਉਸੇ ਵੇਲੇ ਨਵਾਬ ਵਜ਼ੀਰ ਖਾਂ ਦੇ ਦਰਬਾਰ ਵਿੱਚੋਂ ਉੱਠ ਕੇ ਚਲੇ ਗਏ।

ਸਾਹਿਬਜ਼ਾਦਿਆਂ ਨੇ ਠੰਢੇ ਬੁਰਜ ਵਿੱਚ ਜਾ ਕੇ ਸਾਰੀ ਗੱਲਬਾਤ ਦਾਦੀ ਮਾਂ ਨੂੰ ਸੁਣਾਈ। ਤਦ ਮਾਤਾ ਗੁਜਰੀ ਨੇ ਆਖਿਆ, "ਮੇਰੇ ਪਿਆਰੇ ਬੱਚਿਓ! ਮੈਂ ਤੁਹਾਡੇ ਸਾਹਸ, ਬਹਾਦਰੀ, ਦਲੇਰੀ, ਦ੍ਰਿੜ੍ਹਤਾ 'ਤੇ ਬਹੁਤ ਜ਼ਿਆਦਾ ਖ਼ੁਸ਼ ਹਾਂ। ਤੁਸੀਂ ਆਪਣੇ ਦਾਦੇ ਅਤੇ ਪਿਤਾ ਦੇ ਗੌਰਵ ਨੂੰ ਹੋਰ ਵੀ ਜ਼ਿਆਦਾ ਵਧਾਇਆ ਹੈ।" ਇਹ ਕਹਿੰਦਿਆਂ ਹੋਇਆਂ ਦਾਦੀ ਨੇ ਪੋਤਿਆਂ ਨੂੰ ਘੁੱਟ ਕੇ ਆਪਣੇ ਗਲੇ ਨਾਲ ਲਾਇਆ। ਉਨ੍ਹਾਂ ਦੀ ਪਿੱਠ 'ਤੇ ਸ਼ਾਬਾਸ਼ੀ ਦਿੱਤੀ।

ਜਦੋਂ ਬਾਬਾ ਮੋਤੀ ਰਾਮ ਮਹਿਰਾ ਨੂੰ ਪਤਾ ਲੱਗਾ ਕਿ ਮਾਤਾ ਗੁਜਰੀ ਅਤੇ ਦੋ ਛੋਟੇ ਸਾਹਿਬਜ਼ਾਦੇ ਭੁੱਖਣ ਭਾਣੇ ਠੰਢੇ ਬੁਰਜ ਵਿੱਚ ਕੈਦ ਕੀਤੇ ਗਏ ਹਨ। ਉਨ੍ਹਾਂ ਕੋਲ ਠੰਢ ਤੋਂ ਬਚਾਅ ਕਰਨ ਲਈ ਕੋਈ ਨਿੱਘਾ ਕੱਪੜਾ ਵੀ ਨਹੀਂ ਹੈ। ਤਦ ਉਸ ਦੀ ਮਾਂ ਅਤੇ ਪਤਨੀ ਨੇ ਉਸ ਨੂੰ ਗਰਮ ਦੁੱਧ ਦੇ ਕੇ ਠੰਢੇ ਬੁਰਜ ਵਿੱਚ ਘੱਲ ਦਿੱਤਾ। ਮਾਤਾ ਗੁਜਰੀ ਅਤੇ ਬਾਲਾਂ ਨੇ ਕੜਾਕੇ ਦੀ ਠੰਢ ਵਿੱਚ ਗਰਮ-ਗਰਮ ਦੁੱਧ ਪੀਤਾ। ਮਾਤਾ ਜੀ ਨੇ ਉਸ ਨੂੰ ਅਨੇਕਾਂ ਅਸੀਸਾਂ ਦਿੱਤੀਆਂ।

ਪਰੰਤੂ ਗੰਗੂ ਬ੍ਰਾਹਮਣ ਦੇ ਭਰਾ ਪੰਮੇ ਨੇ ਨਵਾਬ ਵਜ਼ੀਰ ਖਾਂ ਕੋਲ ਚੁਗਲੀ ਕੀਤੀ, "ਮੋਤੀ ਰਾਮ ਮਹਿਰੇ ਨੇ ਹਕੂਮਤ ਦੇ ਬਾਗ਼ੀਆਂ ਨੂੰ ਦੁੱਧ ਪਿਲਾ ਕੇ ਉਨ੍ਹਾਂ ਦੀ ਸੇਵਾ ਕੀਤੀ ਹੈ।"

ਗੁੱਸੇ ਵਿੱਚ ਲਾਲ ਪੀਲੇ ਹੋਏ ਵਜ਼ੀਰ ਖਾਂ ਨੇ ਮੋਤੀ ਰਾਮ ਮਹਿਰਾ ਅਤੇ ਉਸ ਦੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਕੋਹਲੂ ਵਿੱਚ ਪੀੜ ਦਿੱਤਾ। ਇਸ ਪ੍ਰਕਾਰ ਬਾਬਾ ਮੋਤੀ ਰਾਮ ਮਹਿਰੇ ਨੇ ਆਪਣੇ ਪਰਿਵਾਰ ਨੂੰ ਸਿੱਖ ਕੌਮ ਤੋਂ ਨਿਸ਼ਾਵਰ ਕਰ ਦਿੱਤਾ।

ਆਖ਼ਰ ਤੇਰਾਂ ਪੋਹ ਦੀ ਸਵੇਰ ਚੜ੍ਹੀ। ਮਾਤਾ ਗੁਜਰੀ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਹਿੰਮਤ ਅਤੇ ਹੌਂਸਲੇ ਨਾਲ ਤਿਆਰ ਕੀਤਾ। ਜਦੋਂ ਦਾਦੀ ਮਾਂ ਨੇ ਪੋਤਿਆਂ ਦੇ ਮੱਥੇ 'ਤੇ ਪਿਆਰ ਦਿੱਤਾ ਤਾਂ ਤਿੰਨਾਂ ਨੂੰ ਹੀ ਇਸ ਗੱਲ ਦਾ ਇਲਮ ਸੀ ਕਿ ਇਹ ਉਨ੍ਹਾਂ ਦੀ ਆਖ਼ਰੀ ਮੁਲਾਕਾਤ ਹੈ। ਪਰੰਤੂ ਫ਼ੇਰ ਵੀ ਤਿੰਨਾਂ ਵਿੱਚੋਂ ਕੋਈ ਵੀ ਭਾਵਨਾਵਾਂ ਵਿੱਚ ਬਹਿ ਕੇ ਉਦਾਸ ਨਹੀਂ ਹੋਇਆ। ਸਗੋਂ ਦੋਵੇਂ ਸਾਹਿਬਜ਼ਾਦਿਆਂ ਨੇ "ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ" ਦਾ ਨਾਅਰਾ ਬੁਲੰਦ ਕੀਤਾ ਅਤੇ ਦਾਦੀ ਮਾਂ ਨੂੰ ਫ਼ਤਹਿ ਬੁਲਾ ਕੇ ਪੂਰੀ ਦ੍ਰਿੜ੍ਹਤਾ, ਹੌਂਸਲੇ, ਬੁਲੰਦ ਇਰਾਦੇ ਨਾਲ ਮੁਗ਼ਲ ਸਿਪਾਹੀਆਂ ਨਾਲ ਚੱਲ ਪਏ।

ਆਖ਼ਰੀ ਵਾਰੀ ਦਾਦੀ ਮਾਂ ਨੇ ਪੋਤਿਆਂ ਦੀ ਪਿੱਠ 'ਤੇ ਨਜ਼ਰ ਮਾਰੀ। ਸਹਿਜ ਸੁਭਾਅ ਉਨ੍ਹਾਂ ਅੱਖਾਂ ਬੰਦ ਕਰਕੇ ਉਸ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕੀਤਾ। ਉਹ ਆਪਣੀ ਅਮਾਨਤ ਆਪਣੇ ਚਰਨਾਂ ਵਿੱਚ ਵਾਪਸ ਲੈ ਰਿਹਾ ਹੈ।

ਦੋਵੇਂ ਸਾਹਿਬਜ਼ਾਦਿਆਂ ਨੂੰ ਉਸ ਸਥਾਨ 'ਤੇ ਲਿਜਾਇਆ ਗਿਆ, ਜਿੱਥੇ ਇੱਟਾਂ ਦੀ ਇੱਕ ਕੰਧ ਉਸਾਰੀ ਜਾ ਰਹੀ ਸੀ। ਉਸੇ ਸਮੇਂ ਕਾਜ਼ੀ ਵੀ ਉੱਥੇ ਪੁੱਜ ਗਿਆ। ਦੋਵੇਂ ਬਾਲਕ ਆਪਣੇ ਇਰਾਦੇ 'ਤੇ ਅਡੋਲ ਖੜ੍ਹੇ ਰਹੇ। ਉੱਸਰ ਰਹੀ ਕੰਧ ਤੋਂ ਉਨ੍ਹਾਂ ਨੂੰ ਹੋਰ ਵਧੇਰੇ ਬਲ ਮਿਲਿਆ। ਕਾਜ਼ੀ ਨੇ ਜੱਲਾਦਾਂ ਨੂੰ ਤੇਜ਼ੀ ਨਾਲ ਕੰਧ ਉਸਾਰਨ ਦਾ ਹੁਕਮ ਦਿੱਤਾ। ਜਿਉਂ-ਜਿਉਂ ਕੰਧ ਉੱਚੀ ਹੁੰਦੀ ਜਾ ਰਹੀ ਸੀ, ਇਨਸਾਨੀਅਤ ਲਈ ਆਪਣੇ ਹਿਰਦੇ ਵਿੱਚ ਦਰਦ ਰੱਖਣ ਵਾਲਿਆਂ ਦੀਆਂ ਅੱਖਾਂ ਵਿੱਚੋਂ ਲਗਾਤਾਰ ਹੰਝੂ ਵਹਿ ਰਹੇ ਸਨ।

ਇਤਿਹਾਸਕ ਹਵਾਲਿਆਂ ਅਨੁਸਾਰ ਜਿਉਂ ਹੀ ਕੰਧ ਦੀ ਉਸਾਰੀ ਬਾਲਾਂ ਦੇ ਗਲਾਂ ਤੱਕ ਆਈ ਤਾਂ ਕੰਧ ਧੜੰਮ ਕਰਕੇ ਡਿੱਗ ਪਈ। ਤਦ ਦੋਵੇਂ ਸਾਹਿਬਜ਼ਾਦਿਆਂ ਨੂੰ ਪਿੱਪਲ ਦੇ ਰੁੱਖ ਨਾਲ ਰੱਸਿਆਂ ਨਾਲ ਬੰਨ੍ਹ ਦਿੱਤਾ ਗਿਆ। ਉਨ੍ਹਾਂ ਉੱਤੇ ਕੋੜੇ ਵਰਸਾਏ ਗਏ। ਗੁਲੇਲ ਨਾਲ ਵੀ ਉਨ੍ਹਾਂ ਉੱਤੇ ਨਿਸ਼ਾਨੇ ਲਗਾ ਕੇ ਤਸੀਹੇ ਦਿੱਤੇ ਗਏ। ਸਾਹਿਬਜ਼ਾਦਿਆਂ ਨੂੰ ਇੱਕ ਵਾਰੀ ਫ਼ੇਰ ਇਸਲਾਮ ਧਰਮ ਕਬੂਲ ਕਰਨ ਲਈ ਆਖਿਆ ਗਿਆ। ਪਰੰਤੂ ਉਨ੍ਹਾਂ ਵੱਲੋਂ ਸਾਫ਼ ਇਨਕਾਰ ਕਰਨ 'ਤੇ ਸੂਬੇ ਨੇ ਆਪਣਾ ਆਖ਼ਰੀ ਫ਼ੈਸਲਾ ਸੁਣਾ ਦਿੱਤਾ, "ਇਨ੍ਹਾਂ ਬੱਚਿਆਂ ਦੇ ਸਿਰ ਕਲਮ ਕਰ ਦਿੱਤੇ ਜਾਣ।"

ਭਾਈ ਦੁੱਨਾ ਸਿੰਘ ਹੰਡੂਰੀਆ ਦੀ ਅਪ੍ਰਕਾਸ਼ਿਤ ਕ੍ਰਿਤ "ਕਥਾ ਗੁਰੂ ਜੀ ਕੇ ਸੁਤਨ ਕੀ" ਅਨੁਸਾਰ ਸਾਹਿਬਜ਼ਾਦਿਆਂ ਦੇ ਸੀਸ ਕਟਾਰ ਨਾਲ ਧੜ ਤੋਂ ਵੱਖ ਕਰਨ ਤੋਂ ਪਹਿਲਾਂ ਜ਼ਾਲਮਾਂ ਨੇ ਉਨ੍ਹਾਂ ਮਾਸੂਮਾਂ ਨੂੰ ਚਾਬਕਾਂ, ਕੋਰੜੇ ਅਤੇ ਗੁਲੇਲੇ ਵੀ ਮਾਰੇ ਸਨ –

"ਖਮਚੀ ਸਾਥ ਜੁ ਲਗੇ ਤਬੈ ਦੁਖ ਦੇਵਨੰ।
ਏਹ ਸੁ ਬਾਲਕ ਫੂਲ, ਧੂਪ ਨਹਿ ਖੇਵਨੰ।
ਤਬ ਮਲੇਰੀਏ ਕਹਯੋ, ਜੜਾਂ ਤੁਮ ਜਾਂਹਿ ਹੀ।
ਇਹ ਮਸੂਮ ਹੈਂ ਬਾਲ ਦੁਖਾਵਹੁ ਨਾਹਿ ਹੀ।"
"ਜਬ ਦੁਸ਼ਟੀਂ ਐਸੇ ਦੁਖ। ਬਹੁਰੋ ਫੇਰ ਸੀਸ ਕਢਵਾਏ॥
ਰਜ ਕੋ ਪਾਇ ਪੀਪਲਹ ਬਾਂਧੇ। ਦੁਸ਼ਟ ਗੁਲੇਲੇ ਤੀਰ ਸੁ ਸਾਂਧੇ॥"

ਸ਼ਾਸ਼ਲ ਬੇਗ, ਬਾਸ਼ਲ ਬੇਗ ਦੋ ਜੱਲਾਦ ਭਰਾਵਾਂ ਨੇ ਦੋਵਾਂ ਸਾਹਿਬਜ਼ਾਦਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਇਸ ਪ੍ਰਕਾਰ ਮਾਤਾ ਗੁਜਰੀ ਜੀ ਦੇ ਪੋਤਿਆਂ ਨੇ ਆਪਣੀ ਸ਼ਹਾਦਤ ਦੇ ਕੇ ਸਿੱਖੀ ਦੀਆਂ ਨੀਹਾਂ ਨੂੰ ਹਮੇਸ਼ਾ-ਹਮੇਸ਼ਾ ਲਈ ਮਜ਼ਬੂਤ ਕਰ ਦਿੱਤਾ। ਜਿਉਂ ਹੀ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸਮਾਚਾਰ ਪੂਰੇ ਇਲਾਕੇ ਵਿੱਚ ਫੈਲਿਆ ਤਾਂ ਇਸ ਕਹਿਰ ਨੂੰ ਸੁਣ ਕੇ ਹਰ ਅੱਖ ਵਿੱਚੋਂ ਅੱਥਰੂ ਵਗੇ ਸਨ। ਇਸ ਸਮੇਂ ਦੀ ਸਥਿਤੀ ਨੂੰ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿੱਚ ਇੰਝ ਦਰਜ ਕਰਦੇ ਹਨ –

"ਸ਼ਾਸ਼ਲ ਬੇਗ ਅਰ ਬਾਸ਼ਲ ਬੇਗ। ਉਭੈ ਜਲਾਦਨ ਖਿਚ ਕੈ ਤੇਗ॥
ਤਿਸਹੀ ਠਉਰ ਖਰਿਓ ਕੈ ਸੀਸ। ਤੁਰਤ ਉਤਾਰੇ ਦੁਸ਼ਟੈਂ ਰੀਸ॥
ਤੇਰਾਂ ਪੋਹ ਥਾ ਮੰਗਲਵਾਰ। ਮਚਿਓ ਸ਼ਹਿਰ ਮੇਂ ਹਾਹਾਕਾਰ॥"

ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਜਾਣਕਾਰੀ ਜਦੋਂ ਮਾਤਾ ਗੁਜਰੀ ਜੀ ਨੂੰ ਦਿੱਤੀ ਗਈ ਤਾਂ ਉਹ ਚੌਂਕੜੀ ਮਾਰਕੇ ਬੈਠ ਗਏ। ਉਨ੍ਹਾਂ ਨੇ ਦੋਵੇਂ ਹੱਥ ਜੋੜ ਕੇ ਉਸ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕੀਤਾ। ਮਾਤਾ ਗੁਜਰੀ ਜੀ ਉਸ ਸਮੇਂ ਵਡੇਰੀ ਅਵਸਥਾ ਵਿੱਚ ਸਨ। ਜਦੋਂ ਤੋਂ ਉਨ੍ਹਾਂ ਆਨੰਦਪੁਰ ਦਾ ਕਿਲ੍ਹਾ ਛੱਡਿਆ ਸੀ, ਉਦੋਂ ਤੋਂ ਹੀ ਉਹ ਤੁਰਦੇ ਤੁਰਦੇ ਸਰਹਿੰਦ ਦੇ ਠੰਢੇ ਬੁਰਜ ਵਿੱਚ ਪਹੁੰਚੇ ਸਨ। ਪਿਛਲੇ ਚਾਰ ਦਿਨਾਂ ਤੋਂ ਕੁਝ ਵੀ ਨਹੀਂ ਸੀ ਖਾਧਾ। ਪੋਹ ਮਹੀਨੇ ਦੀ ਹੱਡ ਚੀਰਵੀਂ ਠੰਢ, ਵਡੇਰੀ ਉਮਰ ਅਤੇ ਲੰਮੇ ਸਮੇਂ ਦੀ ਭੁੱਖ ਨੇ ਉਨ੍ਹਾਂ ਨੂੰ ਸਰੀਰਕ ਤੌਰ 'ਤੇ ਬਹੁਤ ਜ਼ਿਆਦਾ ਕਮਜ਼ੋਰ ਕਰ ਦਿੱਤਾ ਸੀ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਉਨ੍ਹਾਂ ਦੇ ਮਾਨਸਿਕ ਬਲ 'ਤੇ ਵੀ ਬਹੁਤ ਵੱਡਾ ਪ੍ਰਭਾਵ ਪਾਇਆ। ਇਸ ਪ੍ਰਕਾਰ ਉਸੇ ਪਲ ਉਨ੍ਹਾਂ ਆਪ ਵੀ ਪ੍ਰਾਣ ਤਿਆਗ ਦਿੱਤੇ।

ਮਨੁੱਖਤਾ ਦੇ ਇਤਿਹਾਸ ਵਿੱਚ ਇੰਨੀਂ ਛੋਟੀ ਉਮਰ ਦੇ ਬੱਚਿਆਂ ਦੀ ਅਜਿਹੀ ਲਾਸਾਨੀ ਸ਼ਹਾਦਤ ਹੋਰ ਕੋਈ ਨਹੀਂ ਮਿਲਦੀ।

ਉਸੇ ਸ਼ਾਮ ਦੀਵਾਨ ਟੋਡਰ ਮੱਲ ਦੋਵਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਦੇਹਾਂ ਦਾ ਅੰਤਿਮ ਸੰਸਕਾਰ ਕਰਨ ਦੀ ਇਜਾਜ਼ਤ ਲੈਣ ਲਈ ਨਵਾਬ ਵਜ਼ੀਰ ਖਾਂ ਦੇ ਦਰਬਾਰ ਵਿੱਚ ਗਏ।

ਵਜ਼ੀਰ ਖਾਂ ਨੇ ਟੋਡਰ ਮੱਲ ਨੂੰ ਆਖਿਆ, "ਬੱਚਿਆਂ ਅਤੇ ਮਾਈ ਦੇ ਅੰਤਿਮ ਸੰਸਕਾਰ ਲਈ ਤੈਨੂੰ ਜਿੰਨੀਂ ਜ਼ਮੀਨ ਚਾਹੀਦੀ ਹੈ, ਉਸ ਜ਼ਮੀਨ ਉੱਤੇ ਖੜ੍ਹੇ ਲੋਟ ਸੋਨੇ ਦੀਆਂ ਮੋਹਰਾਂ ਵਿਛਾਉਣੀਆਂ ਪੈਣਗੀਆਂ, ਤਦ ਹੀ ਤੂੰ ਇਨ੍ਹਾਂ ਦੇਹਾਂ ਦਾ ਅੰਤਿਮ ਸੰਸਕਾਰ ਕਰ ਸਕਦਾ ਹੈਂ।"

ਇਤਿਹਾਸਕ ਹਵਾਲਿਆਂ ਅਨੁਸਾਰ ਦੀਵਾਨ ਟੋਡਰ ਮੱਲ ਦੀ ਪਤਨੀ ਨੇ ਆਪਣੇ ਸਾਰੇ ਗਹਿਣੇ ਉਤਾਰ ਕੇ ਅਤੇ ਦੀਵਾਨ ਦੇ ਦੋ ਛੋਟੇ ਪੁੱਤਰਾਂ ਨੇ ਪੈਸਿਆਂ ਨਾਲ ਭਰੀਆਂ ਆਪਣੀਆਂ ਗੋਲਕਾਂ ਉਸ ਨੂੰ ਦੇ ਦਿੱਤੀਆਂ ਸਨ ਤਾਂ ਜੋ ਅੰਤਿਮ ਸੰਸਕਾਰ ਕੀਤਾ ਜਾ ਸਕੇ। ਜਦੋਂ ਇਹ ਸਾਰੀ ਦੌਲਤ ਵੀ ਥੋੜ੍ਹੀ ਪੈ ਗਈ ਤਾਂ ਟੋਡਰ ਮੱਲ ਨੇ ਆਪਣੀ ਹਵੇਲੀ ਵੇਚ ਦਿੱਤੀ ਸੀ। ਇਸ ਪ੍ਰਕਾਰ ਉਸ ਨੇ ਮ੍ਰਿਤਕ ਦੇਹਾਂ ਦਾ ਅੰਤਿਮ ਸੰਸਕਾਰ ਕੀਤਾ ਸੀ।

ਦੁਨੀਆਂ ਦੇ ਇਤਿਹਾਸ ਵਿੱਚ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਅੰਤਿਮ ਸੰਸਕਾਰ ਵਾਲੀ ਜ਼ਮੀਨ ਨੂੰ ਸੰਸਾਰ ਦੀ ਸਭ ਤੋਂ ਮਹਿੰਗੇ ਭਾਅ ਵਾਲੀ ਜ਼ਮੀਨ ਸਵੀਕਾਰ ਕੀਤਾ ਜਾਂਦਾ ਹੈ।

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਉਸ ਸਮੇਂ ਰਾਏਕੋਟ ਵਿੱਚ ਸਨ, ਜਦੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਜਾਣਕਾਰੀ ਉਨ੍ਹਾਂ ਕੋਲ ਨੂਰਾ ਮਾਹੀ ਲੈ ਕੇ ਆਇਆ ਸੀ। ਉਸ ਨੂੰ ਖ਼ਬਰ ਲੈ ਕੇ ਆਉਣ ਲਈ ਰਾਏ ਕੱਲਾ ਨੇ ਭੇਜਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਸਮੇਂ ਅਕਾਲ ਪੁਰਖ ਦੀ ਇੱਛਾ ਅੱਗੇ ਸੀਸ ਝੁਕਾਇਆ ਸੀ। ਉਸ ਸਮੇਂ ਉਨ੍ਹਾਂ ਨੇ ਆਪਣੇ ਤੀਰ ਦੀ ਨੋਕ ਨਾਲ ਘਾਹ ਦੀ ਇੱਕ ਤਿੜ ਨੂੰ ਪੁੱਟਿਆ ਸੀ ਅਤੇ ਉਹ ਮੂੰਹੋਂ ਬੋਲੇ ਸਨ, "ਹੁਣ ਮੁਗ਼ਲਾਂ ਦੇ ਜ਼ੁਲਮੀ ਸਾਮਰਾਜ ਦੀ ਜੜ੍ਹ ਪੁੱਟੀ ਗਈ ਹੈ।"

## ਸਾਡੀ ਸੁਰਤ ਨੂੰ ਸੁਆਰਦਾ ਹੈ ਡਾ. ਇਕਬਾਲ ਸਿੰਘ ਸਕਰੌਦੀ

ਸੰਗਰੂਰ ਪਬਲਿਕ ਸਕੂਲ, ਸੰਗਰੂਰ ਦੇ ਪ੍ਰਿੰਸੀਪਲ ਲਾਭ ਸਿੰਘ ਦੇ ਵਿਸ਼ੇਸ਼ ਸੱਦੇ 'ਤੇ ਅੱਜ ਡਾ. ਇਕਬਾਲ ਸਿੰਘ ਸਕਰੌਦੀ, ਰਿਟਾਇਰਡ ਪ੍ਰਿੰਸੀਪਲ ਵਿਦਿਆਰਥੀਆਂ ਦੇ ਰੂਬਰੂ ਹੋਏ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਸੰਸਾਰ ਦੇ ਸਭ ਤੋਂ ਪਹਿਲੇ ਅਧਿਆਪਕ ਦਾ ਨਾਂ ਮਹਾਂਰਿਸ਼ੀ ਵੇਦ ਵਿਆਸ ਸੀ, ਜਿਨ੍ਹਾਂ ਰਿਗਵੇਦ ਦੀ ਸਿਰਜਣਾ ਕੀਤੀ। ਉਨ੍ਹਾਂ ਦੇ ਸ਼ਾਗਿਰਦਾਂ ਨੂੰ ਰਿਸ਼ੀ ਆਖਿਆ ਗਿਆ ਅਤੇ ਰਿਸ਼ੀਆਂ ਦੇ ਚੇਲਿਆਂ ਨੂੰ ਗੁਰੂ ਆਖਿਆ ਗਿਆ। ਗੁਰੂਆਂ ਦੇ ਚੇਲੇ ਅੱਗੋਂ



ਅਧਿਆਪਕ ਸਦਵਾਏ। ਅਧਿਆਪਕ ਦੀ ਪੂੰਜੀ ਗਿਆਨ ਹੈ। ਅਧਿਆਪਕ ਦੀ ਮਾਂ ਸਰਸਵਤੀ ਹੈ। ਉਸ ਦੀ ਮਾਸੀ ਲੱਛਮੀ ਦੇਵੀ ਹੈ। ਸਰਸਵਤੀ ਅਤੇ ਲੱਛਮੀ ਦੋਵੇਂ ਭੈਣਾਂ ਹਨ। ਸਰਸਵਤੀ ਕੋਲ ਸੁਰ, ਲੈਅ, ਤਾਲ, ਵੀਣਾ, ਰਿਦਮ, ਧੁਨੀਆਂ ਅਤੇ ਸ਼ਬਦ ਹਨ। ਅਸਲ ਵਿੱਚ ਇਹ ਸ਼ਬਦ ਹੀ ਹਨ, ਜੋ ਮਨੁੱਖ ਨੂੰ ਪ੍ਰਕਿਰਤੀ ਵਿੱਚੋਂ ਸਭਿਅਤਾ (Culture) ਵਿੱਚ ਲੈ ਕੇ ਆਏ ਹਨ। ਇਹ ਤੇਰੀ ਮਾਤਾ ਹੈ। ਇਹ ਤੇਰਾ ਪਿਤਾ ਹੈ। ਇਹ ਤੇਰਾ ਭਰਾ ਹੈ। ਇਹ ਤੇਰੀ ਭੈਣ ਹੈ। ਮਨੁੱਖ ਨੂੰ ਇਹ ਸਾਰੀ ਸੋਝੀ ਸ਼ਬਦ ਤੋਂ ਹੀ ਪ੍ਰਾਪਤ ਹੋਈ ਹੈ।

ਸਮੁੱਚੀ ਮਾਨਵਤਾ ਲਈ ਸ਼ਬਦ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ। ਅਧਿਆਪਕ ਲਈ, ਵਿਦਿਆਰਥੀਆਂ ਲਈ, ਸਾਇੰਸਦਾਨ ਲਈ, ਕਵੀ ਲਈ, ਕਹਾਣੀਕਾਰ ਲਈ ਸ਼ਬਦ ਦੀ ਬਹੁਤ ਅਹਿਮੀਅਤ ਹੈ। ਸ਼ਬਦ ਸਾਡੀ ਮਾਨਸਿਕਤਾ ਨੂੰ ਬਦਲ ਦਿੰਦੇ ਹਨ। ਸ਼ਬਦ ਸਾਡੀ ਸੁਰਤ ਨੂੰ ਸੁਆਰਦੇ ਹਨ। ਸ੍ਰੀ ਗੁਰੂ ਨਾਨਕ ਸਾਹਿਬ ਲਿਖਦੇ ਹਨ –

ਮੈ ਨੀਚ ਹੀਣ ਮਤਿ ਵਾਲਾ॥
ਤੂ ਸਬਦ ਸਵਾਰਣਹਾਰਾ॥

ਇਸ ਮੌਕੇ ਉਨ੍ਹਾਂ ਆਪਣੇ ਨਿੱਜੀ ਜੀਵਨ ਵਿੱਚੋਂ ਉਦਾਹਰਣਾਂ ਦੇ ਕੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿਦਿਆਰਥੀਆਂ ਨੂੰ ਜਿੰਨੀਆਂ ਵੱਧ ਸਹੂਲਤਾਂ ਮਾਪਿਆਂ ਵੱਲੋਂ ਦਿੱਤੀਆਂ ਜਾ ਰਹੀਆਂ ਹਨ, ਉਹ ਆਪਣੀ ਪੜ੍ਹਾਈ ਪ੍ਰਤੀ, ਅਧਿਆਪਕਾਂ ਪ੍ਰਤੀ, ਆਪਣੇ ਮਾਪਿਆਂ ਪ੍ਰਤੀ, ਸਮਾਜ ਪ੍ਰਤੀ, ਆਪਣੇ ਫ਼ਰਜ਼ਾਂ ਪ੍ਰਤੀ ਉੱਨੇ ਹੀ ਅਵੇਸਲੇ ਹੋ ਰਹੇ ਹਨ। ਅੱਜ ਵਿਦਿਆਰਥੀਆਂ ਕੋਲ ਸਾਧਨ ਤਾਂ ਬਹੁਤ ਹਨ, ਪਰੰਤੂ ਸਾਧਨਾ ਨਹੀਂ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ, ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਸੰਸਾਰ ਪ੍ਰਸਿੱਧ ਲੇਖਕ ਰਸੂਲ ਹਮਜ਼ਾਤੋਵ ਦੇ ਜੀਵਨ ਸੰਘਰਸ਼ ਤੋਂ ਪ੍ਰੇਰਨਾ ਲੈਂਦੇ ਹੋਏ ਹਮੇਸ਼ਾ ਦ੍ਰਿੜ੍ਹਤਾ, ਹੌਂਸਲੇ, ਲਗਨ, ਸਿਰੜ ਨਾਲ ਮਿਹਨਤ ਕਰਦੇ ਹੋਏ ਆਪਣਾ, ਆਪਣੇ ਅਧਿਆਪਕਾਂ ਦਾ, ਮਾਪਿਆਂ ਦਾ, ਪਿੰਡ/ਸ਼ਹਿਰ ਦਾ, ਦੇਸ਼ ਦਾ ਨਾਂ ਉੱਚਾ ਕਰਨ ਦਾ ਸੁਨੇਹਾ ਦਿੱਤਾ। ਅੰਤ ਵਿੱਚ ਉਨ੍ਹਾਂ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿੱਜਦਾ ਕਰਦੇ ਹੋਏ ਕਿਹਾ ਕਿ ਮੇਰੀ ਦਿਲੀ ਦੁਆ ਹੈ ਕਿ ਸਾਹਿਬਜ਼ਾਦਿਆਂ ਦੀ ਕੁਰਬਾਨੀਆਂ ਭਰੇ ਇਤਿਹਾਸ ਦੇ ਭਾਵ ਤੁਹਾਡੇ ਦਿਲ, ਦਿਮਾਗ ਅਤੇ ਅੱਖਾਂ ਵਿੱਚ ਵਸਣ ਅਤੇ ਤੁਸੀਂ ਹਮੇਸ਼ਾ ਆਪਣੇ ਇਸ ਮਹਾਨ ਵਿਰਸੇ ਨਾਲ ਜੁੜੇ ਰਹੋ।

ਅੰਤ ਵਿੱਚ ਸਕੂਲ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਜੇਕਰ ਤੁਸੀਂ ਡਾਕਟਰ ਸਿੰਘ ਦੀਆਂ ਗੱਲਾਂ 'ਤੇ ਅਮਲ ਕਰਕੇ ਆਪਣੇ ਜੀਵਨ ਵਿੱਚ ਸਮੇਂ ਦੇ ਪਾਬੰਦ ਹੋ ਕੇ ਚੱਲੋਗੇ ਤਾਂ ਨਿਸ਼ਚੇ ਹੀ ਤੁਹਾਡਾ ਭਵਿੱਖ ਉੱਜਵਲ ਹੋਵੇਗਾ। ਉਨ੍ਹਾਂ ਡਾ. ਇਕਬਾਲ ਸਿੰਘ ਦਾ ਵਿਦਿਆਰਥੀਆਂ ਨਾਲ ਚੰਗੀ ਜੀਵਨ ਜਾਚ ਵਾਲੀਆਂ ਗੱਲਾਂ ਸਾਂਝੀਆਂ ਕਰਨ ਲਈ ਧੰਨਵਾਦ ਕੀਤਾ।

ਲਾਭ ਸਿੰਘ, ਪ੍ਰਿੰਸੀਪਲ
7814800425

# ਸਾਹਿਬਜ਼ਾਦਿਆਂ ਦੀ ਸ਼ਹਾਦਤ

## (ਇਤਿਹਾਸਿਕ ਪਿਛੋਕੜ ਦੇ ਪ੍ਰਸੰਗ ਵਿੱਚ)



ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ ਇਤਿਹਾਸ ਵਿੱਚ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨਾਲ ਸੰਸਾਰ ਵਿੱਚ ਵਿਆਪਕ ਪੱਧਰ ਤੇ ਨਾ ਕੇਵਲ ਨਿਵੇਕਲੇ ਸੰਵਾਦ ਦੀ ਸ਼ੁਰੂਆਤ ਹੋਈ, ਸਗੋਂ ਸੰਸਾਰ ਦੇ ਬਾਕੀ ਧਰਮਾਂ ਦੇ ਮੁਕਾਬਲਤਨ ਸਿੱਖ ਧਰਮ ਦੇ ਦਰਸ਼ਨ ਨੂੰ ਸਾਹਵੇਂ ਰੱਖਕੇ ਇਸ ਦੀ ਪਛਾਣ ਵੀ ਨਿਸ਼ਚਿਤ ਹੋਣੀ ਸ਼ੁਰੂ ਹੋ ਗਈ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆ ਦੀ ਲਾਸਾਨੀ ਕੁਰਬਾਨੀ ਨੇ ਸ਼ਹਾਦਤ ਦੀ ਪੂਰਵਲੀ ਧਾਰਨਾ ਨੂੰ ਨਵੇਂ ਸਿਰਿਓਂ ਸਮਝਣ ਅਤੇ ਵਿਸ਼ਲੇਸ਼ਣ ਦਾ ਇੱਕ ਅਜਿਹਾ ਤਰਕ ਪੈਦਾ ਕੀਤਾ ਜਿਸ ਨਾਲ ਗੈਰ-ਸਿੱਖ ਸਮਾਜਾਂ ਦੇ ਲੋਕਾਂ ਦੇ ਦਿਲ ਵੀ ਵਲੂੰਧਰੇ ਗਏ। ਇਸ ਵਿੱਚ ਹਜ਼ਾਰਾਂ ਉਹ ਸਿੱਖ ਸਾਧਕ ਵੀ ਸ਼ਾਮਿਲ ਹਨ ਜਿਹੜੇ ਅਨੇਕਾਂ ਜੰਗਾਂ ਵਿੱਚ ਜ਼ਾਲਿਮ ਮੁਗ਼ਲ ਸਾਮਰਾਜ ਦੇ ਖਿਲਾਫ਼ ਲੜਦੇ ਹੋਏ ਸ਼ਹੀਦ ਹੋਏ।

ਇਸ ਸਿਲਸਿਲੇ ਵਿੱਚ ਸਭ ਤੋਂ ਵਧੇਰੇ ਦਿਲ ਹਿਲਾ ਦੇਣ ਵਾਲੀ ਸਾਹਿਬਜ਼ਾਦਿਆਂ ਦੀ ਸਰਹਿੰਦ ਵਿਖੇ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰ ਦੇਣ ਵਾਲੀ ਘਟਨਾ ਹੈ ਜਿੱਥੇ ਠੰਢੇ ਬੁਰਜ ਵਿੱਚ ਜ਼ਾਲਿਮ ਹਕੂਮਤ ਦੇ ਮਾਨਸਿਕ ਅਤੇ ਸਰੀਰਕ ਅਤਿਆਚਾਰ ਸਹਿਣ ਕਰਦੀ ਹੋਈ ਮਾਤਾ ਗੁਜਰੀ ਬ੍ਰਹਮਲੀਨ ਹੋ ਗਈ। ਜਿਸਨੇ ਆਪਣੇ ਹੱਥੀਂ ਤੋਰੇ ਸ਼ਾਹਿਬਜਾਦਿਆਂ ਦੀ ਵਜ਼ੀਰ ਖਾਨ ਦੀ ਕਚਹਿਰੀ ਵਿੱਚ ਹੋਈ ਸ਼ਹੀਦੀ ਨੂੰ ਸਹਿਣ ਕਰਦਿਆਂ ਅਕਾਲਪੁਰਖ ਦਾ ਸ਼ੁਕਰਾਨਾ ਅਦਾ ਕੀਤਾ।

ਸਾਡੇ ਲਈ ਇਸ ਦੁਖਾਂਤਕ ਵਰਤਾਰੇ ਨੂੰ ਇਤਿਹਾਸਿਕ ਪੱਖੋਂ ਸਮਝਣਾ ਇਸ ਲਈ ਜ਼ਰੂਰੀ ਹੈ ਕਿ ਸਰਸਾ ਨਦੀ ਤੇ ਪਏ ਵਿਛੋੜੇ ਦੇ ਧਾਰਮਿਕ ਅਤੇ ਰਾਜਨੀਤਿਕ ਕਿਹੜੇ ਸਨ, ਉਹ ਕਿਹੜੇ ਹਾਲਾਤ ਸਨ ਜਿਨ੍ਹਾਂ ਦੇ ਚਲਦਿਆਂ ਗੁਰੂ ਗੋਬਿੰਦ ਸਿੰਘ ਨੂੰ ਆਨੰਦਪੁਰ ਸਾਹਿਬ ਦਾ ਕਿਲਾ ਖਾਲੀ ਕਰਨਾ ਪਿਆ। ਚਮਕੌਰ ਦੀ ਕੱਚੀ ਗੜ੍ਹੀ 'ਚ ਅਨੇਕਾਂ ਸਿੰਘਾਂ ਸਮੇਤ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੰਗ ਵਿੱਚ ਸ਼ਹੀਦ ਕਰਨੇ ਪਏ ਆਖ਼ਰ 'ਚ ਗੜ੍ਹੀ ਨੂੰ ਖਾਲੀ ਕਰਕੇ ਮਾਛੀਵਾੜੇ ਦੇ ਜੰਗਲਾਂ ਵਲ ਜਾਣਾ ਪਿਆ। ਇਸ ਸਾਕੇ ਦੀ ਸੰਖੇਪ ਜਾਣਕਾਰੀ ਦੇਣ ਦਾ ਸਾਡਾ ਮਨੋਰਥ ਇਸ ਪੁਸਤਕ 'ਚ ਸੰਕਲਿਤ ਸਵਾਲਾਂ ਨੂੰ ਸਮਝਣਾ ਹੈ ਜਿਸ ਨਾਲ ਵਿਸ਼ੇਸ਼ ਵਿਦਿਆਰਥੀ ਵਰਗ ਸਿੱਖੀ ਦੀ ਧਾਰਮਿਕ ਵਿਰਾਸਤ ਤੋਂ ਜਾਣੂੰ ਹੋ ਸਕੇ।



ਗੁਰਮੀਤ ਸਿੰਘ
ਕੱਲਰਮਾਜਰੀ (ਡਾ.)

ਗੁਰੂ ਗੋਬਿੰਦ ਸਿੰਘ ਜੀ 1699 ਈ. ਦੀ ਵਿਸਾਖੀ ਵਾਲੇ ਦਿਨ ਖਾਲਸੇ ਦੀ ਸਾਜਨਾ ਕਰਕੇ ਪੰਜਾਬ ਦੇ ਇਤਿਹਾਸ ਨੂੰ ਮੁੱਢੋਂ ਹੀ ਬਦਲ ਦਿੱਤਾ। ਖਾਲਸੇ ਦੀ ਸਾਜਨਾ ਦਾ ਭਾਵ ਇੱਕ ਆਪਣੀ ਹੀ ਕਿਸਮ ਦਾ "ਖਾਲਸਈ ਗਣਤੰਤਰ" ਸਥਾਪਿਤ ਹੋ ਗਿਆ। ਇਸ ਗਣਤੰਤਰ ਦੀ ਸਥਾਪਨਾਂ ਨੂੰ ਮੁਗਲ ਅਤੇ ਪਹਾੜੀ ਰਾਜੇ ਸਹਿਣ ਨਾ ਕਰ ਸਕੇ। 1681 ਦੇ ਅੱਧ ਵਿੱਚ ਨਿਜ਼ਾਮੁਦੀਨ ਅਹਿਮਦ ਨੂੰ ਸਰਹਿੰਦਾ ਦਾ ਫੌਜਦਾਰ ਨਿਯੁਕਤ ਕੀਤਾ ਗਿਆ ਉਸ ਤੋਂ ਬਾਅਦ ਵਜ਼ੀਰ ਖਾਨ ਸਰਹਿੰਦ ਦਾ ਸੂਬੇਦਾਰ ਬਣਿਆ। ਸਰਹਿੰਦ ਦਾ ਹਰ ਇੱਕ ਫੌਜਦਾਰ ਸਿੱਖਾਂ ਦਾ ਵਿਰੋਧੀ ਰਿਹਾ। ਇਸ ਦੇ ਧਾਰਮਿਕ ਕਾਰਣ ਹਨ। ਰੋਜ਼ਾ ਸਰੀਫ ਮੁਸਲਮਾਨਾਂ ਦਾ ਧਾਰਮਿਕ ਕੇਂਦਰ ਰਿਹਾ ਹੈ, ਇਸ ਦੀ ਸਥਾਪਨਾ ਕੱਟੜ ਸੁੰਨੀ ਮੁਸਲਮਾਨ ਮੁਜੱਦਦ ਅਲਫ਼ ਸਾਨੀ ਸਿੱਖਾਂ ਨਾਲ ਖਾਰ ਖਾਂਦਾ ਸੀ ਜਿਸ ਦੇ ਪ੍ਰਭਾਵ ਵਿੱਚ ਸਰਹਿੰਦ ਦਾ ਹਰ ਇਕ ਫ਼ੌਜਦਾਰ ਰਹਿੰਦਾ ਸੀ। ਇਸ ਦੇ ਸਮਾਂਤਰ ਪਹਾੜੀ ਰਿਆਸਤਾਂ ਭਾਵੇਂ ਮੁਗਲ ਸਾਮਰਾਜ ਦੇ ਅਧੀਨ ਸਨ, ਪ੍ਰੰਤੂ ਅੰਦਰੂਨੀ ਪੱਧਰ ਤੇ ਸੁਤੰਤਰ ਵੀ ਸਨ। ਇਹਨਾਂ ਕੋਲ ਆਪਣੀ ਹੀ ਪੈਦਲ ਸੈਨਾ ਹੁੰਦੀ ਸੀ ਜਿਸ ਵਿੱਚ ਉਪਰਲੇ ਵਰਗਾਂ ਦੇ ਲੋਕ ਰਾਜਪੂਤ ਅਤੇ ਖਤਰੀ ਹੀ ਸੈਨਾ ਵਿੱਚ ਭਰਤੀ ਹੁੰਦੇ ਸਨ। ਬਾਕੀ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਸੈਨਾ ਵਿੱਚ ਭਰਤੀ ਨਹੀਂ ਸੀ ਕੀਤ ਜਾਂਦਾ। ਜਦੋਂ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਿਰਜਣਾ ਸਮੇਂ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਬ੍ਰਾਬਰੀ ਦਾ ਸਮਾਜ ਸਿਰਜਿਆ ਤਾਂ ਉਸ ਦਾ ਵਿਰੋਧ ਸਹਿਜ ਹੀ ਪਹਾੜੀ ਰਿਆਸਤਾਂ ਦੇ ਰਾਜਿਆਂ (ਜਿਨ੍ਹਾਂ ਨੂੰ ਬਾਈ ਧਾਰ ਦੇ ਰਾਜੇ ਕਿਹਾ ਜਾਂਦਾ ਸੀ) ਅਤੇ ਮੁਗਲਾਂ ਨੇ ਕੀਤਾ। ਉਂਝ ਗੁਰੂ ਸਾਹਿਬ ਦੇ ਸੰਬੰਧ ਕਈ ਪਹਾੜੀ ਰਾਜਿਆਂ ਨਾਲ ਚੰਗੇ ਵੀ ਸਨ ਤੇ ਮੁਗ਼ਲ ਬਾਦਸ਼ਾਹਾਂ ਨਾਲ ਵੀ। ਦਰਅਸਲ ਜੇਕਰ ਇਸ ਘਟਨਾ ਨੂੰ ਰਾਜਨੀਤਿਕ ਦ੍ਰਿਸ਼ਟੀ ਤੋਂ ਵੇਖਣਾ ਹੋਵੇ ਤਾਂ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਮੁਗਲ ਰਾਜ ਵਿੱਚ ਇਹ ਨਿਰੋਲ ਧਾਰਮਿਕ ਸੁਤੰਤਰਤਾ ਸੀ ਜਿਹੜੀ ਉਸ ਵੇਲੇ ਦੇ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਨੂੰ ਉੱਕਾ ਈ ਨਹੀਂ ਸੀ ਭਾਉਂਦੀ, ਕਿਉਂਕਿ ਆਨੰਦਪੁਰ ਸਾਹਿਬ (ਰੋਪੜ) ਸਰਹਿੰਦ ਦੇ ਰਾਜ ਅਧੀਨ ਆਉਂਦਾ ਸੀ। ਦੂਸਰਾ ਅਹਿਮ ਪਹਿਲੂ ਸੀ ਅੰਮ੍ਰਿਤ ਧਾਰੀ ਸਿੱਖ ਲਈ ਜ਼ਰੂਰੀ ਸੀ, ਕ੍ਰਿਪਾਲ ਪਹਿਨਣੀ। ਜਿਸ ਦਾ ਸਿੱਧਾ ਅਰਥ ਸੀ ਹਥਿਆਰਬੰਦ ਸੰਘਰਸ਼ ਦੀ ਤਿਆਰੀ। ਇਸ ਦੇ ਨਾਲ ਹੀ ਖ਼ਾਲਸੇ ਦੀ ਪਹਾੜੀ ਰਾਜਿਆਂ ਨਾਲ ਲਗਾਤਾਰ ਲੜਾਈਆਂ ਨੇ ਗੁਰੂ ਗੋਬਿੰਦ ਸਿੰਘ ਦੀ ਉਸ ਵਕਤ ਇੱਕ ਵੱਖਰੀ ਪਛਾਣ ਕਾਰਣ ਇਹ ਸਾਬਿਤ ਕਰ ਦਿੱਤਾ ਜ਼ੁਲਮ ਅਤੇ ਜ਼ਬਰ ਦੇ ਖਿਲਾਫ਼ ਲੜਨ ਵਾਲੇ ਆਨੰਦਪੁਰ ਸਾਹਿਬ ਇੱਕਠੇ ਹੋਣੇ ਸ਼ੁਰੂ ਹੋ ਰਹੇ ਸਨ।

ਨਤੀਜੇ ਵਜੋਂ ਕਹਿਲੂਰ ਦੇ ਰਾਜਾ ਅਜਮੇਰ ਚੰਦ ਜਿਹੜਾ ਗੁਰੂ ਘਰ ਦਾ ਮੁੱਖ ਵਿਰੋਧੀ ਸੀ ਉਸਨੇ ਰਾਜਾ ਹਿਡੂੰਰ ਦੀ ਸੈਨਾ ਨਾਲ ਰਲ ਕੇ ਆਨੰਦਪੁਰ ਸਾਹਿਬ ਨੂੰ ਘੇਰ ਲਿਆ। ਆਨੰਦਪੁਰ ਸਾਹਿਬ ਦੀ ਇਹ ਪਹਿਲੀ ਲੜਾਈ 31 ਅਗਸਤ ਅਤੇ ਇੱਕ ਸਤੰਬਰ, 1700 ਈਸਵੀ ਨੂੰ ਲੜੀ ਗਈ ਜਿਸ ਵਿੱਚ ਪਹਾੜੀ ਰਾਜਿਆਂ ਨੇ ਹਾਰ ਮੰਨ ਲਈ। ਪ੍ਰੰਤੂ ਪਹਾੜੀ ਰਾਜਿਆਂ ਦੇ ਕਹਿਣ ਤੇ ਕਿ ਗੁਰੂ ਜੀ ਇਕ ਵਾਰ ਆਨੰਦਪੁਰ ਸਾਹਿਬ ਨੂੰ ਛਡ ਕੇ ਕਿਤੇ ਚਲੇ ਜਾਣ, ਉਹ ਵਾਪਿਸ ਕਿਲਾ ਛਡ ਕੇ ਚਲੇ ਜਾਣਗੇ। ਗੁਰੂ ਜੀ ਨੇ ਉਹਨਾਂ ਦੀ ਗੱਲ ਮੰਨ ਕੇ ਆਪਣੀ ਠਾਹਰ ਨਿਰਮੋਹ ਗੜ੍ਹ ਕਰ ਲਈ ਪ੍ਰੰਤੂ ਪਿੱਛੋਂ ਪਹਾੜੀ ਰਾਜਿਆਂ ਨੇ ਆਪਣਾ ਵਾਅਦਾ ਤੋੜ ਕੇ ਅਨੰਦਪੁਰ ਸਾਹਿਬ ਤੇ ਹਮਲਾ ਅਤੇ ਹਮਲਾ ਕਰਕੇ ਉਸ ਨੂੰ ਲੁੱਟ ਲਿਆ।

ਇਉਂ ਪਹਾੜੀ ਰਾਜਿਆਂ ਨਾਲ ਪਹਿਲੀ ਲੜਾਈ 31 ਅਗਸਤ ਅਤੇ 1 ਸਤੰਬਰ ਦਰਮਿਆਨ ਹੋਈ। ਪ੍ਰੰਤੂ 1700 ਈਸਵੀ ਤੋਂ ਦਸੰਬਰ 1704 ਤੱਕ ਗੁਰੂ ਸਾਹਿਬ ਦੀਆਂ ਅਨੇਕਾਂ ਲੜਾਈਆਂ ਪਹਾੜੀ ਰਾਜਿਆਂ ਨਾਲ ਹੋਈਆਂ। 1700 ਈਸਵੀ ਤੋਂ 1704 ਈਸਵੀ ਤੱਕ ਗੁਰੂ ਜੀ ਆਨੰਦਪੁਰ ਸਾਹਿਬ ਰਹੇ। ਆਪਣੀ ਸੁਰੱਖਿਆ ਪ੍ਰਣਾਲੀ ਮਜ਼ਬੂਤ ਕੀਤੀ। ਅਨੰਦਪੁਰ ਦੇ ਆਲੇ ਦੁਆਲੇ ਛੇ ਕਿਲੇ ਬਣਵਾਏ ਜਿਨ੍ਹਾਂ ਵਿੱਚ ਕਿਲਾ ਆਨੰਦਗੜ੍ਹ ਸਾਹਿਬ ਖਾਸ ਕਿਲਾ ਤਖ਼ਤ ਸ੍ਰੀ ਕੇਸਗੜ੍ਹ ਕਿਲਾ ਲੋਹਗੜ੍ਹ ਸਾਹਿਬ, ਕਿਲਾ ਹੋਲਗੜ੍ਹ, ਕਿਲਾ ਫਤਿਹਗੜ੍ਹ ਸਾਹਿਬ ਤੇ ਕਿਲਾ ਤਾਰਾਗੜ੍ਹ ਛੇ ਕਿਲਿਆਂ ਦੀ ਸਥਾਪਨਾ ਨਾਲ ਇਹ ਵੀ ਐਲਾਨ ਕਰ ਦਿੱਤਾ ਗਿਆ ਕਿ ਖਾਲਸਾ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕਿਸੇ ਨੂੰ ਵੀ ਆਪਣਾ ਨੇਤਾ, ਗੁਰੂ ਜਾ ਪੀਰ ਨਹੀਂ ਮੰਨੇਗਾ। ਇਸ ਹੁਕਮ ਅਨੁਸਾਰ ਹਥਿਆਰਬੰਦ ਖਾਲਸਾ ਆਪਣੀ ਨਿਵੇਕਲੀ ਪੁਸ਼ਾਕ ਵਿੱਚ ਹਰ ਵੇਲੇ ਤਿਆਰ ਰਹਿੰਦਾ ਸੀ। ਜਿਸ ਨੇ ਪਹਾੜੀ ਰਾਜਿਆਂ ਦੇ ਦਿਲਾਂ ਵਿੱਚ ਬਲ਼ਦੀ ਉਪਰ ਤੇਲ ਦਾ ਕੰਮ ਕੀਤਾ। ਇਸ ਕਦਰ ਗੁਰੂ ਗੋਬਿੰਦ ਦੇ ਵਧਦੇ ਦਬਦਬੇ ਦੇ ਕਾਰਣ ਕਹਿਲੂਰ ਦੇ ਰਾਜੇ ਰਾਜਾ ਅਜਮੇਰ ਚੰਦ ਨੇ ਗੁਆਂਢੀ ਰਾਜਾਂ ਦੀ ਸੈਨਾ ਇਕੱਠੀ ਕਰਕੇ ਹਮਲਾਵਰੀ ਰੂਪ ਅਖਇਤਾਰ ਕਰ ਲਿਆ। ਇਉਂ 5 ਮਈ 1704 ਈਸਵੀ ਨੂੰ ਪਹਾੜੀ ਰਾਜਿਆਂ ਨੇ ਚਾਰੋਂ ਤਰਫ਼ ਤੋਂ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ।

ਗਹਿਗੱਚ ਲੜਾਈ 'ਚ ਜਦੋਂ ਖਾਲਸੇ ਨੇ ਕੇਸਗੜ੍ਹ ਸਾਹਿਬ ਤੋਂ ਤੋਪ ਚਲਾਈ ਤਾਂ ਪਹਾੜੀ ਰਾਜਿਆਂ ਦੇ ਪੈਰ ਹਿੱਲ ਗਏ ਕਿਉਂਕਿ ਉਹਨਾਂ ਕੋਲ ਮੁਕਾਬਲਾ ਕਰਨ ਲਈ ਸਿਰਫ ਪੈਦਲ ਤੇ ਘੋੜ ਸਵਾਰ ਸਿਪਾਹੀ ਹੀ ਸਨ। ਜਿਸ ਕਾਰਣ ਕਹਿਲੂਰ ਦੇ ਰਾਜੇ ਨੇ ਗੁਰੂ ਗੋਬਿੰਦ ਸਿੰਘ ਦੀ ਖ਼ਾਲਸਾ ਫੌਜ ਦਾ ਮੁਕਾਬਲਾ ਕਰਨ ਲਈ ਸਰਹਿੰਦ, ਲਾਹੌਰ ਅਤੇ ਜੰਮੂ ਦੇ ਮੁਗ਼ਲ ਸਰਦਾਰਾਂ ਕੋਲੋਂ ਵੀ ਸੈਨਾ ਦੀ ਮੰਗ ਕੀਤੀ। ਆਨੰਦਪੁਰ ਦੇ ਕਿਲੇ ਨੂੰ ਰਸਦ ਪਾਣੀ ਅਤੇ ਹੋਰ ਲੋੜੀਂਦੀਆਂ ਵਸਤਾਂ ਲਈ ਸਾਰੇ ਰਾਹ ਬੰਦ ਕਰ ਦਿੱਤੇ। ਪਾਣੀ ਦੇ ਮੁਖ ਸਰੋਤ ਦਰਿਆ ਉੱਪਰ ਵੀ ਪਹਾੜੀ ਰਾਜਿਆਂ ਦੀਆਂ ਫੌਜਾਂ ਕਾਬਜ਼ ਹੋ ਗਈਆਂ। ਅਜਿਹੀ ਦੁਸ਼ਬਾਰ ਸਥਿਤੀ ਵਿਚ ਆਨੰਦਪੁਰ ਦੇ ਲੋਕਾਂ ਅਤੇ ਵੱਡੀ ਗਿਣਤੀ 'ਚ ਖ਼ਾਲਸਾ ਫੌਜ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਸਾਨੂੰ ਆਨੰਦਪੁਰ ਸਾਹਿਬ ਦੇ ਕਿਲੇ ਨੂੰ ਖਾਲੀ ਕਰ ਦੇਦਾ ਚਾਹੀਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਦੀ ਗੱਲ ਮੰਨ ਕੇ ਲੋੜੀਂਦਾ ਖਾਣ ਜੋਗਾ ਅਨਾਜ ਗੱਡਿਆਂ ਉਪਰ ਚੁੱਕ ਕੇ 5-6 ਦਸੰਬਰ 1704 ਦੀ ਰਾਤ ਨੂੰ ਕਿਲਾ ਖਾਲੀ ਕਰਕੇ ਰੋਪੜ ਵੱਲ ਰਵਾਨਗੀ ਪਾ ਦਿੱਤੀ।

ਇਸ ਸਮੇਂ ਤੱਕ ਗੁਰੂ ਗੋਬਿੰਦ ਸਿੰਘ ਨੇ 38 ਕੁ ਸਾਲ ਦੀ ਉਮਰ ਵਿੱਚ ਸਾਹਿਤਕ, ਧਾਰਮਿਕ ਅਤੇ ਰਾਜਨੀਤਿਕ ਖੇਤਰ ਵਿੱਚ ਐਨੀਆਂ ਜਿੱਤਾਂ ਪ੍ਰਾਪਤ ਕੀਤੀਆਂ ਕਿ ਉਹਨਾਂ ਦੇ ਵੇਰਵੇ ਚਕ੍ਰਿਤ ਕਰਨ ਵਾਲੇ ਹਨ।

ਗੁਰੂ ਜੀ ਦੇ ਜੀਵਨ ਦੀ ਇਹ ਵਚਿੱਤਰਤਾ ਅਤੇ ਵਿਸ਼ਾਲਤਾ ਉਮਰ ਦੇ ਐਨੇ ਛੋਟੇ ਪੈਂਡੇ ਵਿੱਚ ਸੰਸਾਰ ਸਾਹਮਣੇ ਦ੍ਰਿਸ਼ਟੀਗੋਚਰ ਹੋਈ ਹੈ। ਉਹਨਾਂ ਦੇ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਔਰੰਗਜ਼ੇਬ ਨਾਲ ਉਹਨਾਂ ਦੇ ਸਬੰਧ ਤਣਾਓਪੂਰਣ ਰਹੇ। ਪ੍ਰੰਤੂ ਹਿੰਦੂ ਰਾਜਿਆਂ 'ਚੋਂ ਕਹਿਲੂਰ ਦੀ ਰਿਆਸਤ ਨਾਲ ਵੀ ਉਨੇ ਹੀ ਗੁੰਝਲਦਾਰ ਸਬੰਧਾਂ 'ਚੋਂ ਗੁਰੂ ਜੀ ਨੂੰ ਗੁਜ਼ਰਨਾ ਪਿਆ ਹਾਲਾਂਕਿ ਉਸ ਸਮੇਂ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਹਿੰਦੂ ਸਮਾਜ ਦੀ ਹੋਂਦ ਅਤੇ ਮਨੁੱਖੀ ਸੁਤੰਤਰਤਾ ਲਈ ਹੋਈ। ਪ੍ਰੰਤੂ ਗੁਰੂ ਗੋਬਿੰਦ ਸਿੰਘ ਦੀਆਂ ਸਭ ਤੋਂ ਜ਼ਿਆਦਾ ਲੜਾਈਆਂ ਹਿੰਦੂ ਰਾਜਿਆਂ ਨਾਲ ਹੀ ਹੋਈਆਂ। ਬੇਸ਼ੱਕ ਗੁਰੂ ਜੀ ਦਾ ਉਸ ਵਕਤ ਦੇ ਬਾਦਸ਼ਾਹ ਔਰੰਗਜ਼ੇਬ ਨਾਲ ਰਾਬਤਾ ਲਗਾਤਾਰ ਹੁੰਦਾ ਰਿਹਾ ਸੀ, ਪ੍ਰੰਤੂ ਇਸ ਦੇ ਬਾਵਜੂਦ ਆਨੰਦਪੁਰ ਸਾਹਿਬ ਦਾ ਕਿਲਾ ਛੱਡਣ ਵੇਲੇ ਤੋਂ ਲੈਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੱਕ ਸਭ ਤੋਂ ਜ਼ਿਆਦਾ ਜਾਨੀ ਮਾਲੀ ਨੁਕਸਾਨ ਗੁਰੂ ਘਰ ਨੂੰ ਹੀ ਸਹਿਣ ਕਰਨਾ ਪਿਆ ਜਿਸ ਵਿੱਚ ਪਹਾੜੀ ਰਾਜਿਆਂ ਦਾ ਰੋਲ ਮੁਗਲ ਸਾਮਰਾਜ ਦੇ ਹੱਕ 'ਚ ਹੀ ਭੁਗਤਦਾ ਰਿਹਾ। ਇਹ ਤੱਥ ਵੀ ਮਹੱਤਵਪੂਰਣ ਹੈ ਕਿ ਔਰੰਗਜ਼ੇਬ ਦੇ ਉਤਰਾਅਧਿਕਾਰੀ ਬਹਾਦੁਰ ਸ਼ਾਹ ਨੇ ਬਾਦਸ਼ਾਹ ਬਣਨ ਤੋਂ ਪਹਿਲਾਂ ਹੀ ਗੁਰੂ ਜੀ ਨਾਲ ਸ਼ਰਧਾ ਵਾਲਾ ਸੰਬੰਧ ਰੱਖਿਆ ਹੋਇਆ ਸੀ, ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਦੇ 42 ਕੁ ਸਾਲ ਦੀ ਉਮਰ 'ਚ ਇਸ ਸੰਸਾਰ ਨੂੰ ਤਿਆਗਣ ਨਾਲ ਸਿੱਖ ਧਰਮ ਦੇ ਇਸ ਸੁਨਹਿਰੇ ਕਾਲ ਦਾ ਅੰਤ ਹੋ ਗਿਆ।

ਆਨੰਦਪੁਰ ਸਾਹਿਬ ਦੇ ਕਿਲੇ ਨੂੰ ਛੱਡਣ ਉਪਰੰਤ ਗੁਰੂ ਜੀ ਨੂੰ ਅਤਿਅੰਤ ਕਠਿਨਾਈਆਂ 'ਚੋਂ ਗੁਜ਼ਰਨਾ ਪਿਆ। ਸਰਸਾ ਨਦੀ ਤੇ ਪਰਿਵਾਰ ਵਿਛੜਨ ਦਾ ਦਰਦ ਸਮੁੱਚੀ ਸਿੱਖ ਕੌਮ ਦੇ ਦਿਲਾਂ 'ਚ ਅੱਜ ਵੀ ਕਾਇਮ ਹੈ। ਸਰਹਿੰਦ ਵਿੱਚ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਸ਼ਹਾਦਤ ਅਤਿਅੰਤ ਦਰਦ ਦੇ ਦਰਿਆ ਨੂੰ ਪਾਰ ਕੇ ਜਿਸ ਕਦਰ ਹੋਈ, ਉਸ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ।

ਆਨੰਦਪੁਰ ਸਾਹਿਬ ਦੇ ਕਿਲੇ ਨੂੰ ਛੱਡਣ ਦੀ ਪੰਜ-ਛੇ ਪੋਹ, 1761 ਬਿਕਰਮੀ (19-20 ਦਸੰਬਰ 1704) ਈਸਵੀ ਦੀ ਰਾਤ ਤੋਂ (13 ਪੋਹ 1761 ਬਿ.) 27 ਦਸੰਬਰ 1704 ਈ. ਨੂੰ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੇ ਸਸਕਾਰ ਹੋਣ ਤੱਕ ਦਾ ਇਹ ਸਮਾਂ ਜਿੰਨਾ ਨਾ ਭੁੱਲਣ ਯੋਗ ਅਤੇ ਦੁਖਦਾਈ ਰਿਹਾ ਉਸਨੇ ਸਿੱਖ ਕੌਮ ਦੀ ਸਮੁੱਚੀ ਤਕਦੀਰ ਹੀ ਬਦਲ ਕੇ ਰਖ ਦਿੱਤੀ। ਪ੍ਰਤੀਕਰਮ ਵਜੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਜਿਸ ਕਦਰ ਸਿੱਖ ਰਾਜ ਦੀ ਸਥਾਪਨਾ ਕਰਕੇ ਸੂਬਾ ਸਰਹਿੰਦ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਸਰਹਿੰਦ ਨੂੰ ਤਬਾਹ ਕੀਤਾ, ਉਹ ਸਿੱਖ ਇਤਿਹਾਸ ਦੇ ਗੌਰਵਸ਼ਾਲੀ ਪੰਨਿਆਂ 'ਚ ਸ਼ਾਮਿਲ ਹੋ ਗਿਆ ਹੈ।

ਆਨੰਦਪੁਰ ਨੂੰ ਖਾਲੀ ਕਰਨ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਫੌਰੀ ਕਈ ਫੈਸਲੇ ਕੀਤੇ। ਗੁਰਦੁਆਰਾ ਸੀਸ ਗੰਜ ਦੀ ਸੰਭਾਲ਼ ਦੀ ਜ਼ੁੰਮੇਵਾਰੀ ਗੁਰਬਖ਼ਸ ਦਾਸ ਉਦਾਸੀ ਨੂੰ ਸੌਂਪ ਦਿੱਤੀ ਸਭ ਤੋਂ ਪਹਿਲਾਂ ਸਾਰੇ ਪਰਿਵਾਰ ਨਾਲ ਮਾਤਾ ਗੁਜਰੀ ਨੂੰ ਭੇਜਿਆ। ਉਸ ਤੋਂ ਪਿਛੋਂ ਭਾਈ ਉਦੈ ਸਿੰਘ ਤੇ ਸਭ ਤੋਂ ਪਿੱਛੋਂ ਗੁਰੂ ਗੋਬਿੰਦ ਸਿੰਘ ਤੁਰੇ। ਉਸ ਤੋਂ ਪਹਿਲਾਂ ਭਾਈ ਸਾਹਿਬ ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਤੁਰੇ। ਨਿਰਮੋਹਗੜ੍ਹ ਦੇ ਕਿਲੇ ਕੋਲ ਪਹੁੰਚਦਿਆਂ ਹੀ ਪਹਾੜੀ ਰਾਜਿਆਂ ਨੇ ਵਾਅਦਾ ਤੋੜ ਕੇ ਪਿਛੋਂ ਹਮਲਾ ਕਰ ਦਿੱਤਾ। ਦਰਅਸਲ ਇਹੋ ਭਿਆਨਕ ਸਥਿਤੀ ਸੀ ਜਿਸ ਕਾਰਣ ਸਾਰਾ ਪਰਿਵਾਰ ਅਲੱਗ ਅਲੱਗ ਦਿਸ਼ਾਵਾਂ ਵੱਲ ਚਲਾ ਗਿਆ। ਇਸ ਦੇ ਨਾਲ ਹੀ ਚਮਕੌਰ ਦੀ ਗੜ੍ਹੀ ਦੀ ਜੰਗ ਹੋਈ ਤੇ ਸਾਕਾ ਸਰਹਿੰਦ ਵਾਪਰਿਆ। ਅਚਾਨਕ ਹਮਲੇ ਕਾਰਣ ਭਾਈ ਉਦੈ ਸਿੰਘ ਆਪਣੇ ਜਥੇ ਸਮੇਤ ਸ਼ਹੀਦ ਹੋ ਗਿਆ।

ਇਸ ਅਫ਼ਰਾਤਫ਼ਰੀ ਦੇ ਮਾਹੌਲ ਵਿੱਚ ਗੁਰੂ ਸਾਹਿਬ ਰੋਪੜ ਤੋਂ ਮਾਲਵੇ ਵੱਲ ਉਸ ਸਮੇਂ ਜਾਣ ਦੇ ਸਿੱਧੇ ਰਸਤੇ ਸਰਹਿੰਦ ਦੀ ਜਗਾਹ ਤੇ ਪਿੰਡਾਂ ਦੇ ਰਸਤੇ ਬੂਰਮਾਜਰੇ ਅਤੇ ਕੋਟਲੀ ਰਾਹੀਂ ਚਮਕੌਰ ਸਾਹਿਬ ਵੱਲ ਚਲੇ ਗਏ। ਕਿਉਂਕਿ ਆਨੰਦਪੁਰ ਦੇ ਕਿਲੇ ਦੀ ਘੇਰਾਬੰਦੀ 'ਚ ਪਹਾੜੀ ਫੌਜਾਂ ਦੇ ਨਾਲ ਨਵਾਬ ਸਰਹਿੰਦ ਦੀ ਸੈਨਾ ਵੀ ਸ਼ਾਮਿਲ ਸੀ। ਜਿਹੜੀ ਪਲ ਪਲ ਗੁਰੂ ਜੀ ਦੀਆਂ ਕਾਰਵਾਈਆਂ 'ਤੇ ਨਜ਼ਰ ਰੱਖ ਰਹੀ ਸੀ। ਗੁਰੂ ਜੀ ਦੇ ਚਮਕੌਰ ਸਾਹਿਬ ਵੱਲ ਜਾਣ ਸਮੇਂ ਵੱਡੇ ਸਾਹਿਬਜ਼ਾਦਿਆਂ ਸਮੇਤ 40 ਸਿੰਘ ਸਨ ਜਿਨ੍ਹਾਂ ਵਿੱਚ ਪੰਜ ਪਿਆਰਿਆਂ ਤੋਂ ਬਿਨਾ ਭਾਈ ਮਾਨ ਸਿੰਘ ਅਤੇ ਭਾਈ ਜੀਵਨ ਸਿੰਘ (ਭਾਈ ਜੈਤਾ) ਵੀ ਸਨ। ਗੁਰੂ ਜੀ ਦੇ ਚਮਕੌਰ ਵੱਲ ਜਾਣ ਦੀ ਖਬਰ ਸੂਬਾ ਸਰਹਿੰਦ ਕੋਲ ਪਹੁੰਚ ਗਈ ਸੀ ਇਸ ਕਾਰਣ ਉਹਨਾਂ ਨੇ ਚਮਕੌਰ ਦੀ ਕੱਚੀ ਗੜ੍ਹੀ ਨੂੰ ਚਾਰੋਂ-ਤਰਫ ਘੇਰ ਲਿਆ। ਚਮਕੌਰ ਦੀ ਜੰਗ ਵਿੱਚ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਉਪਰੰਤ ਗੁਰੂ ਜੀ ਦੋ ਸਿੰਘਾਂ ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਸਮੇਤ ਫੌਜ ਦੇ ਘੇਰੇ ਤੋਂ ਬਚ ਕੇ ਨਿਕਲਣ 'ਚ ਕਾਮਯਾਬ ਹੋ ਕੇ ਸੰਘਣੇ ਕਾਲੇ ਹਨੇਰੇ ਦੀ ਓਟ ਵਿੱਚ ਮਾਛੀਵਾੜੇ ਜੰਗਲ ਵਿੱਚ ਪਹੁੰਚ ਗਏ।

ਸਰਸਾ ਨਦੀ ਪਾਰ ਕਰਨ ਸਮੇਂ ਪਰਿਵਾਰ ਵਿੱਚ ਵਿਛੋੜਾ ਪੈ ਗਿਆ। ਵੱਡੇ ਸਾਹਿਬਜ਼ਾਦੇ ਗੁਰੂ ਜੀ ਦੇ ਨਾਲ ਹੀ ਸਰਸਾ ਨਦੀ ਪਾਰ ਕਰ ਗਏ ਅਤੇ ਚਮਕੌਰ ਦੀ ਜੰਗ ਵਿਚ ਦੋਵੇਂ ਵੱਡੇ ਸਾਹਿਬਜ਼ਾਦੇ ਸ਼ਹੀਦੀਆਂ ਪਾ ਗਏ।ਗੁਰੂ ਜੀ ਵੱਲੋਂ ਅਨੇਕਾਂ ਸਾਲਾਂ ਦੀ ਮਿਹਨਤ ਨਾਲ ਤਿਆਰ ਕੀਤੇ ਕਈ ਗ੍ਰੰਥ ਸਰਸਾ ਨਦੀ 'ਚ ਵਹਿ ਗਏ। ਪਰਿਵਾਰ ਨਾਲੋਂ ਵਿਛੜ ਕੇ ਮਾਤਾ ਸੁੰਦਰ ਕੌਰ ਜੀ, ਮਾਤਾ ਸਾਹਿਬ ਕੌਰ (ਸਾਹਿਬ ਦੇਵਾ), ਭਾਗੋ ਤੇ ਬੀਬੋ ਦੋਵੇਂ ਟਹਿਲਣਾਂ, ਭਾਈ ਮਨੀ ਸਿੰਘ, ਜਵਾਹਰ ਸਿੰਘ ਤੇ ਭਾਈ ਧੰਨਾ ਸਿੰਘ ਰੋਪੜ ਹੁੰਦੇ ਹੋਏ ਦਿੱਲੀ ਪਹੁੰਚ ਗਏ।

ਮਾਤਾ ਗੁਜਰੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਉਸ ਕਹਿਰ ਦੀ ਰਾਤ 'ਚ ਸਰਸਾ ਨੂੰ ਪਾਰ ਨਾ ਕਰ ਸਕੇ। ਉਹਨਾਂ ਦੇ ਨਾਲ ਇੱਕ ਸਿੰਘ ਵੀ ਸੀ ਤੇ ਇੱਕ ਦਾਸੀ ਵੀ, ਪ੍ਰੰਤੂ ਇਸ ਸੰਕਟ ਸਮੇਂ ਉਹ ਪਤਾ ਨਹੀਂ ਕਿਧਰ ਚਲੇ ਗਏ। ਪਿਛਲੇ ਦੋ ਦਿਲਾਂ ਤੋਂ ਪਹਾੜਾਂ 'ਚ ਮੀਂਹ ਕਾਰਨ ਸਰਸਾ 'ਚ ਹੜ੍ਹ ਆਇਆ ਹੋਇਆ ਸੀ। ਮਾਤਾ ਗੁਜਰੀ ਅਤੇ ਨਨ੍ਹੇ ਸਾਹਿਬਜ਼ਾਦੇ ਪਰਿਵਾਰ ਨਾਲੋਂ ਵਿਛੜ ਕੇ ਨਦੀ ਕਿਨਾਰੇ ਜਿਧਰ ਨੂੰ ਪਾਣੀ ਦਾ ਵਹਾ ਜਾਂਦਾ ਸੀ, ਨਾਲ ਨਾਲ ਚਲਣ ਲੱਗੇ। ਇਤਿਹਾਸ ਵਿੱਚ ਜ਼ਿਕਰ ਮਿਲਦਾ ਹੈ ਕਿ ਉਹਨਾਂ ਕੋਲ ਕੋਈ ਸੇਵਾਦਾਰ, ਦਾਸੀ, ਤੋਂ ਬਿਨਾਂ ਹੋਰ ਕੋਈ ਸਹਾਰਾ ਨਾ ਰਿਹਾ। ਇੱਕ ਖੱਚਰ ਤੇ ਇਕ ਖੁਰਜੀ ਜਿਸ ਵਿੱਚ ਲੋੜੀਂਦੇ ਖਰਚੇ ਲਈ ਕੁੱਝ ਮਾਇਆ ਸੀ।

ਰਸਤੇ ਸੇ ਭਟਕ ਗਏ ਨੰਨ੍ਹੇ ਸਵਾਰ ਥੇ।
ਤਕਤੇ ਪਿਤਾ ਕੋ ਚਾਰੋਂ ਤਰਫ ਬਾਰ ਬਾਰ ਥੇ।।
(ਅਲਾ ਯਾਰ ਖਾਂ ਯੋਗੀ)

ਸਰਸਾ ਅੱਗੋਂ ਦਰਿਆ ਦੇ ਵਹਿਣ 'ਚ ਰਲ਼ ਗਈ। ਜਿੱਥੇ ਜਾ ਕੇ ਰੁਕੇ ਉਹ ਪਿੰਡ ਚੱਕ ਢੇਰਾ ਪਿੰਡ ਦਾ ਪੱਤਣ ਸੀ।ਇਹ ਪਿੰਡ ਚੱਕ ਢੇਰਾ ਸਤਲੁਜ ਦਾ ਪੱਤਣ ਕਾਗਜ਼ਾਂ ਵਿੱਚ ਬਹੁਤ ਪੁਰਾਣਾ ਅਤੇ ਹੁਣ ਵੀ ਜਾਣਿਆ ਜਾਂਦਾ ਹੈ। ਇਸ ਨੂੰ ਸਤਲੁਜ ਅਤੇ ਸਰਸਾ ਦਾ ਕਿਨਾਰਾ ਵੀ ਕਿਹਾ ਜਾਂਦਾ ਹੈ। ਇਥੇ ਆ ਕੇ ਸਰਸਾ ਨਦੀ ਸਤਲੁਜ ਦਰਿਆ ਵਿੱਚ ਪੈ ਜਾਂਦੀ ਹੈ। ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਨੇ ਪਰਿਵਾਰ ਨਾਲੋਂ ਵਿਛੜ ਕੇ ਪਹਿਲੀ ਰਾਤ ਕੁੰਮੇਮਾਸ਼ਕੀ ਦੀ ਝੌਂਪੜੀ ਵਿੱਚ ਕੱਟੀ। ਉਹ ਥਾਂ ਪਿੰਡ ਚੱਕ ਢੇਰਾ ਵਾਲੇ ਪੱਤਣ ਵਾਲੀ ਹੀ ਸਤਲੁਜ ਕਿਨਾਰੇ ਹੈ। ਇਸ ਪੱਤਣ ਤੋਂ ਪੁਰਾਣਾ ਰਸਤਾ ਪਿੰਡ ਲੋਧੀਮਾਜਰੇ ਵਿਚ ਦੀ ਹੁੰਦਾ ਹੋਇਆ ਰੋਪੜ ਤੱਕ ਜਾਂਦਾ ਹੈ। ਨਦੀ ਕਿਨਾਰੇ ਮਾਤਾ ਨੇ ਇਕ ਝੌਂਪੜੀ ਵਿਚ ਜਗਦਾ ਦੀਵਾ ਵੇਖਿਆ ਤਾਂ ਨੰਨੀਆਂ ਜਿੰਦਾਂ ਸਮੇਤ ਉਹ ਝੌਂਪੜੀ ਵਿਚ ਚਲੇ ਗਏ। ਇਹ ਝੌਂਪੜੀ ਕੁੰਮੇਮਾਸ਼ਕੀ ਦੀ ਝੌਂਪੜੀ ਸੀ ਜਿਹੜਾ ਲੋਕਾਂ ਦੇ ਘਰਾਂ ਵਿਚ ਮਸ਼ਕ ਨਾਲ ਪਾਣੀ ਢੋਂਹਦਾ ਸੀ ਅਤੇ ਬੇੜੀ ਨਾਲ ਦਰਿਆ ਵੀ ਪਾਰ ਕਰਵਾਉਂਦਾ ਸੀ। ਕੁੰਮੇਮਾਸ਼ਕੀ ਦਾ ਨਾਂ ਪਹਿਲਾਂ ਕਰਮ ਚੰਦ ਸੀ। ਜ਼ਬਰਦਸਤੀ ਉਸ ਨੂੰ ਮੁਸਲਮਾਨ ਬਣਾ ਕੇ ਉਸ ਦਾ ਨਾਂ ਕਰੀਮ ਬਖਸ਼ ਰੱਖ ਦਿੱਤਾ ਗਿਆ। ਪਰ ਲੋਕ ਉਸ ਨੂੰ ਕੁੰਮੇਮਾਸ਼ਕੀ ਕਹਿ ਕੇ ਬੁਲਾਉਂਦੇ ਸਨ। ਕੁੰਮੇ ਨੇ ਨਗਰ ਵਿਚ ਜਾ ਕੇ ਮਾਈ ਲਛਮੀ ਕੋਲੋਂ ਪ੍ਰਸਾਦੇ ਲਿਆਂਦੇ ਜਿਹੜੀ ਬਹੁਤ ਧਰਮਾਤਮਾਂ ਔਰਤ ਸੀ ਲੋੜੀਂਦੇ ਕੱਪੜੇ ਲੀੜੇ ਵੀ ਉਹ ਮਾਤਾ ਗੁਜਰੀ ਅਤੇ ਬੱਚਿਆਂ ਲਈ ਲਿਆਇਆ। ਇਹ ਜਾਣਕੇ ਕਿ ਮਾਤਾ ਗੁਜਰੀ ਅਤੇ ਸਾਹਿਬਜ਼ਾਦੇ ਸੰਕਟ ਵਿਚ ਹਨ ਸਾਰੀ ਰਾਤ ਉਸ ਦੀ ਅੱਖ ਨਾ ਲੱਗੀ। 7 ਪੋਹ 1761 ਬਿ. 21 ਦਸੰਬਰ 1704 ਈਸਵੀ ਨੂੰ ਕੁੰਮੇਮਾਸ਼ਕੀ ਦੀ ਝੌਂਪੜੀ ਵਿਚ ਸਤਲੁਜ ਦਰਿਆ ਦੇ ਸਾਂਝੇ ਕਿਨਾਰੇ ਤੇ ਪਿੰਡ ਚੱਕ ਢੇਰਾ ਦੇ ਪੱਤਣ ਤੇ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਨੇ ਪਹਿਲੀ ਰਾਤ ਬਤੀਤ ਕੀਤੀ। ਜਿਥੇ ਅੱਜ ਕੱਲ੍ਹ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ।

ਸਵੇਰ ਹੋਣ ਤੇ ਮਾਈ ਲਛਮੀ ਝੌਂਪੜੀ ਪ੍ਰਸਾਦਾ ਪਾਣੀ ਲੈ ਕੇ ਆਈ। ਮਾਤਾ ਅਤੇ ਬੱਚਿਆਂ ਦੇ ਦਰਸ਼ਨ ਕਰਕੇ ਨਿਹਾਲ

(ਬਾਕੀ ਅਗਲੇ ਸਫੇ 'ਤੇ)

# ਧਾਰਾ 370- ਕੁਝ ਤੱਥ, ਕੁਝ ਸਵਾਲ



ਗੁਰਮੀਤ ਪਲਾਹੀ
91-98158-02070




ਸਾਡੇ ਦੇਸ਼ ਦਾ ਸੰਵਿਧਾਨ ਧਰਮ ਨਿਰਪੱਖਤਾ, ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ, ਪ੍ਰੈੱਸ ਦੀ ਆਜ਼ਾਦੀ, ਕਾਨੂੰਨ ਅਨੁਸਾਰ ਰਾਜ, ਕੇਂਦਰ ਤੇ ਸੂਬਿਆਂ ਦਰਮਿਆਨ ਅਧਿਕਾਰ ਖੇਤਰ ਦੀ ਵੰਡ, ਘੱਟ ਗਿਣਤੀਆਂ ਤੇ ਅਨੁਸੂਚਿਤ ਜਾਤੀਆਂ ਤੇ ਜਨ-ਜਾਤੀਆਂ ਦੇ ਅਧਿਕਾਰਾਂ ਦੀ ਰੱਖਿਆ, ਫੈਡਰਲਿਜ਼ਮ, ਰਾਜਪ-ਾਲਿਕਾ, ਵਿਧਾਨਪਾਲਿਕਾ, ਨਿਆਂ-ਪਾਲਿਕਾ ਦੀ ਆਜ਼ਾਦੀ, ਕੇਂਦਰੀ ਚੋਣ ਕਮਿਸ਼ਨ ਦੀ ਖੁਦਮੁਖਤਾਰੀ ਆਦਿ ਦੀ ਗੱਲ ਕਰਦਾ ਹੈ। ਪਿਛਲੇ ਕੁਝ ਸਮੇਂ ਤੋਂ ਦੇਸ਼ ਵਿੱਚ ਇੱਕ ਖਦਸ਼ਾ ਅਤੇ ਫ਼ਿਕਰ ਹੈ। ਉਹ ਫ਼ਿਕਰ ਇਹ ਕਿ ਜੇਕਰ ਦੇਸ਼ ਵਿੱਚ ਕੋਈ ਸਿਆਸੀ ਧਿਰ ਸੰਸਦ ਵਿੱਚ ਅਥਾਹ ਤਾਕਤ ਪ੍ਰਾਪਤ ਕਰ ਲੈਂਦੀ ਹੈ ਤਾਂ ਕੀ ਉਹ ਸੰਵਿਧਾਨ ਵਿੱਚ ਬੁਨਿਆਦੀ ਤਬਦੀਲੀਆਂ ਕਰ ਸਕਦੀ ਹੈ।

ਖ਼ਦਸ਼ਾ ਹੈ ਕਿ ਦੇਸ਼ ਵਿੱਚ ਫੈਡਰਲਿਜ਼ਮ ਨੂੰ ਖ਼ਤਰਾ ਵਧ ਰਿਹਾ ਹੈ। ਸੰਘੀ ਢਾਂਚੇ ਦੀ ਸੰਘੀ ਘੁੱਟਣ ਦੇ ਯਤਨ ਹੋ ਰਹੇ ਹਨ। ਇਸ ਵਿਰੁੱਧ ਆਵਾਜ਼ਾਂ ਵੀ ਉੱਠ ਰਹੀਆਂ ਹਨ।

ਸਮੇਂ-ਸਮੇਂ ਤੇ ਕਾਨੂੰਨਦਾਨਾਂ ਸਾਬਕਾ ਸੁਪਰੀਮ ਕੋਰਟ ਜੱਜ ਇਸ ਸਬੰਧੀ ਆਪਣਾ ਫ਼ਿਕਰ ਜ਼ਾਹਰ ਕਰ ਚੁੱਕੇ ਹਨ ਜਾਂ ਕਰ ਰਹੇ ਹਨ।

ਦੇਸ਼ ਦੀ ਆਜ਼ਾਦੀ ਉਪਰੰਤ ਕਸ਼ਮੀਰ 'ਚ ਲਾਗੂ ਸੰਵਿਧਾਨ ਦੀ ਧਾਰਾ 370 ਜੋ ਮੋਦੀ ਸਰਕਾਰ ਵਲੋਂ 4 ਸਾਲ ਪਹਿਲਾਂ ਮਨਸੂਖ ਕਰ ਦਿੱਤੀ ਗਈ ਸੀ, ਉਸ ਸਰਕਾਰ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੈਲਿੰਜ ਕੀਤਾ ਗਿਆ ਸੀ। ਇਸ ਸਬੰਧੀ ਸੁਪਰੀਮ ਕੋਰਟ ਨੇ ਫ਼ੈਸਲਾ ਸੁਣਾਉਂਦਿਆਂ ਕੇਂਦਰ ਸਰਕਾਰ ਦਾ ਫ਼ੈਸਲਾ ਬਰਕਰਾਰ ਰੱਖਿਆ ਹੈ।

ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਨਰੀਮਨ ਨੇ ਸੁਪਰੀਮ ਕੋਰਟ ਦੁਆਰਾ ਸੰਵਿਧਾਨ ਦੀ ਧਾਰਾ 370 ਨੂੰ ਮਨਸੂਖ ਕੀਤੇ ਜਾਣ ਦੀ ਪਟੀਸ਼ਨ 'ਤੇ ਦਿੱਤੇ ਨਿਰਣੇ ਦੀ ਅਲੋਚਨਾ ਕੀਤੀ ਹੈ। ਸੁਪਰੀਮ ਕੋਰਟ ਦੇ ਇੱਕ ਹੋਰ ਸਾਬਕਾ ਜੱਜ ਮਦਨ ਲੋਕੁਰ ਅਤੇ ਕਈ ਹੋਰ ਕਾਨੂੰਨਦਾਨਾਂ ਨੇ ਇਸ ਫ਼ੈਸਲੇ ਸਬੰਧੀ ਕਿਹਾ ਹੈ ਕਿ ਸੁਪਰੀਮ ਕੋਰਟ ਨੂੰ ਇਹ ਸਾਫ਼-ਸਾਫ਼ ਰੂਪ ਵਿੱਚ ਕਹਿਣਾ ਚਾਹੀਦਾ ਸੀ ਕਿ ਜਿਸ ਤਰੀਕੇ ਨਾਲ ਧਾਰਾ 370 ਨੂੰ ਮਨਸੂਖ ਕੀਤਾ ਗਿਆ, ਉਹ ਗਲਤ ਅਤੇ ਫੈਡਰਲਿਜ਼ਮ ਵਿਰੋਧੀ ਹੈ।

5 ਅਗਸਤ 2019 ਨੂੰ ਮੋਦੀ ਸਰਕਾਰ ਨੇ ਧਾਰਾ 370 ਨੂੰ ਰੱਦ ਕਰ ਦਿੱਤਾ ਸੀ। ਇਹ ਫ਼ੈਸਲੇ ਕੀ ਸਹੀ ਹੈ ਜਾਂ ਗਲਤ, ਇਸ ਸਬੰਧੀ ਕਾਨੂੰਨੀ ਲੜਾਈ ਸ਼ੁਰੂ ਹੋਈ। ਪ੍ਰਮੁੱਖ ਮੁੱਦਾ ਇਹ ਸੀ ਕਿ ਕੀ ਧਾਰਾ 370 ਸਥਾਈ ਇੰਤਜ਼ਾਮ ਹੈ ਜਿਸਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਇੱਕ ਦਲੀਲ ਇਹ ਸੀ ਕਿ ਇਹ ਬਕਾਇਦਾ ਇੱਕ ਐਗਰੀਮੈਂਟ (ਕਰਾਰ) ਦਾ ਸਿੱਟਾ ਸੀ। ਸੁਪਰੀਮ ਕੋਰਟ ਨੇ ਇਹ ਧਾਰਨਾ ਰੱਦ ਕਰ ਦਿੱਤੀ ਅਤੇ ਕਿਹਾ ਕਿ ਸੰਵਿਧਾਨ ਦੇ ਨਜ਼ਰੀਏ ਤੋਂ ਧਾਰਾ 370 ਆਰਜ਼ੀ ਇੰਤਜ਼ਾਮ ਸੀ।

ਧਾਰਾ 370 ਦੀ ਬਰਖਾਸਤੀ ਸਬੰਧੀ ਪਟੀਸ਼ਨ ਦਾ ਫ਼ੈਸਲਾ ਚੀਫ ਜਸਟਿਸ ਡੀ।ਵਾਈ। ਚੰਦਰਚੂੜ ਨੇ ਮੁੱਖ ਰੂਪ ਵਿੱਚ ਲਿਖਿਆ। ਜਿਸਦੀ ਤਾਈਦ ਜਸਟਿਸ ਸੂਰੀਆ ਕਾਂਤ, ਜਸਟਿਸ ਬੀ।ਆਰ। ਗਵੱਈ ਜਸਟਿਸ ਸੰਜੇ ਕ੍ਰਿਸ਼ਨ ਕੌਲ ਅਤੇ ਜਸਟਿਸ ਸੰਜੀਵ ਖੰਨਾ ਨੇ ਕੀਤੀ ਹੈ। ਪਰ ਇੱਕ ਜੱਜ ਜਸਟਿਸ ਸੰਜੇ ਕ੍ਰਿਸ਼ਨ ਕੌਲ ਨੇ ਜੋ ਜੰਮੂ ਕਸ਼ਮੀਰ ਨਾਲ ਸਬੰਧ ਰੱਖਦੇ ਹਨ ਨੇ ਇੱਕ ਦਿਲਚਸਪ ਪੱਖ ਪੇਸ਼ ਕੀਤਾ ਅਤੇ ਕਿਹਾ ਕਿ ਦੱਖਣੀ ਅਫਰੀਕਾ ਦੀ ਤਰਜ਼ 'ਤੇ "ਸੱਚਾਈ ਅਤੇ ਸੁਲ੍ਹਾ" ਕਮਿਸ਼ਨ ਬਨਾਇਆ ਜਾਣਾ ਬਣਦਾ ਹੈ, ਜਿਸ ਤਹਿਤ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਆਪਣੇ ਸ਼ਿਕਵੇ, ਸ਼ਿਕਾਇਤਾਂ ਸੁਲਝਾਉਣ ਲਈ ਸੁਣਵਾਈ ਦਾ ਮੌਕਾ ਦਿੱਤਾ ਜਾ ਸਕਦਾ ਹੈ। ਇਹ ਇੱਕ ਸਿਫਾਰਸ਼ ਮਾਤਰ ਸੀ, ਜਿਸਦੀ ਦੂਜੇ ਜੱਜਾਂ ਨੇ ਤਾਈਦ ਨਹੀਂ ਕੀਤੀ। ਧਾਰਾ 370 ਸਬੰਧ 'ਚ ਅਦਾਲਤ ਨੇ ਤਿੰਨ ਮੁੱਖ ਸਿੱਟੇ ਕੱਢੇ ਹਨ :-

ਕੇਂਦਰ ਸਰਕਾਰ ਵਲੋਂ ਅਪਨਾਈ ਗਈ ਪ੍ਰਕਿਰਿਆ ਸੰਵਿਧਾਨ ਦੇ ਆਰਟੀਕਲ 368 ਦੇ ਦਾਅਰੇ ਤੋਂ ਬਾਹਰ ਸੀ। ਸੰਵਿਧਾਨ ਦੇ ਕਿਸੇ ਪ੍ਰਾਵਾਧਾਨ ਵਿੱਚ ਕੇਵਲ ਇੱਕ ਤਰੀਕੇ 'ਚ ਸੋਧ ਕੀਤੀ ਜਾ ਸਕਦੀ ਹੈ ਆਰਟੀਕਲ 368 ਦਾ ਸਹਾਰਾ ਲੈ ਕੇ ਅਤੇ ਜ਼ਰੂਰੀ ਵਿਸ਼ੇਸ਼ ਬਹੁਮਤ ਨਾਲ ਸੰਸਦ ਵਿੱਚ ਸੰਵਿਧਾਨ ਸੋਧ ਕਾਨੂੰਨ ਪਾਸ ਕਰਕੇ। ਜੰਮੂ ਕਸ਼ਮੀਰ ਦੇ ਮਾਮਲੇ 'ਚ, ਕੇਂਦਰ ਸਰਕਾਰ ਨੇ ਆਰਟੀਕਲ 367 (ਵਿਵਸਥਾ ਖੰਡ) ਵਿੱਚ ਖੰਡ (4) ਜੋੜਨ ਦੇ ਲਈ ਆਰਟੀਕਲ 370 (1) (ਡੀ) ਨੂੰ ਲਾਗੂ ਕੀਤਾ, ਆਰਟੀਕਲ 370 (3) ਦੇ ਪ੍ਰਾਵਾਧਾਨ ਵਿੱਚ 'ਰਾਜ ਦੀ ਸੰਵਿਧਾਨ ਸਭਾ ਦੇ ਲਈ 'ਰਾਜ ਦੀ ਵਿਧਾਨ ਸਭਾ' ਸ਼ਬਦਾਂ ਨੂੰ ਪ੍ਰਤੀ ਸਥਾਪਿਤ ਕੀਤਾ, ਆਰਟੀਕਲ 370 ਨੂੰ ਬਰਖ਼ਾਸਤ ਕਰਨ ਦੇ ਲਈ ਸੋਧੀ ਧਾਰਾ 370 (3) ਦੀ ਵਰਤੋਂ ਕੀਤੀ। ਅਦਾਲਤ ਦੇ ਇਸ ਤਰਕ ਨੂੰ ਸਮਝਿਆ ਜਾਵੇ ਕਿ ਇਹ ਜਟਿਲ ਅਭਿਆਸ ਅਸੰਵਿਧਾਨਿਕ ਕਿਉਂ ਸੀ:- ਪੈਰਾ-389- ਹਾਲਾਂਕਿ 'ਵਿਆਖਿਆ' ਖੰਡ ਦੀ ਵਰਤੋਂ ਸ਼ਬਦਾਂ ਨੂੰ ਪ੍ਰਭਾਸ਼ਿਤ ਕਰਨ ਜਾਂ ਅਰਥ ਦੇਣ ਲਈ ਕੀਤੀ ਜਾ ਸਕਦੀ ਹੈ, ਲੇਕਿਨ ਇਸ ਕਰਕੇ ਸੋਧ ਦੇ ਲਈ ਨਿਰਧਾਰਤ ਵਸ਼ਿਸ਼ਟ ਪ੍ਰੀਕਿਰਿਆ ਨੂੰ ਦਰਕਿਨਾਰ ਕਰਕੇ ਕਿਸੇ ਪ੍ਰਾਵਾਧਾਨ ਦੀ ਸੋਧ ਕਰਨ ਲਈ ਤੈਨਾਤ ਨਹੀਂ ਕੀਤੀ ਜਾ ਸਕਦੀ।

ਪੈਰਾ-400 - ਮਾਧਵ ਸਿੰਧੀਆ ਮਾਮਲੇ ਵਿੱਚ ਅਦਾਲਤ ਨੇ ਕਿਹਾ ਕਿ ਆਰਟੀਕਲ 366 (22) ਤਹਿਤ ਅਧਿ-ਕਾਰਾਂ ਦੀ ਵਰਤੋਂ ਜਮਾਂਦਰੂ ਉਦੇਸ਼ ਲਈ ਨਹੀਂ ਹੋ ਸਕਦੀ, ਆਰਟੀਕਲ 368 ਦੇ ਤਹਿਤ ਪ੍ਰਕਿਰਿਆ ਨੂੰ ਖ਼ਤਮ ਕਰਨ ਲਈ ਆਰਟੀਲ 370 (1) (ਡੀ) ਅਤੇ 367 ਦੀ ਵਰਤੋਂ 370 'ਚ ਸੋਧ ਕਰਨ ਦਾ ਖ਼ਤਮ ਕਰਨ ਦੇ ਲਈ ਜ਼ਰੂਰੀ ਸਿੱਟੇ ਦੇ ਰੂਪ ਦੇ ਉਦੇਸ਼ ਨਾਲ ਨਹੀਂ ਕੀਤੀ ਜਾ ਸਕਦੀ। ਆਰਟੀਕਲ 370 ਦੀ ਸੋਧ ਨੂੰ ਅਸੰਵਿਧਾਨਕ ਮੰਨਣ ਦੇ ਬਾਵਜੂਦ ਅਦਾਲਤ ਨੇ ਸਿੱਟਾ ਕੱਢਿਆ ਕਿ ਰਾਸ਼ਟਰਪਤੀ ਵਲੋਂ ਆਰਟੀਕਲ 370 (1) (ਡੀ) ਦੇ ਤਹਿਤ ਅਧਿਕਾਰਾਂ ਦੀ ਵਰਤੋਂ ਜੰਮੂ ਕਸ਼ਮੀਰ ਵਿੱਚ ਸੰਵਿਧਾਨ ਦੇ ਪ੍ਰਾਵਾਧਾਨਾਂ ਦੇ ਲਾਗੂ ਕਰਨਾ ਸਹੀ ਸੀ ਅਤੇ ਆਰਟੀਕਲ 370 (3) ਦੇ ਤਹਿਤ ਘੋਸ਼ਣਾ ਦੇ ਅਧਾਰ 'ਤੇ ਆਰਟੀਕਲ 370 ਨੂੰ ਖ਼ਤਮ ਕਰਨ ਦੇ ਬਰਾਬਰ ਇਸਦਾ ਪ੍ਰਭਾਵ ਸੀ।

ਅਦਾਲਤ ਨੇ ਕਿਹਾ ਕਿ ਆਰਟੀਕਲ 370 (1) (ਡੀ) ਦੇ ਦੂਸਰੇ ਪ੍ਰਾਵਾਧਾਨ ਦੇ ਤਹਿਤ ਸੂਬਾ ਸਰਕਾਰ ਦੀ ਸਹਿਮਤੀ ਜ਼ਰੂਰੀ ਨਹੀਂ :- ਬਾਅਦ ਦੇ ਸਿੱਟੇ ਬਹਿਸ ਯੋਗ ਹਨ।

ਧਾਰਾ 370 ਬਰਖ਼ਾਸਤ ਕਰਨ ਵੇਲੇ ਸੁਪਰੀਮ ਕੋਰਟ ਨੇ ਕੁਝ ਮੁੱਦੇ ਜਿਹਨਾ ਉਤੇ ਵਿਚਾਰ ਲੋੜੀਂਦਾ ਸੀ (ਕਾਨੂੰਨੀ ਮਾਹਰਾਂ ਅਨੁਸਾਰ), ਉਹ ਛੱਡ ਦਿੱਤੇ ਗਏ, ਕਾਨੂੰਨਦਾਨ ਕਹਿੰਦੇ ਹਨ ਕਿ ਅਦਾਲਤ ਨੂੰ ਇਸ ਸਵਾਲ ਦੀ ਜਾਂਚ ਕਰਨੀ ਚਾਹੀਦੀ ਸੀ ਕਿ ਰਾਜ ਨੂੰ ਤਿੰਨ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਵਿੱਚ ਵੰਡਿਆ ਜਾਣਾ ਚਾਹੀਦਾ ਸੀ ਜਾਂ ਨਹੀਂ। ਅਸਲ ਵਿੱਚ ਇਹ ਇੱਕ ਗੰਭੀਰ ਮੁੱਦਾ ਹੈ।

ਸੰਵਿਧਾਨ ਦੀ ਧਾਰਾ ਤਿੰਨ ਦੇ ਤਹਿਤ ਕਿਸੇ ਵੀ ਰਾਜ ਖੇਤਰ 'ਚ ਤਬਦੀਲੀ ਕਰਨ ਜਾਂ ਇੱਕ ਨਵਾਂ ਰਾਜ ਜਾਂ ਸੰਘ ਰਾਜ ਖੇਤਰ ਬਨਾਉਣ ਦੇ ਲਈ ਕੋਈ ਵੀ ਬਿੱਲ ਸੰਸਦ ਵਿੱਚ ਪੇਸ਼ ਨਹੀਂ ਕੀਤਾ ਜਾਏਗਾ, ਜਦ ਤੱਕ ਕਿ ਰਾਸ਼ਟਰਪਤੀ ਉਸ ਰਾਜ ਦੇ ਵਿਧਾਨ ਮੰਡਲ ਦੇ ਵਿਚਾਰਾਂ ਦਾ ਪਤਾ ਨਹੀਂ ਲਗਾ ਲੈਂਦੇ।

ਜੰਮੂ ਕਸ਼ਮੀਰ ਵਿੱਚ 19 ਦਿਸੰਬਰ 2018 ਤੋਂ ਰਾਸ਼ਟਰਪਤੀ ਰਾਜ ਲੱਗਿਆ ਹੋਇਆ ਸੀ। ਵਿਧਾਨ ਸਭਾ ਦੇ ਸਾਰੇ ਅਧਿਕਾਰਾਂ ਅਤੇ ਕੰਮਾਂ ਨੂੰ ਸੰਸਦ ਨੇ ਆਪਣੇ ਹੱਥਾਂ 'ਚ ਲੈ ਰੱਖਿਆ ਸੀ। ਸੰਸਦ ਦੇ ਵਿਚਾਰਾਂ ਨੂੰ ਹੀ ਵਿਧਾਨ ਸਭਾ ਦੇ ਵਿਚਾਰ ਮੰਨ ਲਿਆ ਗਿਆ। ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਸੰਸਦ( ਰਾਜ ਵਿਧਾਨ ਸਭਾ) ਤੋਂ ਸਲਾਹ ਮੰਗੀ। ਅਤੇ ਸੰਸਦ ਨੇ ਰਾਜ ਵਿਧਾਨ ਸਭਾ ਦੇ ਵਿਚਾਰਾਂ ਨੂੰ ਦਰਸਾਇਆ। ਇਹ ਸੰਸਦ ਦਾ ਅਜੀਬ ਕਾਰਨਾਮਾ ਸੀ। ਇਸ ਤੋਂ ਬਾਅਦ ਸੰਸਦ ਨੇ ਜੰਮੂ ਕਸ਼ਮੀਰ ਰਾਜ ਨੂੰ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ 'ਚ ਵੰਡ ਦਿੱਤਾ।

ਜੇਕਰ ਸੁਪਰੀਮ ਕੋਰਟ ਇਸ ਸਬੰਧੀ ਸੰਵਿਧਾਨਿਕ ਫ਼ੈਸਲਾ ਨਹੀਂ ਲੈਂਦੀ ਹੈ, ਤਾਂ ਕਿਸੇ ਵੀ ਰਾਜ ਨੂੰ ਕੇਂਦਰ ਦੇ ਅਧੀਨ ਕੀਤਾ ਜਾ ਸਕਦਾ ਹੈ।

ਕੇਂਦਰ ਸਰਕਾਰ ਕਿਸੇ ਵੀ ਬਹਾਨੇ ਸੂਬੇ 'ਚ ਰਾਸ਼ਟਰਪਤੀ ਰਾਜ ਲਗਾ ਸਕਦੀ ਹੈ। ਫਿਰ ਸੰਸਦ ਦੇ ਵਿਚਾਰਾਂ ਨੂੰ ਰਾਜ ਵਿਧਾਇਕਾਂ ਦੇ ਵਿਚਾਰ ਮੰਨ ਸਕਦਾ ਹੈ। ਅਤੇ ਫਿਰ ਹਾਕਮ ਧਿਰ ਰਾਜ ਨੂੰ ਦੋ ਜਾਂ ਦੋ ਤੋਂ ਵੱਧ ਹਿੱਸਿਆਂ 'ਚ ਵੰਡ ਸਕਦੀ ਹੈ। ਇਹ ਕਿਸੇ ਵੀ ਉਸ ਰਾਜ ਵਿੱਚ ਹੋ ਸਕਦਾ ਹੈ, ਜਿਥੇ ਕੇਂਦਰ ਵਿਰੋਧੀ ਧਿਰ ਰਾਜ ਕਰਦੀ ਹੈ।

ਧਾਰਾ 370 ਭਾਰਤੀ ਸੰਵਿਧਾਨ ਦਾ ਇੱਕ ਵਿਸ਼ੇਸ਼ ਅਨੁਛੇਦ ਸੀ, ਜੋ ਜੰਮੂ ਕਸ਼ਮੀਰ ਨੂੰ ਭਾਰਤ ਵਿੱਚ ਹੋਰ ਸੂਬਿਆਂ ਦੇ ਮੁਕਾਬਲੇ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦਾ ਸੀ।

ਇਸਨੂੰ ਭਾਰਤੀ ਸੰਵਿਧਾਨ ਵਿੱਚ ਅਸਥਾਈ ਅਤੇ ਵਿਸ਼ੇਸ਼ ਅਨੁਵੰਧ ਦੇ ਰੂਪ ਵਿੱਚ ਭਾਗ-21 ਵਿੱਚ ਸ਼ਾਮਲ ਕੀਤਾ ਗਿਆ ਸੀ। ਧਾਰਾ 370 ਦੇ ਬਰਖ਼ਾਸਤ ਹੋਣ ਕਾਰਨ ਅਤੇ ਜੰਮੂ ਕਸ਼ਮੀਰ ਨੂੰ 2-3 ਕੇਂਦਰੀ ਪ੍ਰਦੇਸ਼ਾਂ ਵਿੱਚ ਵੰਡਣ ਕਾਰਨ ਸਥਾਨਕ ਲੋਕਾਂ ਵਿੱਚ ਰੋਸ ਫੈਲਿਆ। ਇਥੇ ਚੋਣ ਅਮਲ ਪਿਛਲੇ ਚਾਰ ਸਾਲਾਂ ਤੋਂ ਰੁਕਿਆ ਪਿਆ ਹੈ।

ਸੁਪਰੀਮ ਕੋਰਟ ਨੇ 370 ਧਾਰਾ ਬਰਖ਼ਾਸਤ ਕਰਨ ਦੇ ਫ਼ੈਸਲੇ ਦੇ ਨਾਲ-ਨਾਲ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਜੰਮੂ ਕਸ਼ਮੀਰ ਵਿੱਚ ਚੋਣ 30 ਸਤੰਬਰ 2024 ਤੋਂ ਪਹਿਲਾਂ ਕਰਵਾਈ ਜਾਵੇ। ਸੁਪਰੀਮ ਕੋਰਟ ਨੇ ਜੰਮੂ ਕਸ਼ਮੀਰ ਦਾ ਰਾਜ ਦਾ ਦਰਜ਼ਾ ਬਹਾਲ ਕਰਨ ਲਈ ਵੀ ਕਿਹਾ ਹੈ ਪਰ ਸਮਾਂ ਨਿਯਤ ਨਹੀਂ ਕੀਤਾ। ਇਹ ਸਪੱਸ਼ਟ ਹੈ ਕਿ ਰਾਜ ਦਾ ਦਰਜ਼ਾ ਬਹਾਲ ਕਰਨ ਤੋਂ ਬਾਅਦ ਹੀ ਚੋਣਾਂ ਹੋਣੀਆਂ ਹਨ, ਇਸ ਲਈ ਦੋਨਾਂ ਨੂੰ ਲੈ ਕੇ ਅਨਿਸ਼ਚਤਤਾ ਬਣੀ ਰਹੇਗੀ।

ਸੁਪਰੀਮ ਕੋਰਟ ਵਲੋਂ ਸੰਵਿਧਾਨ ਦੀ ਧਾਰਾ 370 ਦੇ ਕੀਤੇ ਫ਼ੈਸਲੇ ਨੂੰ ਇੱਕ ਪਾਸੇ ਰੱਖਕੇ ਇਸ ਗੱਲ ਵੱਲ ਵਿਚਾਰ ਕਰਨਾ ਅਤੀ ਜ਼ਰੂਰੀ ਹੈ ਅਤੇ ਉਹ ਇਹ ਕਿ ਕੀ ਸਰਕਾਰ ਸੰਵਿਧਾਨ ਦੇ ਪ੍ਰਾਵਾਧਾਨ ਤੋੜ ਮਰੋੜ ਕੇ ਸੂਬਿਆਂ ਦੇ ਅਧਿਕਾਰਾਂ ਅਤੇ ਸੰਘਵਾਦ ਨੂੰ ਕਮਜ਼ੋਰ ਤਾਂ ਨਹੀਂ ਕਰ ਰਹੀ?

# ਸਾਹਿਬਜ਼ਾਦਿਆਂ ਦੀ ਸ਼ਹਾਦਤ (ਇਤਿਹਾਸਿਕ ਪਿਛੋਕੜ ਦੇ ਪ੍ਰਸੰਗ ਵਿੱਚ)

**(ਸਫਾ 21 ਦੀ ਬਾਕੀ)**

ਹੋਈ। ਇਥੇ ਹੀ ਸਹੇੜੀ ਪਿੰਡ ਦਾ ਗੰਗੂ ਝੌਂਪੜੀ ਵਿਚ ਉਨ੍ਹਾਂ ਨੂੰ ਮਿਲਿਆ। ਉਹ ਕਿਸੇ ਸਮੇਂ ਆਨੰਦਪੁਰ ਸਾਹਿਬ ਗੁਰੂ ਘਰ ਰਸੋਈਆ ਰਿਹਾ ਸੀ। ਉਸ ਨੂੰ ਸਾਰੀ ਜਾਣਕਾਰੀ ਸੀ ਕਿ ਮਾਤਾ ਗੁਜਰੀ ਸਾਰੇ ਘਰ ਨੂੰ ਸੰਭਾਲਦੇ ਸਨ। ਸਵੇਰੇ ਝੌਂਪੜੀ ਵਿਚੋਂ ਜਾਣ ਲੱਗਿਆਂ ਮਾਤਾ ਜੀ ਨੇ ਮਾਈ ਲਛਮੀ ਨੂੰ ਆਰਸੀ (ਗਹਿਣਾ) ਅਤੇ ਪੰਜ ਮੋਹਰਾਂ ਕੁੰਮੇਮਾਸ਼ਕੀ ਨੂੰ ਦਿੱਤੀਆਂ ਤਾਂ ਗੰਗੂ ਦਾ ਮਨ ਲਾਲਚ ਨਾਲ ਭਰ ਗਿਆ। ਸ਼ਾਮ ਉਹ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਨੂੰ ਮੋਹਰਾਂ ਦੇ ਲਾਲਚ ਵਿਚ ਆਪਣੇ ਪਿੰਡ ਸਹੇੜੀ ਲੈ ਕੇ ਜਾਣ ਦੀ ਬਜਾਏ ਪਿੰਡ ਕਾਈਨੌਰ ਦੇ ਤਲਾਬ ਤੇ ਲੈ ਕੇ ਗਿਆ। ਜਿਥੇ ਨੇੜੇ ਹੀ ਇਕ ਸੰਤਾਂ ਦੀ ਝੌਂਪੜੀ ਵਿਚ ਮਾਤਾ ਅਤੇ ਸਾਹਿਬਜ਼ਾਦਿਆਂ ਨੇ ਭੁੱਖਣ ਭਾਣੇ ਠੰਢ ਵਿਚ ਇਸ ਤਲਾਬ ਦੇ ਕੰਢੇ ਤੇ ਦੂਸਰੀ ਰਾਤ ਕੱਟੀ। ਇਥੇ ਅੱਜ ਕੱਲ੍ਹ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਇਹ ਰਾਤ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਨੇ ਗੰਗੂ ਦੇ ਸਮੇਤ 8 ਪੋਹ ਬਿ. 1761, 22 ਦਸੰਬਰ 1704 ਈਸਵੀ ਪਿੰਡ ਕਾਈਨੌਰ ਦੇ ਤਲਾਬ ਤੇ ਕੱਟੀ। ਇਹ ਥਾਂ ਗੰਗੂ ਦੇ ਪਿੰਡ ਸਹੇੜੀ ਤੋਂ ਸਿਰਫ 2 ਕਿਲੋਮੀਟਰ ਚੜ੍ਹਦੇ ਵਾਲੇ ਪਾਸੇ ਹੈ।

ਸਵੇਰ ਨੂੰ ਗੰਗੂ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਘਰ ਪਿੰਡ ਸਹੇੜੀ ਲੈ ਗਿਆ। ਉਸ ਦੇ ਮਨ ਵਿਚ ਲਾਲਚ ਸੀ ਕਿ ਰਾਤ ਨੂੰ ਸੌਂਣ ਉਪਰੰਤ ਖੁਰਜੀ ਚੋਰੀ ਕਰ ਲਵੇਗਾ। ਉਸ ਰਾਤ ਭਰ ਜਾਗਦਾ ਰਿਹਾ ਤੇ ਰਾਤ ਨੂੰ ਖੁਰਜੀ ਚੋਰੀ ਕਰ ਲਈ। ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੀ ਗੰਗੂ ਦੇ ਘਰ ਗੁਜਾਰੀ ਪਿੰਡ ਸਹੇੜੀ ਵਿਚ 9 ਪੋਹ 1761 ਬਿ., 23 ਦਸੰਬਰ 1704 ਈਸਵੀ ਨੂੰ ਇਹ ਤੀਸਰੀ ਰਾਤ ਸੀ ਅਤੇ ਰਾਤ ਨੂੰ ਖੁਰਜੀ ਚੋਰੀ ਕਰ ਲਈ। ਸਵੇਰੇ ਜਦੋਂ ਮਾਤਾ ਜੀ ਨੇ ਪੁੱਛਿਆ ਤਾਂ ਉਸ ਨੇ ਰੌਲਾ ਪਾ ਦਿੱਤਾ ਅਤੇ ਨਾਲ ਹੀ ਪਿੰਡ ਦੇ ਮੁਸਲਮਾਨ ਚੌਧਰੀ ਨੂੰ ਇਹ ਜਾਣਕਾਰੀ ਦੇ ਦਿੱਤੀ ਕਿ ਗੁਰੂ ਗੋਬਿੰਦ ਸਿੰਘ ਦੀ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ ਉਸ ਦੇ ਘਰ ਵਿਚ ਹਨ। ਸਵੇਰ ਹੁੰਦਿਆਂ ਹੀ ਮੁਸਲਮਾਨ ਚੌਧਰੀ ਨੇ ਇਹ ਸੂਚਨਾ ਅੱਗੋਂ ਚੌਧਰੀ ਨੇ ਮੋਰਿੰਡਾ ਕੋਤਵਾਲੀ ਦੇ ਮੁਖੀ ਜਾਨੀ ਖਾਂ ਅਤੇ ਮਾਨੀ ਖਾਂ ਦੋਵਾਂ ਭਰਾਵਾਂ ਨੂੰ ਦੇ ਦਿੱਤੀ। ਜਾਨੀ ਖਾਂ ਅਤੇ ਮਾਨੀ ਖਾਂ ਨੇ ਆਪਣੇ ਸਿਪਾਹੀਆਂ ਦੀ ਗਾਰਡ ਨਾਲ ਗੰਗੂ ਦੇ ਘਰ ਨੂੰ ਘੇਰ ਕੇ ਮਾਤਾ ਅਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਕੇ ਸਹੇੜੀ ਪਿੰਡ ਤੋਂ ਗੱਡੇ ਵਿਚ ਬਿਠਾ ਕੇ ਮੋਰਿੰਡੇ ਹਵਾਲਾਤ ਵਿਚ ਲੈ ਆਏ। ਇਹ ਗੱਡਾ ਜਾਨੀ ਖਾਂ ਅਤੇ ਮਾਨੀ ਖਾਂ ਨੇ ਆਪਣੇ ਸਿਪਾਹੀ ਭੇਜ ਕੇ ਪਿੰਡ ਨਥਮਲਪੁਰ ਦੇ ਜ਼ਿਮੀਦਾਰਾਂ ਕੋਲੋਂ ਲਿਆਂਦਾ ਸੀ।ਗੱਡਾ ਪਹਿਲਾਂ ਮੋਰਿੰਡਾ ਤੋਂ ਬਾਹਰ ਇਕ ਖੂਹ ਤੇ ਰੁਕਿਆ ਜਿਥੇ ਮਾਤਾ ਅਤੇ ਸਾਹਿਬਜ਼ਾਦਿਆਂ ਨੇ ਥੋੜ੍ਹਾ ਜਲ ਛਕਿਆ ਅਤੇ ਸ਼ਾਮ ਨੂੰ ਮੋਰਿੰਡੇ ਦੀ ਹਵਾਲਾਤ ਵਿਚ ਸਖਤ ਪਹਿਰੇ ਹੇਠ ਕੈਦ ਕਰ ਦਿੱਤਾ। ਇਸ ਦੀ ਜਾਣਕਾਰੀ ਨਵਾਬ ਵਜ਼ੀਰ ਸਰਹਿੰਦ ਨੂੰ ਵੀ ਦੇ ਦਿੱਤੀ। ਪਰਿਵਾਰ ਨਾਲੋਂ ਵਿਛੜ ਕੇ ਬਹੁਤ ਹੀ ਸਖਤ ਸਰਦੀ ਵਿਚ ਮੋਰਿੰਡੇ ਦੀ ਹਵਾਲਾਤ ਵਿਚ 10 ਪੋਹ 1761 ਬਿ., 24 ਦਸੰਬਰ 1704 ਈਸਵੀ ਨੂੰ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੀ ਇਹ ਚੌਥੀ ਰਾਤ ਸੀ।

ਮਾਤਾ ਅਤੇ ਸਾਹਿਬਜ਼ਾਂਦਿਆਂ ਦੀ ਗ੍ਰਿਫਤਾਰੀ ਦੀ ਜਾਣਕਾਰੀ ਨਵਾਬ ਵਜ਼ੀਰ ਖਾਨ ਨੂੰ ਰਾਤ ਹੀ ਮਿਲ ਗਈ ਸੀ। ਉਸ ਨੇ ਸਵੇਰੇ ਹੀ ਮੋਰਿੰਡੇ ਤੋਂ ਉਨ੍ਹਾਂ ਨੂੰ ਲਿਆਉਣ ਦੇ ਲਈ ਸਿਪਾਹੀਆਂ ਨੂੰ ਹੁਕਮ ਕਰ ਦਿੱਤਾ।ਹੁਕਮ ਦੇ ਬੱਧੇ ਜਾਨੀ ਖਾਂ ਅਤੇ ਮਾਨੀ ਖਾਂ ਨੇ ਮਾਤਾ ਅਤੇ ਸਾਹਿਬਜ਼ਾਦਿਆਂ ਨੂੰ ਲੈ ਕੇ ਸਰਹਿੰਦ ਵੱਲ ਚੱਲ ਪਏ।ਰਸਤੇ ਵਿਚ ਉਹ ਥੋੜ੍ਹਾ ਬਸੀ ਪਠਾਣਾ ਦੇ ਕੋਤਵਾਲ ਨੂੰ ਵੀ ਮਿਲੇ। ਸਰਹਿੰਦ ਪਹੁੰਚ ਕੇ ਇਕ ਪਿੱਪਲ ਦੇ ਦਰਖਤ ਥੱਲੇ ਥੋੜ੍ਹਾ ਚਿਰ ਗੱਡਾ ਰੋਕਿਆ।ਸੂਬਾ ਸਰਹਿੰਦ ਦੇ ਹੁਕਮ ਤੇ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਨੂੰ ਠੰਢਾ ਬੁਰਜ ਵਿਚ ਕੈਦ ਕਰ ਦਿੱਤਾ ਅਤੇ ਨਾਲ ਹੀ ਹੁਕਮ ਸੁਣਾ ਦਿੱਤਾ ਕਿ ਅਗਲੇ ਸਵੇਰ ਕਚਹਿਰੀ ਵਿਚ ਪੇਸ਼ ਕੀਤਾ ਜਾਵੇ। ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਆਪਣੇ ਤਨ ਦੇ ਕੱਪੜਿਆਂ ਨਾਲ ਬਿਨਾਂ ਕੁਝ ਖਾਧੇ ਪੀਤਿਆਂ ਅਤਿ ਦੀ ਠੰਢੀ ਰਾਤ 11 ਪੋਹ 1761 ਬਿ. (25 ਦਸੰਬਰ 1704 ਈਸਵੀ) ਠੰਢੇ ਬੁਰਜ ਵਿਚ ਸਖਤ ਪਹਿਰੇ ਹੇਠ ਪੰਜਵੀਂ ਰਾਤ ਬਤੀਤ ਕੀਤੀ। ਠੰਢਾ ਬੁਰਜ ਗਰਮੀਆਂ ਦੇ ਮਹੀਨੇ ਵਿਚ ਵਜ਼ੀਰ ਖਾਂ ਦੀ ਆਪਣੀ ਰਿਹਾਇਸ਼ ਸੀ ਜਿਹੜਾ ਕਿਲੇ ਦੇ ਅੰਦਰ ਬਣਿਆ ਹੋਇਆ ਸੀ ਜਿਸ ਨਾਲ ਦੇ ਨਾਲ ਤੋਂ ਹੰਸਲਾ ਨਦੀ ਗੁਜਰਦੀ ਸੀ। ਸਰਦੀਆਂ ਵਿਚ ਇਹ ਬੁਰਜ ਅਤਿਅੰਤ ਠੰਢਾ ਹੋ ਜਾਂਦਾ ਸੀ। ਸੂਬਾ ਸਰਹਿੰਦ ਨੇ ਮਾਤਾ ਅਤੇ ਸਾਹਿਬਜ਼ਾਦਿਆਂ ਨੂੰ ਤਸੀਹੇ ਦੇਣ ਦੇ ਲਈ ਪੋਹ ਦੀਆਂ ਇਨ੍ਹਾਂ ਸਰਦ ਰਾਤਾਂ ਵਿਚ ਕੈਦ ਕੀਤਾ। ਦੂਸਰੇ ਦਿਨ ਸਵੇਰੇ ਹੀ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਹੋਣ ਦਾ ਹੁਕਮ ਕੀਤਾ ਗਿਆ। ਦੀਵਾਨ ਸੁੱਚਾ ਨੰਦ ਗੁਰੂ ਘਰ ਨਾਲ ਈਰਖਾ ਕਰਦਾ ਸੀ। ਉਸ ਨੇ ਕਚਹਿਰੀ ਵਿਚ ਸੂਬਾ ਸਰਹਿੰਦ ਦੇ ਹੁਕਮਾਂ ਅਨੁਸਾਰ ਬੱਚਿਆਂ ਨਾਲ ਭੈੜਾ ਵਰਤਾਅ ਕੀਤਾ ਅਤੇ ਹੁਕਮ ਕੀਤਾ ਕਿ ਤੁਸੀਂ ਨਵਾਬ ਸਾਹਿਬ ਨੂੰ ਸਲਾਮ ਕਰੋ ਇਥੇ ਇਨ੍ਹਾਂ ਦਾ ਹੀ ਹੁਕਮ ਚਲਦਾ ਹੈ ਪ੍ਰੰਤੂ ਸਾਹਿਬਜ਼ਾਦਿਆਂ ਨੇ ਉਸ ਦੇ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਕਾਫੀ ਦਲੀਲਾਂ ਤੋਂ ਬਾਅਦ ਵੀ ਸਾਹਿਬਜ਼ਾਦਿਆਂ ਨੇ ਉਨ੍ਹਾਂ ਦੀ ਕੋਈ ਗੱਲ ਨਹੀਂ ਮੰਨੀ। ਸੁੱਚਾ ਨੰਦ ਨੇ ਵਜ਼ੀਰ ਖਾਂ ਨਾਲ ਵਿਚਾਰ ਕਰਕੇ ਉਨ੍ਹਾਂ ਨੂੰ ਹੋਰ ਮੌਕਾ ਦੇਣ ਲਈ ਕਿਹਾ। ਇਸ ਦੇ ਨਾਲ ਹੀ ਬਿਨਾਂ ਭੋਜਨ ਦਿੱਤਿਆਂ ਪਹਿਰਾ ਹੋਰ ਸਖਤ ਕਰ ਦਿੱਤਾ ਅਤੇ ਨਾਲ ਹੀ ਦੂਸਰੇ ਦਿਨ ਕਚਹਿਰੀ ਵਿਚ ਪਹਿਲੇ ਪਹਿਰ ਪੇਸ਼ ਹੋਣ ਦਾ ਹੁਕਮ ਸੁਣਾ ਦਿੱਤਾ। ਅਤਿ ਦੀ ਸਰਦ ਰਾਤ ਵਿਚ ਬਿਨਾਂ ਕੁਝ ਖਾਧੇ ਪੀਤਿਆਂ 12 ਪੋਹ 1761 ਬਿ. (26 ਦਸੰਬਰ 1704 ਈਸਵੀ) ਨੂੰ ਛੇਵੀਂ ਅਤੇ ਆਖਰੀ ਰਾਤ ਗੁਜਰ ਗਈ। ਦੂਸਰੇ ਦਿਨ ਸਵੇਰ ਦੇ ਸਵਾ ਪਹਿਰ 9.45 ਮਿੰਟ ਤੇ ਸਾਹਿਬਜ਼ਾਦਿਆਂ ਦੇ ਈਨ ਨਾਲ ਮੰਨਣ ਤੇ ਕਾਜ਼ੀ ਰੁਕਣਦੀਨ ਨੇ ਨੀਹਾਂ ਵਿਚ ਚੁਣਵਾਕੇ ਸ਼ਹੀਦ ਕਰਨ ਦਾ ਫਤਵਾ ਜਾਰੀ ਕੀਤਾ ਅਤੇ ਨਾਲ ਹੀ ਸਾਹਮਣੇ ਖੜ੍ਹੇ ਜਲਾਦਾਂ ਸ਼ਾਸ਼ਲਬੇਗ ਅਤੇ ਬਾਸ਼ਲਬੇਗ ਨੇ ਬਹੁਤ ਹੀ ਕਰੂਰਤਾ ਨਾਲ ਸਾਹਿਬਜ਼ਾਦਿਆਂ ਦੀਆਂ ਸਾਹ ਰਗਾਂ ਤਲਵਾਰਾਂ ਨਾਲ ਕੱਟ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ। ਨਾਲ ਹੀ ਕੰਧ ਵੀ ਢਹਿ-ਢੇਰੀ ਹੋ ਗਈ। ਗੁਰੂ ਘਰ ਦਾ ਪ੍ਰੇਮੀ ਦੀਵਾਨ ਟੋਡਰ ਮੱਲ ਉਸ ਸਮੇਂ ਸ਼ਹਿਰ ਤੋਂ ਬਾਹਰ ਸੀ ਜਦੋਂ ਉਹ ਵਾਪਸ ਸਰਹਿੰਦ ਆਇਆ ਉਸ ਨੂੰ ਇਸ ਸਾਕੇ ਦਾ ਪਤਾ ਲੱਗਿਆ। ਠੰਢੇ ਬੁਰਜ ਵਿਚ ਕੈਦ ਮਾਤਾ ਗੁਜਰੀ ਨੂੰ ਜਦੋਂ ਇਹ ਖਬਰ ਮਿਲੀ ਤਾਂ ਉਸ ਨੇ ਅਕਾਲ ਪੁਰਖ ਵੱਲ ਆਪਣਾ ਧਿਆਨ ਕਰਦਿਆਂ ਉਸ ਦਾ ਸ਼ੁਕਰਾਨਾ ਕੀਤਾ ਅਤੇ ਬ੍ਰਾਹਮਲੀਨ ਹੋ ਗਈ। ਸੂਬਾ ਸਰਹਿੰਦ ਦੇ ਹੁਕਮ ਤੇ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੇ ਧੜ ਕਿਲੇ ਤੋਂ ਬਾਹਰ ਹੰਸਲਾ ਨਦੀ ਦੇ ਕੰਢੇ ਤੇ ਸੁੱਟ ਦਿੱਤੇ ਤਾਂ ਕਿ ਕੋਈ ਜੰਗਲੀ ਜਾਨਵਰ ਉਨ੍ਹਾਂ ਦੀਆਂ ਦੇਹਾਂ ਦੀ ਬੇਅਦਬੀ ਕਰ ਸਕੇ। ਸੰਸਾਰ ਤੇ ਸ਼ਾਇਦ ਇਸ ਕਿਸਮ ਦੀ ਕਰੂਰਤਾ ਦੀ ਉਦਾਹਰਣ ਨਹੀਂ ਮਿਲਦੀ। ਦੀਵਾਨ ਟੋਡਰ ਮੱਲ ਕਿਉਂਕਿ ਕਿਸੇ ਸਮੇਂ ਸਰਹਿੰਦ ਰਿਆਸਤ ਦਾ ਜ਼ਿੰਮੇਵਾਰ ਅਧਿਕਾਰੀ ਰਿਹਾ ਸੀ ਉਹ ਅਸਰ ਰਸੂਖ ਵਾਲੇ ਬੰਦਿਆਂ ਨੂੰ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੀਆਂ ਦੇਹਾਂ ਦਾ ਸਸਕਾਰ ਕਰਨ ਲਈ ਮਿਲਿਆ ਤੇ ਨਾਲ ਹੀ ਵਜ਼ੀਰ ਖਾਨ ਕੋਲੋਂ ਸਸਕਾਰ ਲਈ ਜ਼ਮੀਨ ਦੀ ਮੰਗ ਕੀਤੀ। ਜਿਸ ਤੇ ਵਜ਼ੀਰ ਖਾਨ ਨੇ ਸਸਕਾਰ ਲਈ ਜ਼ਮੀਨ ਖਰੀਦਣ ਵਾਸਤੇ ਸੋਨੇ ਦੀਆਂ ਮੋਹਰਾਂ ਦੀ ਮੰਗ ਕੀਤੀ ਜਿਸ ਨਾਲ ਉਹ ਥਾਂ ਕਬਰ ਕੀਤੀ ਜਾ ਸਕੇ। ਦੀਵਾਨ ਟੋਡਰ ਮੱਲ ਨੇ ਆਪਣੇ ਭਰਾ ਨਾਲ ਸਲਾਹ ਕਰਕੇ ਸਾਰਾ ਕੁਝ ਵੇਚ ਵੱਟ ਕੇ ਪਿੰਡ ਅੱਤੇਵਾਲੀ ਦੇ ਮੁਸਲਮਾਨ ਅਤੇ ਉਲਾ ਖਾਨ ਤੋਂ ਸਸਕਾਰ ਲਈ ਜ਼ਮੀਨ ਖਰੀਦੀ। ਇਹ ਸਾਰੀਆਂ ਮੋਹਰਾਂ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਸਪੁਰਦ ਕਰ ਦਿੱਤੀਆਂ ਕਿਉਂਕਿ ਮੁਗਲ ਰਿਆਸਤ ਵਿਚ ਇਹ ਸਾਰੀ ਜ਼ਮੀਨ ਵਜ਼ੀਰ ਖਾਨ ਦੀ ਸੀ। ਪ੍ਰੰਤੂ ਅੱਤੇਵਾਲੇ ਪਿੰਡ ਅਤੇ ਉਲਾ ਖਾਨ ਨੇ ਆਪ ਖੁਦ ਵਸਾਇਆ ਹੋਣ ਕਰਕੇ ਉਸ ਨੇ ਜ਼ਮੀਨ ਦੇਣੀ ਮੰਨ ਲਈ ਸੀ। ਆਖਰ ਵਿਚ ਦੀਵਾਨ ਟੋਡਰ ਮੱਲ ਉਸ ਦੇ ਭਰਾ ਨਾਗਰ ਮੱਲ ਭਾਈ ਮੋਤੀ ਰਾਮ ਮਹਿਰਾ ਅਤੇ ਭਾਈ ਜੋਧ ਸਿੰਘ ਜੀ ਨੇ ਦਾਦੀ ਮਾਂ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਪਵਿੱਤਰ ਸਰੀਰਾਂ ਦਾ ਸਸਕਾਰ 13 ਪੋਹ ਸੰਮਤ 1761 ਬਿ. (27 ਦਸੰਬਰ 1704 ਈਸਵੀ) ਨੂੰ ਸੂਰਜ ਡੁੱਬਣ ਵੇਲੇ ਗੁਰਮਰਿਆਦਾ ਅਨੁਸਾਰ ਕੀਤਾ। ਇਸ ਜਗ੍ਹਾ ਤੇ ਗੁਰਦੁਆਰਾ ਜੋਤੀ ਸਰੂਪ ਬਣਿਆ ਹੋਇਆ ਹੈ।

## ਰੰਘਰੇਟੇ ਗੁਰੂ ਕੇ ਬੇਟੇ

# ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ



ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਦਿੱਲੀ ਦੇ ਚਾਂਦਨੀ ਚੌਕ ਵਿੱਚ ਬੇਅਦਬ ਹੋਣ ਤੋਂ ਬਚਾਕੇ ਸ੍ਰੀ ਅਨੰਦਪੁਰ ਸਾਹਿਬ ਪੁਚਾਉਣ ਵਾਲੇ ਮਹਾਨ ਪਰਉਪਕਾਰੀ, ਬੇਹਦ ਉੱਦਮੀ ਤੇ ਲਾਸਾਨੀ ਸੂਰਬੀਰ ਭਾਈ ਜੈਤਾ ਜੀ ਬਾਰੇ ਇਤਿਹਾਸ ਦੇ ਵਰਕੇ ਫਰੋਲਣ ਤੇ ਭਾਵੇਂ ਕੋਈ ਬਹੁਤੀ ਸਮੱਗਰੀ ਨਹੀਂ ਮਿਲਦੀ, ਫਿਰ ਵੀ ਸਿੱਖ ਇਤਿਹਾਸ ਵਿੱਚ ਉਹਨਾਂ ਦੇ ਅਲੌਕਿਕ ਕ੍ਰਿਸ਼ਮੇ ਕੀਤੇ, ਉਹ ਲਾਮਿਸਾਲ ਹਨ। ਫਿਰਕੂ ਤੇ ਬ੍ਰਾਹਮਣਵਾਦੀ ਸੋਚ ਦੇ ਧਾਰਨੀ ਇਤਿਹਾਸਕਾਰਾਂ ਨੇ ਉਹਨਾਂ ਨੂੰ ਢੁਕਵੀਂ ਤੇ ਸਨਮਾਨ ਯੋਗ ਥਾਂ ਨਹੀਂ ਦਿੱਤੀ,ਸਗੋਂ ਉਹਨਾਂ ਦੇ ਵੱਡੇ ਕਾਰਨਾਮਿਆਂ ਪ੍ਰਤੀ ਜਾਣ ਬੁੱਝ ਕੇ ਅੱਖਾਂ ਮੀਚ ਕੇ ਲੰਘਣ ਦੀ ਕੋਸ਼ਿਸ਼ ਜਾਰੀ ਰੱਖੀ। ਭਾਈ ਜੈਤਾ ਜੀ ਦਾ ਸਮੁੱਚਾ ਜੀਵਨ ਗੁਰੂ ਘਰ ਦੇ ਸਰਬ ਸਾਂਝੀਵਾਲਤਾ, ਮਾਨਵ ਬਰਾਬਰੀ, ਭਾਈਚਾਰੇ ਤੇ ਆਜ਼ਾਦੀ ਵਰਗੇ ਉਚ ਆਦਰਸ਼ ਲਈ ਇਕ ਸੰਘਰਸ਼ ਸੀ। ਉਹਨਾਂ ਦਾ ਤਨ ਮਨ ਗੁਰੂ ਆਸ਼ੇ ਅਨੁਸਾਰ ਨੀਚਾਂ ਨੂੰ ਉਚਿਆ ਕੇ ਸਰਦਾਰ ਤੇ ਪਾਤਸ਼ਾਹ ਬਨਾਉਣ ਹਿਤ ਪਵਿੱਤਰ ਸੰਕਲਪ ਨੂੰ ਸਮਰਪਿਤ ਸੀ। ਉਹਨਾਂ ਦੀ ਅਦੁੱਤੀ ਸ਼ਖ਼ਸੀਅਤ ਸਮਾਜਿਕ, ਧਾਰਮਿਕ ਤੇ ਰਾਜਸੀ ਇਨਕਲਾਬ ਦੀ ਮੁੱਦਈ ਸੀ। ਮਹਾਨ ਤਪੱਸਵੀ, ਲਾਸਾਨੀ ਸੂਰਬੀਰ, ਦੂਰ ਅੰਦੇਸ਼ ਤੇ ਸੂਝਵਾਨ ਆਗੂ, ਬਹਾਦਰ ਜਰਨੈਲ ਤੇ ਵਿਦਵਾਨ ਕਵੀ ਭਾਈ ਜੈਤਾ ਜੀ ਦੇ ਉਚੇ ਤੇ ਵੱਡੇ ਕਾਰਨਾਮੇ ਵੀ ਉਹਨਾਂ ਦੀ ਅਖੌਤੀ ਨੀਵੀਂ ਜਾਤ ਸਦਕਾ ਸਮੇਂ ਦੀ ਧੂੜ ਹੇਠਾਂ ਨਪ ਦਿੱਤੇ ਗਏ ।

ਪ੍ਰਸਿੱਧ ਇਤਿਹਾਸਕਾਰ ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਭਾਈ ਜੈਤਾ ਦੇ ਨੇ ਮਜ਼ਬੀ ਸਿੱਖ ਕਲਿਆਣਾ ਖਾਨਦਾਨ ਵਿਚ ਭਾਈ ਸਦਾ ਨੰਦ ਦੇ ਗ੍ਰਹਿ ਵਿਖੇ ਮਾਤਾ ਪ੍ਰੇਮੋ ਦੀ ਸੁਲੱਖਣੀ ਕੁੱਖੋਂ ਜਨਮ ਲਿਆ। ਪੰਜਾਬੀ ਲਿਖਾਰੀ ਸਭਾ ਫਿਰੋਜ਼ਪੁਰ ਦੇ ਵਿਸ਼ੇਸ਼ ਅੰਕ ਦਸੰਬਰ 1992 'ਚ ਸਰਦਾਰ ਦਲਬੀਰ ਸਿੰਘ ਜ਼ਿਲ੍ਹਾ ਭਾਸ਼ਾ ਅਫ਼ਸਰ ਭਾਈ ਜੈਤਾ ਜੀ ਦਾ ਜਨਮ 2 ਸਤੰਬਰ1661 ਨੂੰ ਪਟਨਾ (ਜੋ ਉਸ ਸਮੇਂ ਬੰਗਾਲ ਦੀ ਰਾਜਧਾਨੀ ਸੀ) ਵਿਖੇ ਹੋਇਆ ਦੱਸਦੇ ਹਨ। ਇਸ ਸਮੇਂ ਗੁਰੂ ਤੇਗ ਬਹਾਦਰ ਸਾਹਿਬ ਪੂਰਬੀ ਰਾਜਾਂ ਦੀ ਪ੍ਰਚਾਰ ਯਾਤਰਾ ਤੇ ਸਨ। ਡਾਕਟਰ ਗੁਰਮੁਖ ਸਿੰਘ ਰਿਸਰਚ ਅਫ਼ਸਰ ਭਾਸ਼ਾ ਵਿਭਾਗ ਨੇ ਭਾਈ ਜੈਤਾ ਜੀਵਨ ਤੇ ਰਚਨਾ ਨਾਮ ਦੀ ਪੁਸਤਕ ਵਿਚ ਇਸ ਤੱਥ ਦੀ ਪੁਸ਼ਟੀ ਕੀਤੀ ਹੈ ਕਿ ਭਾਈ ਸਦਾ ਨੰਦ ਜੀ ਇਸ ਯਾਤਰਾ ਸਮੇਂ ਪਰਵਾਰ ਸਮੇਤ ਨਾਲ ਸਨ। ਦਰਬਾਰੀ ਕਵੀ ਕੰਕਣ ਅਨੁਸਾਰ ਆਪ ਦੇ ਛੋਟੇ ਭਾਈ ਸੰਗਤ ਸਿੰਘ ਜੀ ਦਾ ਜਨਮ ਵੀ ਪਟਨਾ ਵਿਖੇ ਹੋਇਆ। ਇਸੇ ਲਈ ਉਹਨਾਂ ਨੂੰ ਵੀ ਬੰਗਸੀ ਵੀ ਕਿਹਾ ਜਾਣ ਲੱਗਾ--



ਲਾਲ ਸਿੰਘ ਸੁਲਹਾਣੀ
91-98721-55120

ਬੰਗਸ ਤਾਂ ਕੋਈ ਦੇਸ ਭਣੀਜੈ,
ਤਾਂ ਤੇ ਨਾਮ ਬੰਗਸੀ ਲੀਜੈ।
(ਗੁਰ ਬਿਲਾਸ ਸੁੱਖਾ ਸਿੰਘ)

"ਭਾਈ ਜੈਤਾ ਜੀ ਦਾ ਬਚਪਨ ਵਧੇਰੇ ਬਾਲਕ ਗੋਬਿੰਦ ਰਾਏ ਨਾਲ ਪਟਨਾ ਵਿਖੇ ਹੀ ਬੀਤਿਆ ਜਦੋਂ ਮਾਤਾ ਗੁਜਰੀ ਜੀ ਪਰਵਾਰ ਸਮੇਤ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਪੁੱਜੇ ਤਾਂ ਭਾਈ ਸਦਾ ਨੰਦ,ਭਾਈ ਜੈਤਾ ਸਮੇਤ ਅਨੰਦਪੁਰ ਸਾਹਿਬ ਆ ਟਿਕੇ। ਭਾਈ ਜੈਤਾ ਜੀ ਨੇ ਪਟਨਾ ਸਾਹਿਬ ਵਿਖੇ ਹੀ ਗੁਰਮੁਖੀ ਤੇ ਸ਼ਸ਼ਤਰ ਵਿਦਿਆ ਪ੍ਰਾਪਤ ਕੀਤੀ।"
('ਸਿੱਖ ਇਤਿਹਾਸ ਤੋਂ ਚੋਣਵੀਆਂ ਸਾਖੀਆਂ' ਪ੍ਰਕਾਸ਼ਕ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ)

ਭਾਈ ਜੈਤਾ ਜੀ ਦੀ ਵਿਲੱਖਣ ਸ਼ਖ਼ਸੀਅਤ ਬਾਰੇ ਸ੍ਰੀ ਹਰਨਾਮ ਦਾਸ ਸਹਿਰਾਈ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ--

"ਜੈਤਾ ਅੱਥਰੇ ਗਭਰੂ ਵਾਂਗੂੰ ਕਾਬੂ ਨਹੀਂ ਆ ਰਿਹਾ ਸੀ। ਦਿਨਾਂ ਵਿਚ ਹੀ ਉਹ ਪ੍ਰਗਟ ਹੋਇਆ ਤੇ ਪਲਾਂ ਵਿਚ ਹੀ ਨਿੱਤਰ ਕੇ ਸਾਹਮਣੇ ਆ ਗਿਆ। ਜੈਤਾ ਇਕ ਅੱਗ ਸੀ ਮੁੱਦਤਾਂ ਦੀ ਦੱਬੀ ਕੁਚਲੀ।
ਜੈਤਾ ਇਕ ਆਵਾਜ਼ ਸੀ ਜਿਹੜੀ ਕੰਠ ਵਿਚੋਂ ਨਹੀਂ ਸੀ ਨਿਕਲੀ।
ਜੈਤਾ ਇਕ ਤੂਫਾਨ ਸੀ ਲਹਿਰਾਂ ਦੀ ਬੁੱਕਲ ਚ ਲੁਕਿਆ ਹੋਇਆ।
ਜੈਤਾ ਉਹਨਾਂ ਮਹਾਂਪੁਰਸ਼ਾਂ ਦੀ ਬਹਿਣੀ ਬੈਠਾ ਸੀ ਜਿਹਨਾਂ ਨੇ ਇਕ ਨਵੀਂ ਕੌਮ ਦੀ ਸਿਰਜਣਾ ਕਰਨੀ ਸੀ।

ਜੈਤੇ ਨੇ ਮਾਂ ਦੇ ਦੁੱਧ ਨਾਲ ਲੋਰੀਆਂ ਲਈਆਂ ਸਨ ਬਹਾਦਰ ਯੋਧਿਆਂ ਦੀਆਂ ਬੀਰ ਗਾਥਾਵਾਂ ਸੁਣ ਕੇ। ਉਸਨੂੰ ਕੌਣ ਸੀ ਦੱਸਣ ਵਾਲੀ ਪਤਾ ਜੇ, ਮਾਤਾ ਨਾਨਕੀ। ਜੈਤਾ ਮਾਤਾ ਗੁਜਰੀ ਦੇ ਵਿਹੜੇ ਵਿਚ ਜੁਆਨ ਹੋਇਆ ਸੀ। ਜੈਤੇ ਦੀ ਨੁਹਾਰ ਦੇਖ ਕੇ ਕਿਸੇ ਬਹਾਦਰ ਯੋਧੇ ਦਾ ਅਨੁਮਾਨ ਲਾਇਆ ਜਾ ਸਕਦਾ ਸੀ।"

ਭਾਈ ਕੋਇਰ ਸਿੰਘ ਆਪਣੇ ਗੁਰੂ ਬਿਲਾਸ ਪਾਤਸ਼ਾਹੀ ਦਸਵੀਂ ਵਿਚ ਭਾਈ ਜੈਤੇ ਦੀ ਗੁਰੂ ਘਰ ਵਿਚ ਪਾਲਣਾ ਹੋਣ ਬਾਰੇ ਸੰਕੇਤ ਕਰਦਾ ਹੈ-

"ਜਾਤ ਚੰਡਾਲ ਹੈ ਪਾਲਕ ਸੋਈ"

ਇਸ ਤਰ੍ਹਾਂ ਗੁਰੂ ਘਰ ਨਾਲ ਜੁੜ ਕੇ, ਨੀਚ ਗਰਦਾਨੇ ਗਏ ਲੋਕਾਂ ਵਿਚ ਇਨਕਲਾਬੀ ਤਬਦੀਲੀ ਆ ਰਹੀ ਸੀ। ਜਿਸ ਨੂੰ ਸਨਾਤਨੀ ਸਮਾਜ ਕਿਸੇ ਕੀਮਤ ਤੇ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸੀ। ਜਾਤੀਵਾਦ ਦੀ ਜਿਲ੍ਹਣ ਵਿਚ ਫਸਕੇ ਉਹ ਗੁਰੂ ਘਰ ਨੂੰ ਵੰਗਾਰ ਮੰਨਕੇ ਹਰ ਤਰ੍ਹਾਂ ਨੁਕਸਾਨ ਪੁਚਾਉਣ ਅਤੇ ਬਰਬਾਦ ਕਰਨ ਲਈ ਸਾਜ਼ਸ਼ਾਂ ਘੜਨ ਤੇ ਉਤਰ ਆਇਆ। ਉਸਨੇ ਗੁਰਮਤਿ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਅਤੇ ਜ਼ੋਰ ਜ਼ਬਰਦਸਤੀ ਨਾ.ਲ ਜਨੇਊ ਲੁਹਾ ਰਹੀ ਹਕੂਮਤ ਦੀ ਤਲਵਾਰ ਦੇ ਆਪਸੀ ਟਕਰਾਅ ਦਾ ਸਬੱਬ ਬਣਾ ਹੀ ਲਿਆ। ਮੁੱਖੀ ਤੇ ਬੁਧੀਜੀਵੀ ਕਸ਼ਮੀਰੀ ਪੰਡਤਾਂ ਨੇ ਅਨੰਦਪੁਰ ਸਾਹਿਬ ਪੁੱਜ ਕੇ ਗੁਰੂ ਤੇਗ ਬਹਾਦਰ ਸਾਹਿਬ ਅਣਖ, ਇਜ਼ਤ ਤੇ ਧਰਮ ਦਾ ਵਾਸਤਾ ਪਾਇਆ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਵੇ.ਲੇ ਤੋਂ ਗੁਰੂ ਘਰ ਤੇ ਸ਼ਾਹੀ ਪਰਵਾਰ ਦੇ ਸੰਬੰਧ ਸੁਖਾਵੇਂ ਬਣ ਰਹੇ ਸਨ। ਇਕ ਓਅੰਕਾਰ ਤੇ ਅੱਵਲ ਅੱਲਾ ਦੀ ਫਿਲਾਸਫੀ ਵਿਚ ਨੇੜਤਾ ਵਧ ਰਹੀ ਸੀ॥ ਖਤਰਾ ਭਾਂਪ ਕੇ ਓਮ ਦੀ ਵੰਡ ਵਿਤਕਰਿਆਂ ਤੇ ਨਫ਼ਰਤਾਂ ਨੂੰ ਬੜਾਵਾ ਦਿੰਦੀ ਅਮਾਨਵੀ ਸੋਚ ਨੇ ਆਪਣੇ ਬਚਾਅ ਦਾ ਰਾਹ ਲੱਭ ਲਿਆ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਹਕੂਮਤ ਦੀ ਤਲਵਾਰ ਸਿੱਖਾਂ ਦੇ ਖ਼ੂਨ ਦੀ ਪਿਆਸੀ ਹੋ ਗਈ। ਕੇਸਾਧਾਰੀ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ। ਉਲਟਾ ਬਾਈਧਾਰੀਏ ਰਾਜੇ ਔਰੰਗਜ਼ੇਬ ਦੀ ਤਲਵਾਰ ਨੂੰ ਬਲ ਪ੍ਰਦਾਨ ਕਰਨ ਲਈ ਸਾਹਮਣੇ ਆ ਖੜੋਤੇ।

ਸ਼ਰਨ ਆਏ ਦੀ ਲਾਜ ਰੱਖਣ ਤੇ ਇੱਜ਼ਤ, ਅਣਖ ਦੇ ਮੁੱਦਈ ਗੁਰੂ ਤੇਗ ਬਹਾਦਰ ਜੀ ਤੇ 11 ਨਵੰਬਰ 1675 ਈਸਵੀ ਨੂੰ ਔਰੰਗਜ਼ੇਬੀ ਕਹਿਰ ਵਰਤਿਆ। ਗਰੀਬਾਂ ਮਜ਼ਲੂਮਾਂ ਦੇ ਰੱਖਿਅਕ ਤੇ ਤਲਵਾਰ ਚੱਲੀ ਅਤੇ ਸੱਚ ਧਰਮ ਤੇ ਸਾਂਝੀਵਾਲਤਾ ਦੇ ਅਲਮਬਰਦਾਰ ਦਾ ਸੀਸ ਧੜ ਤੋਂ ਅਲੱਗ ਕਰ ਦਿੱਤਾ ਗਿਆ। ਸ਼ਾਹੀ ਫੁਰਮਾਨ ਜਾਰੀ ਹੋਇਆ ਕਿ ਗੁਰੂ ਤੇਗ ਬਹਾਦਰ ਜੀ ਦੀ ਦੇਹ ਨੂੰ ਦਿੱਲੀ ਦੇ ਚੌਕਾਂ ਬਜ਼ਾਰਾਂ ਵਿਚ ਰੋਲਿਆ ਜਾਵੇ ਤਾਂ ਕਿ ਲੋਕਾਂ ਨੂੰ ਅਹਿਸਾਸ ਹੋ ਸਕੇ ਕਿ ਹਕੂਮਤ ਦੇ ਬਾਗ਼ੀਆਂ ਦਾ ਕੀ ਹਸ਼ਰ ਹੁੰਦਾ ਹੈ। ਔਰੰਗਜ਼ੇਬ ਇਹ ਵੇਖਣਾ ਚਾਹੁੰਦਾ ਸੀ ਕਿ ਗੁਰੂ ਤੇਗ਼ ਬਹਾਦੁਰ ਦੀ ਸ਼ਹਾਦਤ ਤੋਂ ਬਾਅਦ ਭਾਰਤੀਆਂ ਵਿਚ ਸਾਹ ਸਤ ਬਚਿਆ ਵੀ ਹੈ ਜਾਂ ਬਿਲਕੁਲ ਬੇਗ਼ੈਰਤ ਤੇ ਬੇਦਿਲ ਹੋ ਗਏ ਹਨ। ਗੁਰੂ ਜੀ ਦੀ ਦੇਹ ਚਾਂਦਨੀ ਚੌਕ ਵਿਚ ਰੁਲਦੀ ਰਹੇ, ਕੋਈ ਇਸ ਨੂੰ ਉਠਾਏ ਨਾ। ਇਸ ਮਕਸਦ ਲਈ ਹਕੂਮਤ ਨੇ ਸਖ਼ਤ ਪਹਿਰੇ ਲਾ ਦਿੱਤੇ। ਪਰਚੀਆਂ ਸੇਵਾਦਾਸ ਇਹਨਾਂ ਪ੍ਰਬੰਧਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿੰਦਾ ਹੈ--

"ਤੇ ਗੁਰੂ ਦੀ ਲੋਥ ਉਪਰਿ ਪਾਤਸ਼ਾਹੀ ਚੌਂਕੀਆਂ ਬੈਠ ਗਈਆਂ,
ਲੋਥ ਨਾ ਚਾਵਣ ਮਿਲੇ।" (ਪੰਨਾ 94)

ਦੇਹ ਦੁਆਲੇ ਚੌਂਕੀਆਂ ਬਿਠਾਉਣ ਵਾਲੀ ਗਲ ਮਹਿਮਾ ਪ੍ਰਕਾਸ਼ ਦਾ ਕਰਤਾ ਸਰੂਪ ਦਾਸ ਭੱਲਾ ਤੇ ਗੁਰ ਬਿਲਾਸ ਪਾਤਸ਼ਾਹੀ ਦਸਵੀਂ ਦਾ ਲਿਖਾਰੀ ਸੁੱਖਾ ਸਿੰਘ ਵੀ ਮੰਨਦਾ ਹੈ। ਸ਼ਾਹੀ ਪ੍ਰਕੋਪ ਤੋਂ ਡਰਦਾ ਕੋਈ ਵੀ ਆਪਣੇ ਆਪ ਨੂੰ ਗੁਰੂ ਦਾ ਨਾਮਲੇਵਾ ਕਹਿਣ ਤੇ ਦੇਹ ਵਲ ਝਾਕਣ ਦਾ ਹੀਆ ਵੀ ਨਾ ਕਰ ਸਕਿਆ। ਗੁਰੂ ਜੀ ਦੇਹ ਦਾ ਇਸ ਤਰ੍ਹਾਂ ਬੇਅਦਬ ਹੁੰਦੇ ਰਹਿਣਾ ਮੁਗਲੀਆ ਹਕੂਮਤ ਦੀ ਦਹਿਸ਼ਤ ਤੇ ਚੜ੍ਹਤ ਦਾ ਅਤੇ ਸਿੱਖਾਂ ਦੀ ਰੁਲ ਰਹੀ ਅਜ਼ਮਤ ਦਾ ਸੰਕੇਤ ਸੀ। ਇਸ ਬਾਰੇ ਬਾਲ ਗੋਬਿੰਦ ਰਾਇ ਅਤਿਅੰਤ ਚਿੰਤਾ ਗ੍ਰਸਤ ਸਨ। ਗੁਰੂ ਸਾਹਿਬ ਦੀ ਇਸ ਚਿੰਤਾ ਬਾਰੇ ਸੋਹਣ ਲਾਲ ਸੂਰੀ ਉਮੱਦਤਤ ਤਵਾਰੀਖ ਫ਼ਾਰਸੀ ਸਰੋਤ ਪੰਨਾ 74 ਤੇ ਇਸ ਤਰ੍ਹਾਂ ਲਿਖਦਾ ਹੈ--

"ਗੁਰੂ ਸਾਹਿਬ ਹਰ ਰੋਜ਼ ਆਪਣੇ ਦ੍ਰਿੜ੍ਹ ਨਿਸ਼ਚੇ ਵਾਲੇ ਤੇ ਪੂਰੀ ਤਰ੍ਹਾਂ ਨਿਭਣ ਵਾਲੇ ਮੁਰੀਦਾਂ ਨੂੰ ਪੈਰਵੀ ਕਰਨ ਯੋਗ ਸਲਾਹ ਦਿੰਦੇ ਹਨ ਕਿ ਜਿਹੜਾ ਵੀ ਕੋਈ ਸਾਡੇ ਸਨਮਾਨ ਯੋਗ ਪਿਤਾ ਦੇ ਖ਼ੂਨ ਦਾ ਬਦਲਾ ਲੈਣ ਅਤੇ ਉਸ ਨੇਕ ਆਤਮਾ ਦੇ ਸਰੀਰ ਨੂੰ ਲਿਆਉਣ ਲਈ ਵੱਡੀ ਕੋਸ਼ਿਸ਼ ਤੇ ਨਾ ਮੁੱਕਣ ਵਾਲਾ ਤਰੱਦਦ ਦਿਖਾਵੇਗਾ, ਉਹੀ ਸਾਡੇ ਅਦੁੱਤੀ ਸੇਵਕਾਂ ਤੇ ਵਫ਼ਾਦਾਰ ਨਾਮ ਲੇਵਿਆਂ ਚੋਂ ਹੋਵੇਗਾ।"

ਭਾਈ ਜੈਤਾ ਜੀ ਨੇ ਗੁਰੂ ਤੇਗ ਬਹਾਦਰ ਦਾ ਸੀਸ ਆਦਰ ਸਹਿਤ ਅਨੰਦਪੁਰ ਸਾਹਿਬ ਪੁਚਾਉਣ ਅਤੇ ਦੇਸ਼ ਦੇ ਸ਼ਿਕਾਰ ਲਈ ਪੂਰੀ ਵਿਉਂਤਬੰਦੀ ਨਾਲ ਆਪਣੇ ਪਿਤਾ ਦੀ ਆਹੂਤੀ ਦੇ ਕੇ ਗੁਰੂ ਸਾਹਿਬ ਦੇ ਧੜ ਅਤੇ ਸੀਸ ਦੇ ਥਾਉਂ ਰੱਖਿਆ ਤਾਂ ਕਿ ਪਹਿਰੇਦਾਰਾਂ ਨੂੰ ਗੁਰੂ ਸਾਹਿਬ ਦੀ ਦੇਹ ਪਈ ਹੋਣ ਦਾ ਭੁਲੇਖਾ ਬਣਿਆਂ ਰਹੇ।

ਪ੍ਰਿੰਸੀਪਲ ਸਤਿਬੀਰ ਸਿੰਘ ਆਪਣੀ ਰਚਨਾ "ਇਤਿ ਜਿਨ ਕਰੀ" ਅਤੇ "ਪੁਰਖ਼ ਭਗਵੰਤ" ਵਿਚ ਲਿਖਦੇ ਹਨ ਕਿ ਭਾਈ ਜੈਤਾ ਜੀ ਨੇ ਗੁਰੂ ਤੇਗ ਬਹਾਦਰ ਜੀ ਦਾ ਪਾਵਨ ਧੜ ਅਤੇ ਸੀਸ ਉਠਾਉਣ ਵੇਲੇ ਆਪਣੇ ਪਿਤਾ ਭਾਈ ਸਦਾ ਨੰਦ ਦਾ ਸੀਸ ਅਤੇ ਧੜ ਉਥੇ ਟਿਕਾਇਆ ਸੀ। ਉਹ ਆਪਣੀ ਇਸ ਰਚਨਾ ਨੂੰ 'ਭਾਈ ਜੈਤਾ ਜੀ ਦੀ ਜੁਰਅਤਿ' ਨੂੰ ਸਮਰਪਿਤ ਕਰਦਿਆਂ ਲਿਖਦੇ ਹਨ-

"ਜਦ ਭਾਈ ਜੈਤਾ ਜੀ ਦੀ ਕੁਰਬਾਨੀ ਜੁਅਰਤ ਤੇ ਵਿਉਂਤਬੰਦੀ ਦੀ ਗਾਥਾ ਸੁਣੀ ਤਾਂ ਛਾਤੀ ਨਾਲ ਲਗਾਇਆ ਤੇ ਬਚਨ ਕੀਤਾ ਰੰਘਰੇਟੇ ਗੁਰੂ ਕੇ ਬੇਟੇ। ਬਾਪ ਦਿਤਾ ਤੇ ਗੁਰੂ ਗੋਬਿੰਦ ਸਿੰਘ ਵਰਗਾ ਪਿਤਾ ਮਿਲਿਆ। ਜਦ ਗੁਰੂ ਜੀ ਨੇ ਕੁਝ ਮੰਗਣ ਲਈ ਕਿਹਾ ਤਾਂ ਰੰਘਰੇਟੇ ਨੇ ਕਿਹਾ, ਅੰਮ੍ਰਿਤਸਰ ਦਾ ਦਰਸ਼ਨ ਇਸ਼ਨਾਨ ਬਖਸ਼ੋ।"(ਪੰਨਾ 189)

ਇਸ ਨੂੰ ਪ੍ਰਵਾਨ ਕਰਦਿਆਂ ਗੁਰੂ ਜੀ ਨੇ ਹਰਿਮੰਦਰ ਸਾਹਿਬ ਵਿਖੇ ਬੇਰੀ ਦੁੱਖ ਭੰਜਨੀ ਦੇ ਲਾਗੇ ਬੁੰਗਾ ਰੰਘਰੇਟਿਆਂ ਬਣਵਾ ਕੇ ਦਿਤਾ। ਜਿਥੇ ਗੁਰੂ ਕੇ ਬੇਟੇ ਰੰਘਰੇਟੇ ਸਿੱਖ ਜੋੜ ਮੇਲਿਆਂ ਤੇ ਇਕੱਤਰ ਹੁੰਦੇ ਸਨ। ਦਰਬਾਰੀ ਕਵੀ ਕੰਕਣ ਇਸ ਬਾਬਤ ਵਰਨਣ ਕਰਦੇ ਹਨ ਕਿ-

ਮਜ਼ੵਬੀ ਉਪਰ ਸਤਿਗੁਰੂ ਐਸੀ ਕਿਰਪਾ ਕੀਨ।
ਸ੍ਰੀ ਅੰਮ੍ਰਿਤਸਰ ਤਾਲ ਕੀ ਬਾਹੀ ਚਉਥੀ ਦੀਨ।

ਸਮਕਾਲੀ ਤੇ ਉਤਰ ਕਾਲੀ ਵਿਦਵਾਨਾਂ ਤੇ ਇਤਿਹਾਸਕਾਰਾਂ ਦੇ ਹਵਾਲੇ ਦਿੰਦਿਆਂ "ਗੁਰੂ ਕੇ ਬੇਟੇ" ਪੁਸਤਕ ਦੇ ਕਰਤਾ ਸਰਦਾਰ ਜਸਵੰਤ ਸਿੰਘ ਇਕ ਹੋਰ ਤੱਥ ਉਜਾਗਰ ਕਰਦਿਆਂ ਲਿਖਦੇ ਹਨ ਕਿ ਭਾਈ ਜੈਤਾ ਅਤੇ ਉਸਦੇ ਤਾਇਆ ਆਗਿਆ ਰਾਮ ਨੇ ਚਾਂਦਨੀ ਚੌਕ ਵਿਚੋਂ ਗੁਰੂ ਸਾਹਿਬ ਦੇ ਪਾਵਨ ਸੀਸ ਅਤੇ ਧੜ ਨੂੰ ਆਪਣੇ ਪਿਤਾ ਬਾਬਾ ਸਦਾ ਨੰਦ ਦੇ ਸੀਸ ਤੇ ਧੜ ਨਾਲ ਅਦਲ ਬਦਲ ਕਰ ਲਿਆ ਅਤੇ ਆਪਣੇ ਪੁਰਖਿਆਂ ਦੀ ਰਿਹਾਇਸ਼ ਭਾਈ ਕਲਿਆਣੇ ਦੀ ਧਰਮਸ਼ਾਲਾ ਪਿੰਡ ਰਾਇਸੀਨਾ ਮੁਹੱਲਾ ਦਿਲਵਾਲੀ ਦਿੱਲੀ ਵਿਖੇ ਘਰ ਅੰਦਰ ਹੀ ਚਿਖਾ ਤਿਆਰ ਕਰਕੇ ਪਾਵਨ ਧੜ ਦਾ ਸਸਕਾਰ ਕਰ ਦਿੱਤਾ ਅਤੇ ਪਾਵਨ ਸੀਸ ਲੈਕੇ ਅਨੰਦਪੁਰ ਸਾਹਿਬ ਪਹੁੰਚ ਗਿਆ। ਇਸ ਅਸਥਾਨ ਤੇ ਅੱਜ ਕੱਲ ਗੁਰਦੁਆਰਾ ਰਕਾਬਗੰਜ ਸਾਹਿਬ ਸ਼ਸ਼ੋਭਿਤ ਹੈ। ਮੁਗਲ ਹਕੂਮਤ ਦੇ ਪਹਿਰੇ ਵਿੱਚੋਂ ਗੁਰੂ ਜੀ ਦਾ ਧੜ ਅਤੇ ਸੀਸ ਚੁੱਕਣਾ ਕੋਈ ਖੇਡ ਨਹੀਂ ਸੀ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਵਿਉਂਤਬੰਦੀ ਅਤੇ ਸ਼ਰਧਾਲੂਆਂ ਦੀਆਂ ਸੇਵਾਵਾਂ ਦੀ ਸਖ਼ਤ ਲੋੜ ਸੀ। ਔਰੰਗਜ਼ੇਬ ਦੀ ਪੁੱਤਰੀ ਬੀਬੀ ਜੇਬੁਲਨਿਸ਼ਾ ਅਤੇ ਚਾਂਦਨੀ ਚੌਂਕ ਦੇ ਕੋਤਵਾਲ ਖ਼ੁਆਜਾ ਅਬਦੁੱਲਾ ਨਿਵਾਸੀ ਮਨੀ ਮਾਜਰਾ (ਚੰਡੀਗੜ੍ਹ) ਜੋ ਗੁਰੂ ਘਰ ਦੇ ਬਹੁਤ ਸ਼ਰਧਾਲੂ ਸਨ, ਨੇ ਆਪਣਾ ਉੱਤਮ ਤੇ ਵਡਮੁੱਲਾ ਯੋਗਦਾਨ ਪਾਇਆ। ਪਤਾ ਲੱਗਣ ਤੇ ਔਰੰਗਜ਼ੇਬ ਨੇ ਆਪਣੀ ਪੁੱਤਰੀ ਨੂੰ ਕੈਦ ਕਰ ਲਿਆ ਤੇ ਹੌ.ਲੀ ਹੌ.ਲੀ ਜ਼ਹਿਰ ਦੇ ਕੇ ਮਰਵਾ ਦਿੱਤਾ। ਕੋਤਵਾਲ ਖ਼ਵਾਜਾ ਅਬਦੁੱਲਾ ਸ਼ਹਾਦਤ ਨੂੰ ਨਾ ਸਹਾਰਦੇ ਹੋਏ ਨੌਕਰੀ ਛੱਡ ਕੇ ਅਨੰਦਪੁਰ ਦਸਮੇਸ਼ ਪਿਤਾ ਦੀ ਸੇਵਾ ਵਿਚ ਆ ਗਿਆ।

ਗੁਰੂ ਤੇਗ ਬਹਾਦਰ ਜੀ ਦੇ ਸਮਕਾਲੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਕੰਕਣ, ਡਾਕਟਰ ਗੁਰਮੁਖ ਸਿੰਘ ਦੁਆਰਾ ਸੰਪਾਦਿਤ ਸੰਖੇਪ ਦਸ ਗੁਰ ਕਥਾ ਵਿਚ ਬਾਲ (ਗੁਰੂ) ਗੋਬਿੰਦ ਰਾਇ ਦੀ ਚਿੰਤਾ ਇਹਨਾਂ ਸ਼ਬਦਾਂ 'ਚ ਦਰਸਾਉਂਦੇ ਹਨ --

ਪਿਤਾ ਸਵਰਗਿ ਗਹੇ ਸੁਨਿ,
ਕੀਨਾ ਅਧਿਕ ਬਿਯੋਗ।
ਦੇਹਧਾਰੀ ਕਾ ਧਰਮ ਹੈ,
ਹੋਵਤ ਹੈ ਜਗਿ ਸੋਗ।
ਹੋਵੈ ਕੋਇ ਸਿੱਖ ਮਮ,
ਸਤਿਗੁਰ ਕਿਹਾ ਸੁਨਾਇ।
ਸੀਸ ਹਮਾਰੇ ਪਿਤਾ ਕਾ,
ਤਹਿ ਤੇ ਲਿਆਵੈ ਜਾਇ।
ਔਰ ਸਮੇਂ ਚੁਪਿ ਕਰ ਰਹੇ,
ਮਜ਼ੵਬੀ ਉਠਯੋ ਰੋਇ।
ਮੈਂ ਹੂੰ ਉਦਮ ਕਰਊਂਗਾ,
ਹੋਣੀ ਹੋਇ ਸੋ ਹੋਇ। (ਪੰਨਾ 58)

ਭਾਈ ਜੈਤਾ ਜੀ ਨੂੰ ਤਿਆਰ ਕਰਕੇ, ਵੰਗਾਰ ਕੇ ਗੁਰੂ ਗੋਬਿੰਦ ਰਾਇ ਨੇ ਕਿਲ੍ਹਾ ਅਨੰਦਗੜ੍ਹ ਤੋਂ ਭੇਜਿਆ ਸੀ ਕਿਉਂਕਿ ਜਾਨ ਜ਼ੋਖਮ 'ਚ ਪਾਉਣ ਵਾ.ਲਾ ਇਹ ਕੰਮ ਕਰਨ ਲਈ ਹੋਰ ਕੋਈ ਵੀ ਨਹੀਂ ਨਿੱਤਰਿਆ ਸੀ। ਭਾਈ ਜੈਤੇ ਨੇ ਦਲੇਰੀ, ਬਹਾਦਰੀ ਤੇ ਪੂਰੀ ਵਿਉਂਤਬੰਦੀ ਨਾਲ "ਅਣਖ ਦੀ ਚਾਦਰ" ਨੂੰ ਆਪਣੀ ਚਾਦਰ 'ਚ ਵਲ੍ਹੇਟ ਕੇ ਲਿਆਂਦਾ।

ਭਾਈ ਜੈਤਾ ਜੀ ਨੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਹੀ ਆਦਰ ਸਹਿਤ ਦਿੱਲੀ ਤੋਂ ਅਨੰਦਪੁਰ ਸਾਹਿਬ ਪੁਚਾਉਣ ਦਾ ਮਹਾਨ ਪਰਉਪਕਾਰ ਹੀ ਨਹੀਂ ਕੀਤਾ ਸਗੋਂ ਉਹਨਾਂ ਨੇ ਆਪਣੇ ਪਿਤਾ ਦਾ ਸੀਸ ਕੱਟਕੇ ਭੁਲੇਖਾ ਪਾਉਣ ਲਈ ਗੁਰੂ ਦੀ ਦੇਹ ਦੀ ਥਾਂ ਰੱਖਿਆ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਪਹਿਲਾਂ ਜ਼ਾਬਰ ਹਾਕਮਾਂ ਵਲੋਂ ਭਿਆਨਕ ਮੌਤ ਦੇ ਡਰਾਵੇ ਦੇਣ ਤੇ ਸਹਿਮ ਪੈਦਾ ਕਰਨ ਲਈ ਸਤਿਗੁਰੂ ਜੀ ਦੇ ਸਾਹਮਣੇ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚਿਰਵਾ ਕੇ ਸ਼ਹੀਦ ਕੀਤਾ ਗਿਆ। ਫਿਰ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ਼ ਵਿਚ ਤਸੀਹੇ ਦੇਕੇ ਸ਼ਹੀਦ ਕੀਤਾ ਅਤੇ ਇਸ ਉਪਰੰਤ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਜ਼ਿੰਦਾ ਜਲਾ ਦਿੱਤਾ ਗਿਆ।

ਭਾਈ ਜੈਤਾ ਜੀ ਗੁਰੂ ਜੀ ਪਾਸੋਂ ਇਕ ਚਿੱਠੀ ਅਤੇ ਗੁਰਬਾਣੀ ਦੇ 57 ਸਲੋਕ ਵੀ ਲੈ ਕੇ ਆਏ ਸਨ। ਸਰਦਾਰ ਦਲਬੀਰ ਸਿੰਘ ਪੰਜਾਬੀ ਲਿਖਾਰੀ ਸਭਾ ਦੇ ਵਿਸ਼ੇਸ਼ ਅੰਕ ਵਿਚ ਲਿਖਦੇ ਹਨ –

"ਭਾਈ ਜੈਤਾ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਅੰਤਿਮ ਸਮੇਂ ਰਚਿਤ ਬਾਣੀ ਦੇ ਸਲੋਕ ਅਨੰਦਪੁਰ ਸਾਹਿਬ ਪੁਚਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਨੂੰ ਮੁਕੰਮਲ ਕਰਵਾਉਣ ਵਾਸਤੇ ਵਿਸ਼ੇਸ਼ ਯੋਗਦਾਨ ਪਾਇਆ, ਸਿੱਖ ਪੰਥ ਉਹਨਾਂ ਦਾ ਹਮੇਸ਼ਾ ਰਿਣੀ ਰਹੇਗਾ।"

ਨੌਵੇਂ ਗੁਰੂ ਜੀ ਨੇ ਅੰਤ ਸਮਾਂ ਨੇੜੇ ਅਨੁਭਵ ਕਰਕੇ ਯੋਗ ਵਾਰਸ ਨੂੰ ਗੁਰਿਆਈ ਤਿਲਕ ਦੇਣ ਲਈ ਪੰਜ ਪੈਸੇ ਨਾਰੀਅਲ ਆਦਿ ਸਮਗਰੀ ਅਨੰਦਪੁਰ ਸਾਹਿਬ ਪੁਚਾਉਣ ਦਾ ਆਦੇਸ਼ ਵੀ ਦਿੱਤਾ ਇਸ ਸਬੰਧੀ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ--

ਇਤ ਗੁਰੂ ਜਾਨਯੋਗ ਦੇਹ ਦਾ
ਮਮ ਢੁਕਯੋ ਢਿਗ ਅਬ ਕਾਲ ਹੈ।
ਮੰਗਵਾਇ ਪੈਸੇ ਨਿਰੀਫਲ
ਧਰ ਧਿਆਨ ਮਾਥ ਝੁਕਾਇਕੇ।
ਗੁਰਦਿਤੇ ਕਰ ਭਾਈ ਜੈਤੇ ਕੇ
ਇਵ ਕਹਤੋ ਇਵ ਸਮਝਾਇਕੇ।
ਜਿਮ ਨਹ ਚਿੰਤਾ ਮਾਤ ਕੋ ਹਵੈ
ਤੈਸੇ ਤੁਮ ਸਮਝਾਈਓ।

ਏਸੇ ਤਰ੍ਹਾਂ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਜੀ ਲਿਖਦੇ ਹਨ--

ਨੌਵੇਂ ਗੁਰਾਂ ਡਿੱਠਾ ਸਮਾਂ ਅੰਤ ਨੇੜੇ,
ਇਕ ਸਿੱਖ ਦੇ ਹੱਥ ਵਿਚਾਰ ਭਾਈ।
ਪੰਜ ਪੈਸੇ ਪਲੇਯਰ ਪਰਦਖਣਾ ਕਰ,
ਗੁਰਗੱਦੀ ਦਾ ਜੋਇ ਵਿਹਾਰ ਭਾਈ।
ਦੇਕੇ ਜੈਤੇ ਨੂੰ ਵਲ ਅਨੰਦਪੁਰ ਦੇ,
ਦਿਤਾ ਤੋਰ ਸੀ ਸਮਾਂ ਨਿਹਾਰ ਭਾਈ।

ਮੁਗਲ ਹਕੂਮਤ ਵਲੋਂ ਸਿੱਖਾਂ ਨੂੰ ਬੇਰਹਿਮੀ ਨਾ.ਲ ਕਤਲ ਕਰ ਦਿਤਾ ਗਿਆ। ਸ਼ਾਹੀ ਫੁਰਮਾਨ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ। ਗੁਰੂ ਜੀ ਦੀ ਦੇਹ ਚਾਂਦਨੀ ਚੌਕ 'ਚ ਪਈ ਹੈ। ਕੋਈ ਚੁੱਕਣ ਦਾ ਹੌਸਲਾ ਨਾ ਕਰ ਸਕਿਆ। ਦੇਹ ਚੁੱਕਣ ਦੀ ਕੋਸ਼ਿਸ਼ ਕਰਨ ਦਾ ਮਤਲਵ ਸੀ ਪਰਵਾਰ ਸਮੇਤ

**(ਬਾਕੀ ਅਗਲੇ ਸਫੇ 'ਤੇ)**

# ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ

(ਸਫਾ 23 ਦੀ ਬਾਕੀ)

ਤਲਵਾਰ ਦੀ ਭੇਂਟ ਚੜ੍ਹਨਾ। ਹਰ ਪਾਸੇ ਮੁਰਦੇਹਾਣੀ ਛਾਈ ਹੋਈ ਸੀ।

ਗੁਰੂ ਜੀ ਦੀ ਦੇਹ ਚੁੱਕਣਾ ਤਾਂ ਦੂਰ ਦੀ ਗੱਲ ਕੋਈ ਆਪਣੇ ਆਪ ਨੂੰ ਗੁਰੂ ਦਾ ਨਾਮਲੇਵਾ ਅਖਵਾਉਣ ਦਾ ਵੀ ਹੀਆ ਨਾ ਕਰ ਸਕਿਆ। ਅਣਖ ਮਰ ਮੁਕ ਚੁੱਕੀ ਸੀ, ਗੈਰਤ ਖਤਮ ਹੋ ਗਈ ਸੀ। ਹਰ ਪਾਸੇ ਭਿਆਨਕ ਡਰ ਸੀ, ਖ਼ੌਫ਼ ਸੀ, ਦਹਿਸ਼ਤ ਸੀ। ਇਸ ਹਾਲਤ ਵਿਚ ਵੱਡਾ ਕਾਰਨਾਮਾ ਕਰਨ ਉਪਰੰਤ ਅਨੰਦਪੁਰ ਪੁੱਜ ਕੇ ਦਿੱਲੀ ਦੀ ਦਹਿਸ਼ਤਜ਼ਦਾ ਸਿੱਖ ਸੰਗਤ ਦੀ ਮਨੋਦਸ਼ਾ ਨੂੰ ਭਾਈ ਜੈਤਾ ਜੀ ਨੇ ਗੁਰੂ ਗੋਬਿੰਦ ਰਾਇ ਪਾਸ ਇਸ ਤਰ੍ਹਾਂ ਵਰਨਣ ਕੀਤਾ--

ਹਿੰਦਵਾਨੀ ਜਿਮ ਕੀਓ ਕੁਕਾਜਾ।
ਪ੍ਰਭ ਸਿਵਕਣ ਕਉ ਆਵਹਿ ਲਾਜਾ।
ਆਪਨ ਕਉ ਨਹਿ ਸਿਖ ਬਖਾਨੈ।
ਸਭ ਸਿਖਨ ਰਾਮ ਭਗਤ ਪ੍ਰਮਾਨੈ।
("ਸ੍ਰੀ ਗੁਰ ਕਥਾ" -ਰਚਨਾ ਬਾਬਾ ਜੀਵਨ ਸਿੰਘ ਜੀ)

ਦਿੱਲੀ ਦੇ ਸਿੱਖਾਂ ਵਲੋਂ ਮੁਸ਼ਕਲ ਤੇ ਬਿਖਮ ਸਮੇਂ ਸਿੱਖੀ ਤੋਂ ਅੱਖਾਂ ਫੇਰ ਲੈਣ ਵਰਗੇ ਵਾਕਿਆਤ ਨੇ ਗੁਰੂ ਗੋਬਿੰਦ ਰਾਇ ਨੂੰ ਸੋਚਣ ਤੇ ਮਜ਼ਬੂਰ ਕਰ ਦਿੱਤਾ--

ਕਾਹੇ ਦਿਲਵਾਲੀ ਸਿੱਖ ਗੁਰੂ ਤੇ ਬਿਮੁਖ ਹੋਇ
ਕਾਹੇ ਨਰ ਨਾਰਿ ਨਾਹਿ ਗੁਰੂ ਪਰਮਾਨਿਓ।
ਕਾਹਿ ਗੁਰਸਿਖਨ ਕੇ ਮਨ ਲਜਿਆਏ ਨਾਹੀਂ,
ਕਾਹੇ ਨਾ ਹੀ ਤੁਰਕੁ ਭੀ ਸਿਖ ਪਹਿਚਾਨਯੋ।
ਕਾਹੇ ਨਵ ਸ੍ਰੋਣਤ ਅਭਾਖ ਰਹਿਓਂ ਸੰਗਮ,
ਕਾਹਿ ਨਾਹਿ ਹਿੰਦ ਸੁ ਖੁਨਸ ਮਨਹਿ ਆਨਯੋ।
ਕਾਹਿ ਭੁਜ ਦੰਡ ਭੀ ਆਸਕਤਿ ਭਏ ਤ੍ਰਿਣ ਸਮ,
ਕਾਹਿ ਬਡ ਬੋਧ ਕਰਤਵਯ ਨਹੀਂ ਜਾਨਯੋ।
(ਸ੍ਰੀ ਗੁਰ ਕਥਾ- ਰਚਨਾ ਬਾਬਾ ਜੀਵਨ ਸਿੰਘ)

ਲੰਬੀ ਸੋਚ ਵਿਚਾਰ ਉਪਰੰਤ ਦਸਮੇਸ਼ ਪਿਤਾ ਨੇ ਮਨ ਵਿਚ ਦ੍ਰਿੜ੍ਹ ਨਿਸ਼ਚਾ ਕਰ ਲਿਆ ਕਿ ਉਹ ਧਰਮ ਵਿੱਚ ਪਰਪੱਕ ਐਸੇ ਸਿਖ ਸਰੂਪ ਦੀ ਸਿਰਜਨਾ ਕਰਨਗੇ ਜੋ ਪਰਖ ਦੀ ਘੜੀ ਵੇਲੇ ਪਿੱਛੇ ਨਹੀਂ ਹਟੇਗਾ,ਜੋ ਲੱਖਾਂ ਲੋਕਾਂ ਚ ਖੜ੍ਹਾ ਹੋਣ ਤੇ ਵੀ ਸਿੱਖੀ ਤੋਂ ਇਨਕਾਰੀ ਨਹੀਂ ਹੋ ਸਕੇਗਾ। ਜੋ ਗਿਆਨ ਪ੍ਰਬੀਨ ਤੇ ਸ਼ਸਤਰਧਾਰੀ ਯੋਧਾ ਬਣ ਮਜ਼ਲੂਮਾਂ ਦਾ ਰਾਖਾ ਬਣੇਗਾ। ਉਹ ਸ਼ੇਰ ਵਾਂਗ ਗਰਜੇਗਾ। ਹੰਸ ਵਰਗੀ ਬਿਬੇਕ ਬੁੱਧੀ ਦਾ ਮਾਲਕ ਹੋਵੇਗਾ। ਦੰਭ, ਪਖੰਡ ਉਸਦੇ ਨੇੜੇ ਨਹੀਂ ਢੁਕੇਗਾ। ਭਾਈ ਜੈਤਾ ਜੀ ਆਪਣੀ ਰਚਨਾ ਦੁਆਰਾ ਅੰਕਿਤ ਕਰਦੇ ਹਨ--

"ਯਾਹੀ ਸੁ ਬਿਚਾਰ ਗੁਰ
ਮਨ ਲੀਨਾ ਧਾਰ ਅਬ,
ਸਿਖ ਕਉ ਆਯੁਧ
ਸਭ ਹਾਥ ਪਕੜਾਊਂਗੋ।
ਸਾਬਤ ਸਰੂਪ ਸਿਖ
ਜਤੀ ਸਤੀ ਹੋਇਗੇ ਐਂ,
ਗਿਆਨੀ ਧਿਆਨੀ ਯੋਧਾ,
ਗੁਰਸਿੱਖ ਕਉ ਬਨਾਊਂਗੋ।
ਕੋਟਨ ਮਹਿ ਸੋਭਾ ਅਰ
ਦਿਖ ਪ੍ਰਮਾਨ ਪਾਵੈ
ਐਸੇ ਹੀ ਅਨੂਪ ਰੂਪ
ਸਿਖ ਕੋ ਸਜਾਊਂਗੋ।
ਦੀਨਨ ਕਾ ਸਖਾ ਬਡ
ਸਿੱਖ ਮੇਰੋ ਹੋਇਗੋ ਐਂ,
ਦੰਡ ਨੀਤ ਬਿਦਿਆ ਕੋ
ਬੋਧ ਕਰਵਾਊਂਗੋ।
(ਸ੍ਰੀ ਗੁਰ ਕਥਾ- ਰਚਨਾ ਬਾਬਾ ਜੀਵਨ ਸਿੰਘ ਜੀ)

ਪਹਾੜੀ ਰਾਜਿਆਂ ਦੀ ਬਦਨੀਅਤੀ ਸਦਕਾ 18 ਸਤੰਬਰ 1688 ਈਸਵੀ ਨੂੰ ਭਾਈ ਜੈਤਾ ਜੀ ਦੀ ਸੁਚੱਜੀ ਨਿਗਰਾਨੀ ਹੇਠ ਰਣਜੀਤ ਨਗਾਰੇ ਤੇ ਚੋਟ ਲਾਕੇ ਭੰਗਾਣੀ ਦੇ ਸਥਾਨ ਤੇ ਪੂਰੀ ਵਿਉਂਤਬੰਦੀ ਨਾਲ ਅਨੋਖਾ ਯੁੱਧ ਹੋਇਆ ਇਸ ਯੁੱਧ ਦਾ ਅੱਖੀਂ ਡਿੱਠਾ ਬਿਰਤਾਂਤ ਬਾਬਾ ਜੀ ਨੇ ਆਪਣੀ ਰਚਨਾ ਵਿਚ ਅੰਕਿਤ ਕੀਤਾ ਹੈ।

20 ਮਾਰਚ 1691 ਨੂੰ ਨਦੌਣ ਦੇ ਯੁਧ ਵਿਚ ਭਾਈ ਜੈਤਾ ਜੀ ਨੇ ਆਪਣੀ ਬੀਰਤਾ ਦੇ ਅਲੌਕਿਕ ਕ੍ਰਿਸ਼ਮੇ ਦਿਖਾਏ। 24 ਦਸੰਬਰ 1691 ਨੂੰ ਅਨੰਦਪੁਰ ਸਾਹਿਬ ਤੇ ਹੋਏ ਅਚਾਨਕ ਹਮਲੇ ਸਮੇਂ ਗੁਰੂ ਜੀ ਨੇ ਭਾਈ ਜੈਤਾ ਜੀ ਨੂੰ ਨਗਾਰੇ ਤੇ ਦੂਹਰੀ ਚੋਟ ਲਗਾ ਕੇ ਹਮਲਾ ਕਰਨ ਲਈ ਭੇਜਿਆ। ਭਾਈ ਜੈਤਾ ਜੀ ਨੇ ਗੁਰੀਲਾ ਯੁੱਧ ਵਾਲਾ ਅਗੇਤਾ ਹਮਲਾ ਕਰਕੇ ਸ਼ਾਹੀ ਫੌਜਾਂ ਨੂੰ ਗੋਲਾ ਬਰੂਦ ਖੇਮਿਆਂ ਵਿਚ ਹੀ ਛੱਡ ਕੇ ਭੱਜਣ ਲਈ ਮਜ਼ਬੂਰ ਕਰ ਦਿੱਤਾ। 20 ਮਾਰਚ 1696 ਈਸਵੀ ਨੂੰ ਬਜਰੁੜ ਦੇ ਅਸਥਾਨ ਤੇ ਹੋਏ ਘਮਸਾਨ ਯੁੱਧ ਵਿਚ ਭਾਈ ਜੈਤਾ ਜੀ ਨੇ ਨਾਗਣੀ ਤੇ ਬਾਘਣੀ ਬੰਦੂਕਾਂ ਦੇ ਨਿਸ਼ਾਨੇ ਨਾਲ ਬਹਾਦਰ ਜਰਨੈਲ ਹੁਸੈਨ ਖਾਂ ਨੂੰ ਢੇਰੀ ਕਰਕੇ ਸ਼ਾਹੀ ਸੈਨਾ ਨੂੰ ਭਾਂਜ ਦਿੱਤੀ।

ਖਾਲਸੇ ਦੀ ਸਿਰਜਣਾ ਸਮੇਂ 30 ਮਾਰਚ 1699 ਈਸਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਉਪਰੰਤ ਆਪਣੇ ਚਾਰ ਸਾਹਿਬਜ਼ਾਦਿਆਂ ਨਾਲ ਹੀ ਭਾਈ ਜੈਤਾ ਜੀ ਨੂੰ ਅੰਮ੍ਰਿਤ ਛਕਾ ਕੇ ਪੰਜਵਾਂ ਸਾਹਿਬਜਾਦਾ ਹੋਣ ਦਾ ਮਾਣ ਬਖਸ਼ਿਸ਼ ਕੀਤਾ। ਇਸ ਕਥਨ ਦੀ ਗਵਾਹੀ ਸਰਦਾਰ ਸ਼ਮਸ਼ੇਰ ਸਿੰਘ ਸੰਧੂ ਅਸ਼ੋਕ ਨੇ "ਮਜ਼ਬੀ ਸਿੱਖਾਂ ਦਾ ਇਤਿਹਾਸ" ਦੇ ਪੰਨਾ 18 ਤੇ ਇਉਂ ਭਰੀ ਹੈ--

"ਗੁਰੂ ਨਵਮ ਪਾਤਸ਼ਾਹ ਦਾ ਸੀਸ ਲਿਆਉਣ ਵਾਲੇ ਬਹਾਦਰ ਯੋਧੇ ਭਾਈ ਜੈਤਾ ਜੀ ਨੂੰ ਜੋ ਦਿੱਲੀਉਂ ਬੜੀਆਂ ਤਕਲੀਫਾਂ ਝੱਲ ਕੇ ਆਇਆ ਸੀ, ਬੜੇ ਮਾਣ ਸਤਕਾਰ ਸਹਿਤ ਦੋਹੀਂ ਹੱਥੀਂ ਘੁੱਟ ਕੇ ਛਾਤੀ ਨਾਲ ਲਾਇਆ ਤੇ ਦਿਲੀ ਸਨੇਹ ਪ੍ਰਗਟਾਉਂਦਿਆਂ "ਰੰਘਰੇਟੇ ਗੁਰੂ ਕੇ ਬੇਟੇ" ਕਹਿ ਕੇ ਬੜੀ ਉੱਚੀ ਪਦਵੀ ਪ੍ਰਦਾਨ ਕਰਦਿਆਂ ਸਨਮਾਨਿਤ ਕੀਤਾ ਸੀ ਤੇ ਫੇਰ ਅੱਗੇ ਜਾ ਕੇ ਭਾਈ ਜੈਤੇ ਨੂੰ ਗੁਰੂ ਜੀ ਨੇ ਪੰਜਵੇਂ ਸਾਹਿਬਜ਼ਾਦੇ ਦਾ ਮਾਣ ਪ੍ਰਦਾਨ ਵੀ ਕੀਤਾ ਸੀ ਤੇ ਦੀਰਘ ਵਿਚਾਰ ਉਪਰੰਤ ਨਾਮ ਭਾਈ ਜੀਵਨ ਸਿੰਘ ਰੱਖਿਆ।"

ਭੰਗਾਣੀ ਦੇ ਯੁੱਧ ਤੋਂ ਬਾਅਦ ਯੋਧਿਆਂ ਨੂੰ ਸਨਮਾਨਿਤ ਕਰਨ ਲਈ ਪਾਉਂਟਾ ਸਾਹਿਬ ਵਿਖੇ ਸਜਾਏ ਦੀਵਾਨ ਅੰਦਰ ਮਾਤਾ ਪ੍ਰੇਮੋ ਨੇ ਸਾਹਿਬਜ਼ਾਦਾ ਅਜੀਤ ਸਿੰਘ ਦੇ ਜਨਮ ਦੀ ਖ਼ਬਰ ਦੇਕੇ ਖ਼ੁਸ਼ੀ ਵਿੱਚ ਹੋਰ ਵਾਧਾ ਕਰ ਦਿਤਾ। ਗੁਰੂ ਜੀ ਨੇ ਖ਼ੁਸ਼ੀ ਭਰੇ ਮਹੌਲ ਵਿਚ ਮਾਤਾ ਪ੍ਰੇਮੋ ਨੂੰ ਕੁਝ ਵਰ ਮੰਗਣ ਲਈ ਕਿਹਾ ਤਾਂ ਉਹਨਾਂ ਬੇਨਤੀ ਕੀਤੀ ਕਿ ਪਾਤਸ਼ਾਹ ਦੇ ਤੁੱਠੇ ਹੋ ਤਾਂ ਹੁਣ ਭਾਈ ਜੈਤੇ ਦਾ ਵਿਆਹ ਕਰ ਦਿਤਾ ਜਾਵੇ। ਹਾਜ਼ਰ ਸੰਗਤ ਵਿੱਚ ਵਿਚਾਰ ਕਰਨ ਉਪਰੰਤ ਭਾਈ ਖਜ਼ਾਨ ਸਿੰਘ ਰਿਆੜ (ਜੱਟ ਸਿੱਖ) ਵਾਸੀ ਪਰਗਨਾ ਪੱਟੀ ਦੀ ਸਪੁੱਤਰੀ ਬੀਬੀ ਰਾਜ ਕੌਰ ਤੇ ਭਾਈ ਜੈਤਾ ਜੀ ਦਾ ਅਨੰਦ ਕਾਰਜ ਕਲਗੀਧਰ ਪਾਤਸ਼ਾਹ ਨੇ ਆਪ ਕੀਤਾ। ਉਹਨਾਂ ਦੇ ਗ੍ਰਹਿ ਵਿਖੇ ਚਾਰ ਪੁੱਤਰਾਂ ਭਾਈ ਸੁੱਖਾ ਸਿੰਘ, ਭਾਈ ਸੇਵਾ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਗੁਰਦਿਆਲ ਸਿੰਘ ਨੇ ਜਨਮ ਲਿਆ।

ਫ਼ੁਰਸਤ ਦੇ ਪਲਾਂ ਚ ਬਾਬਾ ਜੀਵਨ ਸਿੰਘ ਜੀ ਨੇ 'ਸ੍ਰੀ ਗੁਰ ਕਥਾ' ਨਾਂ ਦਾ ਜੋ ਕਾਵਿ ਸੰਗ੍ਰਹਿ ਰਚਿਆ ਹੈ ਉਹ ਉਹਨਾਂ ਦੀ ਵਿਦਵਤਾ ਤੇ ਸੂਝਬੂਝ ਦਾ ਉੱਤਮ ਨਮੂਨਾ ਪੇਸ਼ ਕਰਦਾ ਹੈ। ਇਹ ਸ੍ਰੇਸ਼ਟ ਰਚਨਾ ਉਹਨਾਂ ਨੂੰ ਸੱਤਾ ਬਲਵੰਡ ਅਤੇ ਭੱਟ ਕਵੀਆਂ ਦੀ ਕਤਾਰ ਵਿਚ ਖੜ੍ਹਾ ਕਰਨ ਦੇ ਸਮਰੱਥ ਹੈ। ਇਸ ਪਵਿੱਤਰ ਕਾਵਿ ਰਚਨਾ ਵਿਚ ਉਹਨਾਂ ਨੇ ਅੱਖੀਂ ਡਿੱਠੇ ਇਤਿਹਾਸਕ ਤੱਥਾਂ ਤੇ ਮਹੱਤਵਪੂਰਨ ਘਟਨਾਵਾਂ ਦਾ ਬੜੇ ਭਾਵਪੂਰਤ ਸ਼ਬਦਾਂ 'ਚ ਬਹੁਤ ਹੀ ਖੂਬਸੂਰਤੀ ਨਾਲ ਵਰਨਣ ਕੀਤਾ ਹੈ।

ਉਹਨਾਂ ਨੇ ਆਪਣੀ ਰਚਨਾ ਵਿਚ ਸ਼ਰਧਾ ਭਾਵਨਾ ਨਾਲ ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਦਾ ਜੋ ਅਨੁਪਮ ਸ਼ਾਬਦਿਕ ਚਿੱਤਰ ਉਲੀਕਿਆ ਹੈ ਉਹ ਆਪਣੀ ਮਿਸਾਲ ਆਪ ਹੈ। ਆਪਣੀ ਰਚਨਾ ਵਿਚ ਖਾਲਸਾ ਸਾਜਨਾ ਸਮੇਂ ਬੱਕਰੇ ਝਟਕਾਉਣ ਅਤੇ ਸਿੱਖਾਂ ਨੂੰ ਤੰਬੂ ਵਿਚ ਬੁਲਾ ਕੇ ਪੁਨਰ ਸੁਰਜੀਤ ਕਰਨ ਬਾਰੇ ਪ੍ਰਚਲਿਤ ਕਲਪਨਾਵਾਂ ਦੇ ਉਲਟ ਗੁਰੂ ਦੇ ਨਿਕਟ ਵਰਤੀ ਅਤੇ ਭਰੋਸੇ ਯੋਗ ਮੁੱਢਲੇ ਇਤਿਹਾਸਕਾਰ ਵਜੋਂ ਬਾਬਾ ਜੀਵਨ ਸਿੰਘ ਜੀ ਦੱਸਦੇ ਹਨ ਕਿ ਇਹ ਘਟਨਾ ਕੌਤਕੀ ਸੀ ਅਤੇ ਸਿਰਾਂ ਦੀ ਮੰਗ ਚਿੰਨ੍ਹਾਤਮਿਕ ਸੀ, ਉਹਨਾਂ ਨੇ ਅੰਮ੍ਰਿਤ ਤਿਆਰ ਕਰਨ ਦੀ ਵਿਧੀ, ਪੰਜ ਕੰਕਾਰਾਂ, ਰਹਿਤ ਮਰਿਆਦਾ ਅਤੇ ਔਰੰਗਜ਼ੇਬ ਦੀ ਨੀਤੀ ਬਾਰੇ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ।

ਤਲਵਾਰ ਦੇ ਧਨੀ, ਅਨੋਖੇ ਤੀਰਅੰਦਾਜ਼, ਮਹਾਨ ਬੰਦੂਕਚੀ, ਯੁਧ ਕਲਾ 'ਚ ਪ੍ਰਬੀਨ, ਸ਼ਸ਼ਤਰ ਵਿਦਿਆ 'ਚ ਨਿਪੁੰਨ, ਖੁਫੀਆ ਵਿਭਾਗ ਤੇ ਗੁਰੀਲਾ ਯੁੱਧ ਵਿਚ ਮੁਹਾਰਤ ਰੱਖਣ ਵਾਲੇ, ਸੱਭ ਹਥਿਆਰਾਂ ਨੂੰ ਕੁਸ਼ਲਤਾ ਸਹਿਤ ਵਰਤਣ ਵਿਚ ਮਾਹਰ ਬਾਬਾ ਜੀਵਨ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਿਲ੍ਹਾ ਅਨੰਦਗੜ੍ਹ ਅੰਦਰ ਗੁਰੂ ਪਰਵਾਰ ਦੀ ਰਿਹਾਇਸ਼ ਤੇ ਸ਼ਸਤਰਾਂ / ਹਥਿਆਰਾਂ ਦਾ ਜ਼ਖ਼ੀਰਾ ਸੀ ਦੇ ਬਿਲਕੁਲ ਨਜ਼ਦੀਕ ਰੱਖਿਆ। ਉਹ ਘੋੜੇ ਤੇ ਸਵਾਰ ਹੋਕੇ ਇਕੋ ਸਮੇਂ ਮੂੰਹ 'ਚ ਘੋੜੇ ਦੀਆਂ ਲਗਾਮਾਂ ਲੈਕੇ, ਦੋ ਹੱਥਾਂ ਨਾਲ ਬਿਜਲੀ ਦੀ ਤੇਜ਼ੀ ਨਾਲ ਤਲਵਾਰ ਚਲਾ ਕੇ ਦੁਸ਼ਮਣਾਂ ਦੇ ਆਹੂ ਲਾਹੁਣ ਦੇ ਸਮਰੱਥ ਸਨ।

ਸਿੱਖ ਮਿਸ਼ਨਰੀ ਕਾਲਜ (ਰਜਿਸਟਰਡ) ਲੁਧਿਆਣਾ ਵਲੋਂ ਪ੍ਰਕਾਸ਼ਿਤ ਕਿਤਾਬੇ 'ਇਤਿਹਾਸ ਵਿਚੋਂ ਚੋਣਵੀਆਂ ਸਾਖੀਆਂ' ਦੇ ਪੰਨਾ 14 ਤੇ ਇਸ ਸਬੰਧੀ ਇਉਂ ਅੰਕਤ ਕੀਤਾ ਗਿਆ ਹੈ-- "ਗੁਰੂ ਸਾਹਿਬ ਦਾ ਸਾਰਾ ਕੀਮਤੀ ਸਮਾਨ , ਵਿਦਿਆਧਾਰ ਗ੍ਰੰਥ ਵੀ ਇਸ (ਸਰਸਾ ਨਦੀ) ਦੀ ਭੇਟ ਹੋ ਗਿਆ ਤੇ ਸਾਰੇ ਖੇਰੂੰ ਖੇਰੂੰ ਹੋ ਗਏ। ਉਧਰ ਵੈਰੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਘੇਰ ਲਿਆ। ਇਹ ਜਾਣ ਕੇ ਭਾਈ ਜੀਵਨ ਸਿੰਘ ਘੋੜੇ ਦੀਆਂ ਲਗਾਮਾਂ ਮੂੰਹ ਵਿੱਚ ਤੇ ਦੋਹਾਂ ਹੱਥਾਂ ਵਿਚ ਤਲਵਾਰਾਂ ਲੈਕੇ ਦੁਸ਼ਮਣ ਤੇ ਬਿਜਲੀ ਵਾਂਗ ਟੁੱਟ ਪਏ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਬਚਾ ਕੇ ਘੇਰਾ ਤੋਂ ਨਿਕਲ ਗਏ ਤੇ ਗੁਰੂ ਜੀ ਨੂੰ ਆ ਮਿਲੇ।" ਪ੍ਰਸਿੱਧ ਇਤਿਹਾਸਕਾਰ ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ "ਬਾਬਾ ਜੀਵਨ ਸਿੰਘ ਜੀ ਮਹਾਨ ਬੰਦੂਕਚੀ ਤੇ ਮਾਹਰ ਤੀ-ਰਅੰਦਾਜ਼ ਸਨ ਭਾਈ ਜੈਤਾ (ਬਾਬਾ ਜੀਵਨ ਸਿੰਘ) ਰੰਘਰੇਟਾ ਗੁਰੂ ਕਾ ਬੇਟਾ ਜਿਸ ਨੂੰ ਗੁਰੂ ਸਾਹਿਬ ਨੇ ਪਹਿਲਾਂ ਹੀ ਬੜਾ ਪਿਆਰ ਦੇਕੇ ਆਪਣਾ ਸੰਗੀ ਸਾਥੀ ਬਣਾਇਆ ਸੀ, ਉਹ ਬੰਦੂਕ ਦਾ ਨਿਸ਼ਾਨਾ ਲਾਉਣ ਤੇ ਤੀਰਅੰਦਾਜ਼ੀ ਵਿਚ ਵੀ ਆਪਣਾ ਸਾਨੀ ਨਹੀਂ ਸੀ ਰੱਖਦਾ।"
(ਮਜ਼ਬੀ ਸਿੱਖਾਂ ਦਾ ਇਤਿਹਾਸ ਪੰਨਾ 149)

ਬਾਬਾ ਜੀਵਨ ਸਿੰਘ ਜੀ ਦੀ ਯੁਧ ਕਲਾ ਵਿਚ ਪ੍ਰਬੀਨਤਾ, ਸ਼ਸ਼ਤਰ ਵਿਦਿਆ ਵਿਚ ਮੁਹਾਰਤ, ਅਤੇ ਜੰਗੀ ਕਰਤੱਬਾਂ ਦਾ ਕੋਈ ਮੁਕਾਬਲਾ ਨਹੀਂ ਸੀ। ਉਹ ਅਨੋਖੇ ਘੋੜ ਸਵਾਰ ਸਨ, ਦੋਹਾਂ ਹੱਥਾਂ ਵਿੱਚ ਤਲਵਾਰਾਂ ਫੜ ਕੇ ਮੂੰਹ ਵਿਚ ਲਗਾਮਾਂ ਲੈ ਕੇ ਘੋੜੇ ਨੂੰ ਕਾਬੂ ਕਰਨਾ ਤੀਖਣ ਬੁੱਧੀ ਅਤੇ ਸਾਹਸ ਭਰਿਆ ਕਰਤੱਵ ਹੈ। ਬਾਬਾ ਜੀ ਦੇ ਇਹਨਾਂ ਗੁਣਾਂ ਕਰਕੇ ਹੀ ਐਬਸਟਨ ਉਹਨਾਂ ਨੂੰ ਮਹਾਨ ਜਰਨੈਲ ਦੱਸਦਾ ਹੈ--

"ਗੁਰੂ ਸਾਹਿਬਾਨ ਦੇ ਬੜੇ ਮਹਾਨ ਜਰਨੈਲਾਂ ਵਿਚੋਂ ਇਕ ਸੀ ਜੀਵਨ ਸਿੰਘ, ਇਕ ਮਜ਼ਬੀ, ਜਿਸ ਦਾ ਸ਼ਹੀਦੀ ਬੁਰਜ ਅਜੇ ਤਕ ਚਮਕੌਰ ਸਾਹਿਬ ਜ਼ਿਲ੍ਹਾ ਅੰਬਾਲਾ ਵਿਚ ਮੌਜੂਦ ਹੈ। ਇਹ ਚਮਕੌਰ ਸਾਹਿਬ ਦੀ ਲੜਾਈ ਵਿੱਚ 1705-06 ਵਿਚ ਸ਼ਹੀਦ ਹੋ ਗਿਆ ਸੀ।"
(ਏ ਗਲੋਸਰੀ ਆਫ ਟਰਾਈਬਜ਼ ਐਂਡ ਕਾਸਟਸ, ਛਾਪ 1990, ਪੰਨਾ 76 ਭਾਗ ਤੀਜਾ)

ਦੀਨ ਦੁਖੀਆਂ ਦੀ ਸੇਵਾ ਕਰਨਾ, ਜ਼ੁਲਮੋ-ਸਿਤਮ ਵਿਰੁੱਧ ਤਤਪਰ ਰਹਿਣਾ, ਉਹਨਾਂ ਦੀ ਸ਼ਖ਼ਸੀਅਤ ਦਾ ਇਕ ਹੋਰ ਨਿੱਗਰ ਤੇ ਸ਼ਕਤੀਸ਼ਾਲੀ ਪੱਖ ਹੈ। ਬੱਸੀ ਪਠਾਣਾਂ ਦੇ ਨਵਾਬ ਜ਼ਬਰ ਜੰਗ ਵਲੋਂ ਪੰਡਤ ਦੇਵਕੀ ਦਾਸ ਦੀ ਸਜ ਵਿਆਹੀ ਨੂੰ ਜ਼ਬਰਦਸਤੀ ਖੋਹ ਲਏ ਜਾਣ ਦੀ ਗੁਰੂ ਦਰਬਾਰ ਵਿੱਚ ਕੀਤੀ ਗਈ ਫਰਿਆਦ ਤੇ ਬਾਬਾ ਜੀ ਨੇ ਤੁਰੰਤ ਬੇਨਤੀ ਕੀਤੀ-

ਅਬ ਬਿਲੰਬ ਨਾ ਕੀਜੀਏ, ਨੰਦਪੁਰੀ ਕੇ ਰਾਇ।
ਆਇਸ ਮੋਕਉ ਦੀਜੀਏ, ਹਨੂ ਤੁਰਕ ਕਉ ਜਾਇ।
(ਸ੍ਰੀ ਗੁਰ ਕਥਾ ਪੰਨਾ 68 ਰਚਨਾ ਭਾਈ ਜੈਤਾ ਜੀ)

ਹੁਕਮ ਮਿਲਦਿਆਂ ਮਜ਼ਲੂਮ ਔਰਤ ਨੂੰ ਜ਼ਾਲਮਾਂ ਤੋਂ ਮੁਕਤ ਕਰਵਾ ਕੇ ਉਸਦੇ ਬੇਬਸ ਪਤੀ ਦੇ ਹਵਾਲੇ ਕਰਕੇ ਬਾਬਾ ਜੀ ਨੇ ਆਪਣੀ ਦਲੇਰੀ ਤੇ ਪਰ ਉਪਕਾਰੀ ਬਿਰਤੀ ਦਾ ਸਬੂਤ ਦਿੱਤਾ। ਉਹ ਇਸ ਸਾਕੇ ਨੂੰ ਆਪਣੀ ਰਚਨਾ ਵਿਚ ਇਉਂ ਬਿਆਨ ਕਰਦੇ ਹਨ-

ਬਿਧ ਨਾਰੀ ਕਉ ਮੁਕਤਿ ਕਰ
ਲਾਇ ਗੁਰ ਦਰਬਾਰ।
ਤਿਹ ਦੀਨੀ ਭਰਤਾਰ ਕਉ
ਦੀਨ ਉਧਾਰਨਹਾਰ।
(ਸ੍ਰੀ ਗੁਰ ਕਥਾ ਪੰਨਾ 68 ਰਚਨਾ ਬਾਬਾ ਜੀਵਨ ਸਿੰਘ ਜੀ)

ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਮਜ਼ਬੀ ਸਿੱਖਾਂ ਦਾ ਇਤਿਹਾਸ ਪੰਨਾ 150 ਤੇ ਲਿਖਦੇ ਹਨ ਕਿ "ਭਾਈ ਜੈਤਾ (ਬਾਬਾ ਜੀਵਨ ਸਿੰਘ ਜੀ) ਸਾਹਿਬਜ਼ਾਦੇ ਅਜੀਤ ਸਿੰਘ ਦੇ ਹਮੇਸ਼ਾ ਅੰਗ ਸੰਗ ਰਹਿੰਦੇ ਤੇ ਸ਼ਸ਼ਤਰ ਵਿਦਿਆ ਵਿਚ ਉਸਦੇ ਉਸਤਾਦ ਸਨ"।

ਗਿਆਨੀ ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ ਵਿਚ ਲਿਖਿਆ ਹੈ ਕਿ-- "ਬਾਬਾ ਜੀਵਨ ਸਿੰਘ ਜੀ ਨੇ ਗੁਰੂ ਸਾਹਿਬ ਨਾਲ ਹਰ ਜੰਗ ਵਿਚ ਹਿੱਸਾ ਲਿਆ ਪਰ ਜੋ ਜ਼ੌਹਰ 1701 ਤੋਂ 1704 ਈਸਵੀ ਦੇ ਯੁਧਾਂ ਵਿਚ ਵਿਖਾਏ ਉਹ ਵਰਨਣਯੋਗ ਹਨ।" ਦੁਨੀਆਂ ਦੀ ਸੱਭ ਤੋਂ ਅਸਾਵੀਂ ਤੇ ਲਹੂ ਵੀਟਵੀਂ ਜੰਗ ਚਮਕੌਰ ਗੜ੍ਹੀ 'ਚ ਹੋਈ। ਗੁਰੂ ਗੋਬਿੰਦ ਸਿੰਘ ਜੀ ਦੇ ਗੜ੍ਹੀ ਛੱਡ ਦੇਣ ਤੋਂ ਬਾਅਦ ਕੇਵਲ ਸੱਤ ਸਿੰਘਾਂ ਨਾਲ ਐਸੀ ਯੁਧ ਨਾਲ ਜੰਗ ਲੜੀ ਗਈ ਕਿ ਆਖਰੀ ਸਮੇਂ ਤੱਕ ਦੁਸ਼ਮਣ ਫੌਜ ਇਹ ਸਮਝ ਨਾ ਸਕੀ ਕਿ ਗੜ੍ਹੀ ਵਿੱਚ ਕੇਵਲ ਅੱਠ ਸਿੰਘ ਹੀ ਹਨ ਅਤੇ ਗੜ੍ਹੀ ਚੋਂ ਗੁਰੂ ਗੋਬਿੰਦ ਸਿੰਘ ਆਪਣਾ ਕਲਗੀ ਤੇ ਪੋਸ਼ਾਕਾ ਦੇ ਕੇ ਜਾ ਚੁੱਕੇ ਹਨ।

ਗੁਰੂ ਤੇਗ ਬਹਾਦੁਰ ਜੀ ਦੇ ਸਮਕਾਲੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ ਕੰਕਣ ਲਿਖਦਾ ਹੈ--

ਅੰਤ ਅਕੇਲਾ ਗੜ੍ਹੀ ਮਹਿ
ਬੰਦੂਕੀ ਪ੍ਰਬੀਨ।
ਜੀਵਨ ਸਿੰਘ ਰੰਘਰੇਟੜੋ
ਜੂਝ ਗਯੋ ਸੰਗ ਦੀਨ।
(ਸੰਛੇਪ ਦਸ ਗੁਰੂ ਕਥਾ- ਪੰਨਾ 66)

ਇਤਿਹਾਸਕਾਰ ਸਰਦਾਰ ਰਤਨ ਸਿੰਘ ਭੰਗੂ ਲਿਖਦਾ ਹੈ:

ਜੀਵਨ ਸਿੰਘ ਰੰਘਰੇਟੜੋ
ਬੰਦੂਕੀ ਖੂਬ ਅਖਵਾਇ।
ਏਕ ਬੁਰਜ ਮਧ ਸੋ ਬਹਯੋ
ਏਕਲ ਹੀਯੋ ਸਾਇ।
(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 58 ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ)

23 ਦਸੰਬਰ1704 ਈਸਵੀ ਦੀ ਸਵੇਰ ਨੂੰ ਮੁਗਲਾਂ ਨੇ ਗੜ੍ਹੀ ਉਤੇ ਜ਼ਬਰਦਸਤ ਹੱਲਾ ਕਰ ਦਿਤਾ। ਬਾਬਾ ਜੀਵਨ ਸਿੰਘ ਜੀ ਗੜ੍ਹੀ ਵਿਚਲੇ ਸੱਤ ਸਾਥੀ ਘੋੜਿਆਂ ਤੇ ਸਵਾਰ ਹੋ ਕੇ ਵਾਰੋ ਵਾਰੀ ਲੜਦੇ ਹੋਏ ਸ਼ਹੀਦ ਹੋ ਚੁੱਕੇ ਸਨ। ਬਾਬਾ ਜੀ ਬੁਰਜ ਦੀ ਮਮਟੀ ਤੇ ਬੈਠੇ ਆਪਣੀ ਨਾਗਣੀ ਤੇ ਬਾਘਣੀ ਬੰਦੂਕਾਂ ਨਾਲ ਫਾਇਰ ਕਰਦੇ, ਗੁਰੂ ਸਾਹਿਬ ਵਲੋਂ ਬਖਸ਼ਿਸ਼ ਕੀਤੇ ਤੀਰਾਂ ਦੀ ਵਾਛੜ ਵੀ ਕਰਦੇ ਰਹੇ ਅਤੇ ਨਾਲੋ ਨਾਲ ਨਗਾਰਾ ਵੀ ਵਜਾਉਂਦੇ ਰਹੇ। ਅੰਤ ਨੂੰ ਬਾਬਾ ਜੀਵਨ ਸਿੰਘ ਜੀ ਲੱਖਾਂ ਦੁਸ਼ਮਣਾਂ ਨਾਲ ਟਾਕਰਾ ਕਰਦੇ "ਸਵਾ ਲਾਖ ਸੇ ਏਕ ਲੜਾਊਂ " ਸੰਕਲਪ ਨੂੰ ਪੂਰਾ ਕਰਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ।

ਵਜੀਦਾ ਅਤੇ ਪ੍ਰਸੰਨ ਭਯੋ
ਮਾਰ ਲੀਊ ਗੋਬਿੰਦ।
ਦਿੱਲੀ ਧਾਇਓ ਸੀਸ ਲੈ
ਖ਼ੁਸ਼ੀ ਕਰਨ ਨਰਿੰਦ।

ਕਲਗੀ ਵਾਲੇ ਸੀਸ ਦੀ ਬਾਬਾ ਜੀਵਨ ਸਿੰਘ ਵਜੋਂ ਪਛਾਣ ਹੋਣ ਅਤੇ ਗੁਰੂ ਗੋਬਿੰਦ ਜੀ ਦੇ ਮਾਲਵੇ ਦੀ ਧਰਤੀ ਤੇ ਵਿਚਰਦਿਆਂ ਹੋਣ ਬਾਰੇ ਜਾਣਕਾਰੀ ਮਿਲਣ ਤੇ ਸੂਬਾ ਸਰਹਿੰਦ ਵਜ਼ੀਦ ਖ਼ਾਨ ਅਤੇ ਮੁਗਲ ਹਕੂਮਤ ਦੀ ਬਹੁਤ ਨਮੋਸ਼ੀ ਹੋਈ।

ਜਿੱਥੇ ਸਰਸਾ ਦੀ ਜੰਗ ਵਿੱਚ ਬਾਬਾ ਜੀ ਦੀ ਮਾਤਾ ਬੀਬੀ ਪ੍ਰੇਮੋ ਅਤੇ ਉਹਨਾਂ ਦੇ ਛੋਟੇ ਸਪੁੱਤਰ ਭਾਈ ਗੁਲਜ਼ਾਰ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਦੀ ਸ਼ਹਾਦਤ ਹੋਈ, ਉਥੇ ਚਮਕੌਰ ਦੇ ਯੁੱਧ ਵਿਚ ਉਹਨਾਂ ਦੇ ਸਹੁਰਾ ਸਾਹਿਬ ਭਾਈ ਖਜ਼ਾਨ ਸਿੰਘ ਰਿਆੜ, ਉਹਨਾਂ ਦੇ ਛੋਟੇ ਭਰਾ ਭਾਈ ਸੰਗਤ ਸਿੰਘ ਅਤੇ ਵੱਡੇ ਸਪੁੱਤਰ ਭਾਈ ਸੁੱਖਾ ਸਿੰਘਤੇ ਸੇਵਾ ਸਿੰਘ ਸਨਮੁੱਖ ਲੜਦਿਆਂ ਸ਼ਹਾਦਤ ਦਾ ਜਾਮ ਪੀ ਗਏ। ਇਉਂ ਬਾਬਾ ਜੀਵਨ ਸਿੰਘ ਜੀ ਵਲੋਂ ਆਪਣਾ ਸਮੁੱਚਾ ਸਰਬੰਸ ਤੇ ਆਪਣੇ ਜੀਵਨ ਦਾ ਪਲ ਪਲ ਗੁਰੂ ਪੰਥ ਦੀ ਸੇਵਾ ਹਿੱਤ, ਮਾਨਵਤਾ ਦੀ ਬਹਾਲੀ, ਜ਼ੁਲਮ ਦੇ ਖਾਤਮੇ, ਬੇਗਮਪੁਰੇ ਤੇ ਹਲੇਮੀ ਰਾਜ ਦੀ ਕਾਇਮੀ ਲਈ ਨਿਛਾਵਰ ਕਰ ਦਿਤਾ ਗਿਆ। ਉਹਨਾਂ ਦੀ ਅਨੋਖੀ ਬੀਰ ਗਾਥਾ, ਅਲੌਕਿਕ ਕਰਤੱਵ ਅਤੇ ਅਦੁੱਤੀ ਕੁਰਬਾਨੀ ਸਦੀਆਂ ਤਕ ਮਨੁੱਖਤਾ ਦਾ ਰਾਹ ਰੁਸ਼ਨਾਉਂਦੀ ਰਹੇਗੀ।

# ਸਾਹਿਬਜਾਦਿਆ ਦੀ ਯਾਦ ਨੂੰ ਸਮਰਪਿਤ ਮੈਡੀਕਲ ਜਾਂਚ ਕੈਂਪ ਤੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ



**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਗੁਰੂ ਗੋਬਿੰਦ ਸਿੰਘ ਜੀ, ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਸਮੇਤ ਹੋਰ ਸਿੰਘਾਂ ਦੀਆਂ ਸ਼ਹੀਦੀਆਂ ਨੂੰ ਸਮਰਪਿਤ ਚਾਹਲ ਮੈਡੀਕਲ ਸਟੋਰ ਕਾਠਗੜ੍ਹ ਦੇ ਮਾਲਕ ਹਰਜਿੰਦਰ ਸਿੰਘ ਵਿੱਕੀ ਵਲੋਂ ਡੀ ਏ ਵੀ ਸਕੂਲ ਕਾਠਗੜ੍ਹ ਵਿਚ ਮੁਫਤ ਮੈਡੀਕਲ ਜਾਂਚ ਕੈਂਪ ਅਤੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸੂਰੀ ਹਸਪਤਾਲ ਬਲਾਚੌਰ ਦੇ ਡਾਕਟਰਾਂ ਦੀ ਟੀਮ ਡਾਕਟਰ ਭੁਪਿੰਦਰਜੀਤ ਸਿੰਘ ਸੂਰੀ, ਔਰਤਾਂ ਦੇ ਰੋਗਾਂ ਦੇ ਮਾਹਿਰ ਡਾਕਟਰ ਅਮਨ ਸੂਰੀ, ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾਕਟਰ ਕਰਨ ਅਰੋੜਾ ਨਵਾਂਸ਼ਹਿਰ, ਅੱਖਾਂ ਦੇ ਰੋਗਾਂ ਦੇ ਮਾਹਿਰ ਡਾਕਟਰ ਰਾਜ ਕੁਮਾਰ ਵਲੋਂ 40 ਬੱਚੇ ਮਰੀਜਾਂ ਸਮੇਤ 110 ਹੋਰ ਮਰੀਜਾਂ ਦੀ ਜਾਂਚ ਕਰਕੇ ਉਹਨਾਂ ਨੂੰ ਮੌਕੇ ਤੇ ਹੀ ਸੂਰੀ ਹਸਪਤਾਲ ਅਤੇ ਚਾਹਲ ਮੈਡੀਕਲ ਸਟੋਰ ਵਲੋਂ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸੰਤ ਗੁਰਮੇਲ ਸਿੰਘ ਬਲੱਡ ਕੁ-ਲੈਕਸ਼ਨ ਸੈਂਟਰ ਗੜ੍ਹੀ ਕਾਨੂੰਗੋ ਦੀ ਟੀਮ ਵਲੋਂ 75 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ। ਇਸ ਮੁਫਤ ਮੈਡੀਕਲ ਜਾਂਚ ਕੈਂਪ ਦਾ ਉਦਘਾਟਨ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਚੌਧਰੀ ਅਜੈ ਮੰਗੂਪੁਰ ਨੇ ਕੀਤਾ ਅਤੇ ਉਹਨਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਿਆਂ ਲੋਕਾਂ ਨੂੰ ਸ਼ਹੀਦੀ ਪੰਦਰਵਾੜੇ ਦੌਰਾਨ ਸ਼ਹੀਦਾਂ ਦੀ ਯਾਦ ਵਿੱਚ ਧਾਰਮਿਕ ਪ੍ਰੋਗਰਾਮ ਕਰਵਾਉਣ ਦੀ ਸਲਾਹ ਦਿੱਤੀ। ਇਸ ਮੌਕੇ ਡਾਕਟਰ ਹਰਜਿੰਦਰ ਸਿੰਘ ਵਿੱਕੀ, ਕਾਕਾ ਚੌਧਰੀ, ਮਹਾਂਵੀਰ ਭੁੰਬਲਾ, ਠੇਕੇਦਾਰ ਪ੍ਰਵੀਨ ਕੁਮਾਰ, ਕਪਿਲ ਦੇਵ, ਨਰੇਸ਼ ਕੁਮਾਰ, ਸ਼ਾਮ ਲਾਲ, ਗੁਰਪ੍ਰੀਤ ਹੀਰ, ਦਵਿੰਦਰ ਸਿੰਘ ਸੋਨੀ, ਐਡਵੋਕੇਟ ਕ੍ਰਿਸ਼ਨ ਭੁੱਟਾ, ਵਿੱਕੀ ਬੰਗਾ, ਵਿਨੋਦ ਕੁਮਾਰ ਤੇ ਲਾਡੀ ਰਾਣਾ ਸਮੇਤ ਵੱਡੀ ਗਿਣਤੀ ਵਿੱਚ ਲੋਕਾਂ ਨੇ ਮੈਡੀਕਲ ਜਾਂਚ ਕੈਂਪ ਦਾ ਲਾਹਾ ਲਿਆ।

# ਨਾਤਾ ਪ੍ਰਥਾ, ਇਕ ਸਮਾਜਿਕ ਕਲੰਕ



ਨਿਰਮਲ ਪ੍ਰੇਮੀ ਰਾਜਗੜ੍ਹ
91-94631-61691

ਸਾਲ 2017 ਵਿਚ ਰਾਜਸਥਾਨ ਦੇ ਬਾਂਸਬਾੜਾ ਜ਼ਿਲ੍ਹੇ ਦੇ ਕਲਿੰਜਕਾ ਥਾਣਾ ਇਲਾਕੇ ਵਿਚ ਪ੍ਰੇਮ ਸਬੰਧਾਂ ਦੇ ਚਲਦਿਆਂ ਇਕ ਲੜਕਾ-ਲੜਕੀ ਨੂੰ ਪਿਆਰ ਕਰਨ ਦੀ ਉਨ੍ਹਾਂ ਦੇ ਪਿੰਡ ਅਤੇ ਪਰਿਵਾਰ ਵਾਲਿਆਂ ਨੇ ਇਹੋ ਜਿਹੀ ਸਜ਼ਾ ਦਿੱਤੀ, ਜਿਹਦੇ ਬਾਰੇ ਵਿਚ ਹਰੇਕ ਸੁਣਨ ਵਾਲੇ ਦਾ ਰੋਮ ਰੋਮ ਖੜ੍ਹਾ ਹੋ ਗਿਆ। ਪਹਿਲਾਂ ਦੋਹਾਂ ਨੂੰ ਨੰਗਿਆਂ ਕਰ ਸਾਰੇ ਪਿੰਡ ਵਿਚ ਘੁੰਮਾਇਆ ਗਿਆ, ਫਿਰ ਲੜਕੀ ਦਾ 80 ਹਜ਼ਾਰ ਵਿਚ ਨਾਤਾ ਕਰ ਦਿੱਤਾ ਗਿਆ। ਇਸੇ ਤਰ੍ਹਾਂ ਰਾਜਸਮੰਦ ਜ਼ਿਲ੍ਹੇ ਦੇ ਆਦਿਵਾਸੀ ਇਲਾਕਿਆਂ 'ਚ ਕਈ ਔਰਤਾਂ ਦੇ ਨਾਤਾ ਦੇ ਤਹਿਤ ਆਪਣੀ ਮਰਜ਼ੀ ਦੇ ਵਿਰੁੱਧ ਕਈ ਵਾਰ ਦੁਬਾਰਾ ਵਿਆਹ ਕਰਨ ਦੇ ਮਾਮਲੇ ਸਾਹਮਣੇ ਆਏ।

ਨਾਤਾ, ਨਾਤਰਾ ਅਤੇ ਨਾਤਰੀ ਇਕ ਇਹੋ ਜਿਹੀ ਪ੍ਰਥਾ ਹੈ, ਜਿਹਦੇ 'ਚ ਬਿਨਾਂ ਸ਼ਾਦੀ ਦੇ ਲੜਕੀ ਨੂੰ ਲੜਕੇ ਦੇ ਨਾਲ ਰਹਿਣ ਦੇ ਲਈ ਮਜਬੂਰ ਕੀਤਾ ਜਾਂਦਾ ਹੈ। ਪ੍ਰਦੇਸ਼ ਦੀਆਂ ਕੁਝ ਜਾਤੀਆਂ 'ਚ ਪ੍ਰਚੱਲਿਤ ਨਾਤਾ ਪ੍ਰਥਾ ਦੇ ਅਨੁਸਾਰ ਵਿਆਹੀ ਔਰਤ ਆਪਣੇ ਪਤੀ ਨੂੰ ਛੱਡ ਕੇ ਕਿਸੇ ਦੂਸਰੇ ਆਦਮੀ ਦੇ ਨਾਲ ਰਹਿ ਸਕਦੀ ਹੈ। ਐਨਾ ਹੀ ਨਹੀਂ, ਆਦਮੀ ਵੀ ਕਿਸੇ ਵਿਆਹੀ ਔਰਤ ਨੂੰ ਉਸ ਦੀ ਸਹਿਮਤੀ ਨਾਲ ਲਿਆ ਕੇ ਪਤਨੀ ਦੇ ਰੂਪ 'ਚ ਰੱਖ ਸਕਦਾ ਹੈ। ਅਸਲ 'ਚ ਨਾਤਾ ਪ੍ਰਥਾ 'ਚ ਔਰਤ ਜਾਂ ਆਦਮੀ ਨੂੰ ਸ਼ਾਦੀ ਕਰ ਦੀ ਜ਼ਰੂਰਤ ਨਹੀਂ ਹੁੰਦੀ ਹੈ ਅਤੇ ਨਾ ਹੀ ਕਿਸੇ ਕਿਸਮ ਦੇ ਰੀਤੀ-ਰਿਵਾਜ ਕਰਨੇ ਪੈਂਦੇ ਹਨ।

ਅਸਲ 'ਚ ਰਾਜਸਥਾਨ 'ਚ ਨਾਤਾ ਪ੍ਰਥਾ ਰੁਕਣ ਦਾ ਨਾਂ ਨਹੀਂ ਲੈ ਰਹੀ ਹੈ। ਇਸ ਪ੍ਰਥਾ 'ਚ ਕੋਈ ਵੀ ਵਿਆਹਿਆ ਆਦਮੀ ਜਾਂ ਔਰਤ ਜੇਕਰ ਕਿਸੇ ਦੂਸਰੇ ਆਦਮੀ ਜਾਂ ਔਰਤ ਦੇ ਨਾਲ ਆਪਣੀ ਮਰਜ਼ੀ ਨਾਲ ਰਹਿਣਾ ਚਾਹੁੰਦੀ ਹੈ ਤਾਂ ਉਹ ਇਕ-ਦੂਜੇ ਤੋਂ ਤਲਾਕ ਲੈ ਕੇ ਇਕ ਮਿੱਥੀ ਰਾਸ਼ੀ ਦੇ ਕੇ ਇਕੱਠੇ ਰਹਿ ਸਕਦੇ ਹਨ। ਕਹਿੰਦੇ ਹਨ ਕਿ ਨਾਤਾ ਪ੍ਰਥਾ ਵਿਧਵਾਵਾਂ ਅਤੇ ਛੱਡੀਆਂ ਔਰਤਾਂ ਦੇ ਲਈ ਸ਼ੁਰੂ ਹੋਈ ਸੀ। ਉਨ੍ਹਾਂ ਨੂੰ ਸਮਾਜਿਕ ਜੀਵਨ ਜੀਣ ਦੇ ਲਈ ਮਾਨਤਾ ਦੇਣ ਦੇ ਲਈ ਇਸ ਦੀ ਸ਼ੁਰੂਆਤ ਹੋਈ ਸੀ। ਇਸ ਪ੍ਰਥਾ ਦੇ ਪੰਜ ਪਿੰਡਾਂ ਦੇ ਪੰਚਾਂ ਰਾਹੀਂ ਕੁਝ ਫੈਸਲੇ ਲਏ ਜਾਂਦੇ ਹਨ। ਇਸੇ ਦੌਰਾਨ ਪਹਿਲੀ ਸ਼ਾਦੀ ਦੇ ਦੌਰਾਨ ਜਨਮੇ ਬੱਚਿਆਂ ਨੂੰ ਲੈ ਕੇ ਗੱਲ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਬਾਕੀ ਮੁੱਦਿਆਂ 'ਤੇ ਚਰਚਾ ਕਰ ਨਿਪਟਾਰਾ ਕੀਤਾ ਜਾਂਦਾ ਹੈ।

ਇਸ 'ਚ ਸਿਰਫ ਔਰਤ, ਆਦਮੀ ਅਤੇ ਉਸ ਨਾਲ ਜੁੜੇ ਪੱਖਾਂ ਜਿਵੇਂ ਮਾਤਾ-ਪਿਤਾ, ਔਰਤ ਦਾ ਪਤੀ ਅਤੇ ਆਦਮੀ ਦੀ ਪਤਨੀ ਦੇ ਵਿਚਾਲੇ ਸਹਿਮਤੀ ਬਣਾਉਣੀ ਹੁੰਦੀ ਹੈ। ਪੰਚਾਇਤ ਦੇ ਜ਼ਰੀਏ ਪਤਨੀ ਨੂੰ ਲੈ ਜਾਣ ਵਾਲੇ ਆਦਮੀ ਤੋਂ ਮਿੱਥੀ ਰਾਸ਼ੀ ਦੀ ਮੰਗ ਕੀਤੀ ਜਾਂਦੀ ਹੈ। ਵਿਆਹਿਆ ਆਦਮੀ ਵਿਆਹੁਤਾ ਔਰਤ ਨਾਲ ਜੁੜੇ ਪੱਖ ਨੂੰ ਇਕ ਮਿੱਥੀ ਰਾਸ਼ੀ ਦੇ ਕੇ ਆਪਣੇ ਨਾਲ ਰੱਖ ਸਕਦਾ ਹੈ। ਸੌਦਾ ਤਹਿ ਹੋਣ ਤੇ ਪਤਨੀ ਦੂਸਰੇ ਆਦਮੀ ਦੇ ਨਾਲ ਰਹਿਣ ਲੱਗਦੀ ਹੈ। ਇਸ ਲੈਣ-ਦੇਣ ਕੀਤੀ ਜਾਣ ਵਾਲੀ ਰਾਸ਼ੀ ਨੂੰ ਝਗੜਾ-ਛੁਟਣਾ ਕਹਿੰਦੇ ਹਨ।

ਉਂਝ ਤਾਂ ਰਾਜਸਥਾਨ 'ਚ ਇਸ ਪ੍ਰਥਾ ਦਾ ਰੁਝਾਨ ਕਈਆਂ ਥਾਵਾਂ 'ਤੇ ਹੈ, ਪਰ ਆਦਿਵਾਸੀ ਤਬਕਿਆਂ, ਜਨਜਾਤੀ ਖੇਤਰਾਂ ਅਤੇ ਕੁਝ ਜਾਤੀਆਂ 'ਚ ਇਹ ਰਿਵਾਜ਼ ਕਾਫੀ ਮਸ਼ਹੂਰ ਹੈ। ਪਹਿਲਾਂ ਇਹ ਪ੍ਰਥਾ ਜਿੱਥੇ ਸਿਰਫ ਪਿੰਡਾਂ 'ਚ ਮੰਨੀ ਜਾਂਦੀ ਸੀ, ਉਥੇ ਵਰਤਮਾਨ ਯੁੱਗ 'ਚ ਇਹ ਕਈ ਕਸਬਿਆਂ ਤੱਕ ਫੈਲ ਚੁੱਕੀ ਹੈ। ਪੰਚਾਂ ਦਾ ਤਰਕ ਹੈ ਕਿ ਇਸ ਪ੍ਰਥਾ ਦੀ ਵਜ੍ਹਾ ਨਾਲ ਔਰਤਾਂ ਅਤੇ ਆਦਮੀਆਂ ਨੂੰ ਤਲਾਕ ਦੇ ਕਾਨੂੰਨੀ ਝੰਜਟਾਂ ਤੋਂ ਮੁਕਤੀ ਮਿਲ ਜਾਂਦੀ ਹੈ, ਪਰ ਅਸਲ 'ਚ ਇਹੋ ਜਿਹਾ ਹੁੰਦਾ ਨਹੀਂ ਹੈ।

ਸਮਾਂ ਲੰਘਣ ਦੇ ਨਾਲ ਇਸ ਪ੍ਰਥਾ 'ਚ ਵੀ ਕਈ ਤਬਦੀਲੀਆਂ ਹੁੰਦੀਆਂ ਚਲੀਆਂ ਗਈਆਂ। ਇਸ ਦੇ ਕਾਰਨ ਲੜਕੀਆਂ ਅਤੇ ਔਰਤਾਂ ਦੇ ਖਰੀਦਣ ਅਤੇ ਵੇਚਣ ਦੇ ਇਸ ਸਿਲਸਿਲੇ ਨੂੰ ਹੱਲਾਸ਼ੇਰੀ ਮਿਲ ਰਹੀ ਹੈ। ਉਥੇ ਦੂਜੇ ਪਾਸੇ ਇਹ ਪੁਰਸ਼ਵਾਦੀ ਸਮਾਜ 'ਚ ਔਰਤਾਂ ਦੇ ਕੰਟਰੋਲ ਦਾ ਵੀ ਹਥਿਆਰ ਬਣਦਾ ਜਾ ਰਿਹਾ ਹੈ। ਇਸ ਪ੍ਰਥਾ ਨਾਲ ਹੋ ਰਹੇ ਨੁਕਸਾਨ ਨੂੰ ਰੋਕਣ ਦੇ ਲਈ ਵਰਤਮਾਨ 'ਚ ਪੰਚਾਇਤਾਂ ਦੇ ਕੋਲ ਕੋਈ ਵੀ ਅਧਿਕਾਰਿਕ ਕੰਟਰੋਲ ਨਹੀਂ ਹੈ, ਜਿਸ ਨਾਲ ਨਾਤਾ ਪ੍ਰਥਾ ਔਰਤਾਂ ਦੇ ਸ਼ੋਅ ਦਾ ਸਭ ਤੋਂ ਵੱਡਾ ਹਥਿਆਰ ਬਣ ਕੇ ਸਾਹਮਣੇ ਆ ਰਹੀ ਹੈ।

ਕੁਝ ਸਮਾਂ ਪਹਿਲਾਂ ਦੱਖਣੀ ਰਾਜਸਥਾਨ 'ਚ ਇਕ ਗੈਰ ਸਰਕਾਰੀ ਸੰਗਠਨ ਦੇ ਵੱਲੋਂ ਕੀਤੇ ਗਏ ਅਧਿਐਨ 'ਚ ਪਾਇਆ ਗਿਆ ਕਿ ਜੇਕਰ ਬੱਚਿਆਂ ਦੀ ਮਾਂ ਨਾਤਾ ਪ੍ਰਥਾ ਦੇ ਤਹਿਤ ਕਿਸੇ ਦੂਜੇ ਆਦਮੀ ਦੇ ਕੋਲ ਚਲੀ ਗਈ ਹੈ ਤਾਂ ਬੱਚਿਆਂ ਨੂੰ ਸਕੂਲਾਂ 'ਚ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ 'ਚੋਂ ਬਹੁਤਿਆਂ ਦੇ ਕੋਲ ਆਪਣੀਆਂ ਭਾਵਨਾਵਾਂ ਨੂੰ ਸਾਂਝਾ ਕਰਨ ਲਈ ਕੋਈ ਦੋਸਤ ਨਹੀਂ ਹੁੰਦਾ। ਅਧਿਐਨ 'ਚ ਕਿਹਾ ਗਿਆ ਕਿ 13 ਫੀਸਦੀ ਬੱਚਿਆਂ ਨੂੰ ਆਪਣੇ ਪਰਿਵਾਰ 'ਚ ਨਾਤਾ ਦੇ ਕਾਰਨ ਸਕੂਲਾਂ 'ਚ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹਨਾਂ 'ਚੋਂ 6 ਫੀਸਦੀ ਬੱਚਿਆਂ ਨੂੰ ਜ਼ੁਬਾਨੀ ਅਤੇ ਸਰੀਰਕ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ। ਅਧਿਐਨ 'ਚ 22 ਫੀਸਦੀ ਬੱਚਿਆਂ ਨੇ ਦੱਸਿਆ ਕਿ ਨਾਤਾ ਸਬੰਧ ਦੇ ਬਾਅਦ ਵਿਚ ਉਹ ਰੋਜ਼ਾਨਾ ਜੀਵਨ 'ਚ ਪਰਿਵਾਰਾਂ 'ਚ ਹਿੰਸਾ ਦੇਖਦੇ ਹਨ। ਅਧਿਐਨ 'ਚ ਕਿਹਾ ਗਿਆ ਹੈ ਕਿ ਆਦਿਵਾਸੀ ਸਮਾਜ 'ਚ ਦੋ ਪ੍ਰਕਾਰ ਦੀ ਨਾਤਾ ਪ੍ਰਥਾਵਾਂ ਹਨ। ਪਹਿਲੀ, ਜਦ ਪਤੀ ਦੀ ਮੌਤ ਹੋ ਜਾਂਦੀ ਹੈ ਅਤੇ ਔਰਤ ਆਪਣੀ ਮਰਜ਼ੀ ਨਾਲ ਜਾਂ ਸਮਾਜ ਦੀ ਸਹਿਮਤੀ ਨਾਲ ਕਿਸੇ ਹੋਰ ਆਦਮੀ ਦੇ ਨਾਲ ਚਲੀ ਜਾਂਦੀ ਹੈ। ਉਥੇ ਦੂਸਰੀ 'ਚ ਇਕ ਔਰਤ ਆਪਣੇ ਪਤੀ ਦੇ ਜਿਉਂਦੇ ਹੁੰਦੇ ਹੋਏ ਵੀ ਕਿਸੇ ਹੋਰ ਆਦਮੀ ਦੇ ਨਾਲ ਚਲੀ ਜਾਂਦੀ ਹੈ।

ਇਨ੍ਹਾਂ ਦੋਹਾਂ ਮਾਮਲਿਆਂ 'ਚ ਔਰਤਾਂ ਆਪਣੇ ਬੱਚਿਆਂ ਨੂੰ ਪਿੱਛੇ ਛੱਡ ਦਿੰਦੀਆਂ ਹਨ, ਕਿਉਂਕਿ ਉਨ੍ਹਾਂ ਦਾ ਨਵਾਂ ਪਤੀ ਆਪਣੇ ਪਹਿਲੇ ਪਤੀ ਦੇ ਬੱਚਿਆਂ ਨੂੰ ਕਬੂਲ ਕਰਨ ਨੂੰ ਤਿਆਰ ਨਹੀਂ ਹੁੰਦਾ ਹੈ। ਇਹ ਉਨ੍ਹਾਂ ਬੱਚਿਆਂ ਦੇ ਲਈ ਕਈ ਕਮਜ਼ੋਰੀਆਂ ਪੈਦਾ ਕਰਦਾ ਹੈ, ਜਿਨ੍ਹਾਂ ਨੂੰ ਆਪਣੇ ਦਾਦਾ-ਦਾਦੀ ਜਾਂ ਹੋਰ ਰਿਸ਼ਤੇਦਾਰਾਂ ਦੇ ਨਾਲ ਰਹਿਣ ਦੇ ਲਈ ਮਜਬੂਰ ਕੀਤਾ ਜਾਂਦਾ ਹੈ। ਪਤੀ ਜਾਂ ਪਤਨੀ ਦੀ ਛੇਤੀ ਮੌਤ, ਔਰਤਾਂ ਦੇ ਖਿਲਾਫ ਘਰੇਲੂ ਹਿੰਸਾ, ਤਲਾਕ, ਪਤੀ ਦੀ ਖਰਾਬ ਆਰਥਿਕ ਸਥਿਤੀ ਜਾਂ ਜਦ ਉਹ ਆਪਣੀ ਪਤਨੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ 'ਚ ਸਮਰੱਥ ਨਹੀਂ ਹੁੰਦਾ ਹੈ, ਜਿਹੇ ਕਾਰਨਾਂ ਨੂੰ ਵੀ ਨਾਤਾ ਪ੍ਰਥਾ ਦੇ ਵਧਣ ਦੀ ਵਜ੍ਹਾ ਮੰਨਿਆ ਜਾਂਦਾ ਹੈ। ਇਸ ਦੇ ਇਲਾਵਾ ਸਮਾਜ ਦਾ ਆਧੁਨਿਕੀਕਰਨ ਅਤੇ ਮੋਬਾਇਲ ਅਤੇ ਟੀ. ਵੀ. ਦਾ ਪ੍ਰਚਲਨ ਵੀ ਨਾਤਾ ਦੇ ਦੂਜੇ ਕਾਰਨ ਹਨ।

ਨਾਤਾ ਪ੍ਰਥਾ 'ਤੇ ਕੀਤੇ ਗਏ ਇਕ ਹੋਰ ਅਧਿਐਨ 'ਚ ਹੈਰਾਨ ਕਰਨ ਵਾਲੇ ਤੱਥ ਨਿਕਲ ਕੇ ਸਾਹਮਣੇ ਆਏ। ਤੱਥ ਔਰਤਾਂ ਦੀ ਦੁਰਦਸ਼ਾ ਨੂੰ ਦਰਸਾਉਂਦੇ ਹੋਏ ਮਿਲੇ। ਨਾਤਾ ਪ੍ਰਥਾ ਦੇ ਕਾਰਨ ਦੇ ਰੂਪ 'ਚ ਪਤਨੀ ਦੇ ਨਾਲ ਪਤੀ ਦਾ ਅਪਮਾਨਜਨਕ ਰਵੱਈਆ ਸਾਹਮਣੇ ਆਇਆ, ਜਿਹਦੇ ਨਾਲ ਉਨ੍ਹਾਂ ਦੀ ਪੂਰੀ ਜ਼ਿੰਦਗੀ ਦੁੱਖਾਂ 'ਚ ਕਟਦੀ ਰਹੀ। ਉਥੇ ਅਨਿਸ਼ਚਿਤ ਵਿਧਵਾਪਣ ਅਤੇ ਤਲਾਕ ਦੀ ਮਜ਼ਬੂਰੀ ਜਿਹੇ ਕਾਰਨ ਵੀ ਸਾਹਮਣੇ ਆਏ। ਇਸ ਖੇਤਰ 'ਚ ਕੰਮ ਕਰਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਇਸ ਪ੍ਰਥਾ ਨੂੰ ਠੱਲ੍ਹ ਪਾਉਣ ਦੀ ਸਖਤ ਲੋੜ ਹੈ, ਜਿਹਦੇ ਲਈ ਸਭ ਤੋਂ ਪਹਿਲਾਂ ਤਾਂ ਸਰਕਾਰ ਨੂੰ ਸਖਤ ਕਾਨੂੰਨ ਬਣਾਉਣਾ ਹੋਵੇਗਾ।

# ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ



ਡਾ. ਅਰਵਿੰਦਰ ਸਿੰਘ ਭੱਲਾ
91-94630-62603

ਬੇਸ਼ੱਕ ਅੱਜ ਦੇ ਇਨਸਾਨ ਨੇ ਹੋਰਨਾਂ ਮਖ਼ਲੂਕਾਂ ਉੱਪਰ ਆਪਣੀ ਬਾਲਾਦਸਤੀ ਕਾਇਮ ਕੀਤੀ ਹੈ ਅਤੇ ਉਹ ਖੁਦ ਨੂੰ ਬਹੁਤ ਤਾਕਤਵਰ, ਤਰੱਕੀ-ਪਸੰਦ, ਕਾਮਯਾਬ ਅਤੇ ਸਾਹਿਬ-ਏ-ਅਕਲ ਵੀ ਮਹਿਸੂਸ ਕਰਦਾ ਹੈ, ਲੇਕਿਨ ਇਸ ਸਭ ਦੇ ਬਾਵਜੂਦ ਸੱਚ ਜਾਣਿਓ! ਇਨਸਾਨ ਦੀ ਜ਼ਹਾਨਤ ਉੱਪਰ ਹੁਣ ਸ਼ੱਕ ਜਿਹਾ ਹੁੰਦਾ ਹੈ। ਉਸ ਦੇ ਦਾਅਵੇ ਖੋਖਲੇ ਜਿਹੇ ਪ੍ਰਤੀਤ ਹੁੰਦੇ ਹਨ। ਸਾਡੇ ਮੁਆਸ਼ਰੇ ਵਿਚ ਲੋਕ ਤਰੱਕੀ ਦੀ ਅੰਨ੍ਹੀ ਦੌੜ ਵਿਚ ਇਸ ਹੱਦ ਤੱਕ ਸ਼ਾਮਿਲ ਹੋ ਚੁੱਕੇ ਹਨ ਕਿ ਨਾ ਤਾਂ ਹੁਣ ਉਹਨਾਂ ਵਿਚ ਪਹਿਲਾਂ ਵਰਗਾ ਸਹਿਜ, ਸਕੂਨ, ਸਦਾਕਤ ਅਤੇ ਸਦਭਾਵਨਾ ਰਹੀ ਹੈ ਅਤੇ ਨਾ ਹੀ ਉਹ ਪਹਿਲਾਂ ਵਰਗੇ ਜਜ਼ਬਾਤਾਂ ਦੇ ਰਿਸ਼ਤੇ, ਤਹਿਜ਼ੀਬ, ਸ਼ਰਾਫਤ ਤੇ ਕਿਰਦਾਰ ਹਨ। ਨਾ ਉਹ ਬੰਦਾਪਰਵਰੀ, ਛੋਟੇ-ਵੱਡੇ ਦਾ ਲਿਹਾਜ਼, ਇਕ-ਦੂਜੇ ਦਾ ਏਹਤਿਰਾਮ, ਰਿਸ਼ਤਿਆਂ ਵਿਚ ਸ਼ਫ਼ਕਤ ਤੇ ਇਕ ਦੂਜੇ ਦੀ ਸ਼ਰਮ ਦਿਖਾਈ ਦਿੰਦੀ ਹੈ ਅਤੇ ਨਾ ਹੀ ਕਿਤੇ ਲੋਕਾਂ ਵਿਚ ਉਹ ਪਹਿਲਾਂ ਵਰਗਾ ਖ਼ਲੂਸ, ਦਿਆਨਤਦਾਰੀ, ਮੁਖ਼ਲਿਸ ਰੱਵਈਆ, ਬਾਇਖ਼ਲਾਕ ਤਰਜ਼-ਏ-ਅਮਲ ਅਤੇ ਖੁਸ਼ਮਿਜ਼ਾਜ਼ ਵਰਤਾਉ ਦੇਖਣ ਨੂੰ ਮਿਲਦਾ ਹੈ।

ਬੇਸ਼ੱਕ ਅੱਜ ਇਨਸਾਨ ਨੇ ਕਾਇਨਾਤ ਦੇ ਗੁੱਝੇ ਭੇਦਾਂ ਨੂੰ ਸਮਝਣ ਵਿਚ ਕਿਸੇ ਹੱਦ ਤੱਕ ਸਫਲਤਾ ਵੀ ਹਾਸਲ ਕੀਤੀ ਹੈ, ਲੇਕਿਨ ਹੁਣ ਉਹ ਪਹਿਲਾਂ ਵਰਗੀ ਕੁਰਬੱਤ ਅਤੇ ਰਫ਼ਾਕਤ ਕਿਤੇ ਗੁੰਮ ਜਿਹੀ ਹੋ ਗਈ ਹੈ। ਦੌਲਤ ਦੇ ਅੰਬਾਰ ਉੱਪਰ ਬੈਠਾ ਹਰ ਸ਼ਖਸ ਅੰਦਰੋਂ-ਅੰਦਰ ਹੀ ਇਕੱਲਤਾ ਅਤੇ ਕਿਸੇ ਖ਼ਲਾਅ ਦਾ ਸੰਤਾਪ ਭੋਗ ਰਿਹਾ ਹੈ, ਉਹ ਭੀੜ ਵਿਚ ਸ਼ੁਮਾਰ ਤਾਂ ਹੋ ਰਿਹਾ ਹੈ, ਲੇਕਿਨ ਮਨੁੱਖੀ ਰਿਸ਼ਤਿਆਂ ਵਿਚੋਂ ਕਿਤੇ ਨਾ ਕਿਤੇ ਹਰ ਗੁਜ਼ਰਦੇ ਹੋਏ ਪਲਾਂ ਨਾਲ ਮਨਫੀ ਹੋ ਰਿਹਾ

ਆਪਣੀਆਂ ਸੋਚਾਂ ਤੇ ਵਿਚਾਰਾਂ ਦੇ ਉਡਣ ਖਟੋਲੇ ਵਿਚ ਬੇਸ਼ੱਕ ਤੁਸੀਂ ਸੈਰ ਕਰੋ, ਲੇਕਿਨ ਕਦੇ ਵੀ ਆਪਣੇ ਹੱਥੋਂ ਹੋਸ਼ ਦੀ ਤੰਦ ਨੂੰ ਛੁਟਣ ਨਾ ਦਿਉ। ਦੂਜਿਆਂ ਨਾਲ ਦੁੱਖ ਵੰਡਾਉਂਦੇ ਆਪਣੇ ਵਿਚਾਰਾਂ ਨੂੰ ਮਲ੍ਹਮ ਦੀ ਤਰ੍ਹਾਂ ਇਸਤੇਮਾਲ ਕਰੋ ਨਾ ਕਿ ਕਿਸੇ ਨਸ਼ਤਰ ਦੀ ਤਰ੍ਹਾਂ ਲੋਕਾਂ ਦੇ ਦੁਖਾਂ ਨੂੰ ਖਰੋਦੋ। ਦੂਜਿਆਂ ਨਾਲ ਉਹਨਾਂ ਦੇ ਸੁੱਖ ਤੇ ਖੁਸ਼ੀਆਂ ਵੰਡਾਉਂਦੇ ਹੋਏ ਇਸ ਗੱਲ ਦਾ ਜ਼ਰੂਰ ਅਹਿਸਾਸ ਰਹੇ ਕਿ ਤੁਸੀਂ ਲੋਕਾਂ ਦੇ ਹਾਸਿਆਂ ਨੂੰ ਕਹਿਕਹਿਆਂ ਵਿਚ ਪਰਿਵਰਤਤ ਕਰ ਸਕੋ। ਇਸ ਕਹਿਕਸ਼ਾਂ ਵਿਚ ਮਨੁੱਖ ਚਾਹੇ ਤਾਂ ਉਹ ਜਿਥੇ ਚਾਹੇ ਆਪਣੇ ਲਈ ਆਪਣੇ ਹਿੱਸੇ ਦੀ ਜੱਨਤ ਸਿਰਜ ਸਕਦਾ ਹੈ ਅਤੇ ਜਦੋਂ ਚਾਹੇ ਪਲਕ ਝਪਕਦਿਆਂ ਆਪਣੇ ਆਪ ਨੂੰ ਆਪਣੀ ਨਾਕਾਰਾਤਮਕ ਸੋਚ ਦੇ ਇਵਜ਼ ਵਿਚ ਜਹੁੱਨਮ ਦੀ ਭੱਠੀ ਵਿਚ ਝੋਕ ਸਕਦਾ ਹੈ। ਜ਼ਿੰਦਗੀ ਨੂੰ ਨਫ਼ੇ ਨੁਕਸਾਨ ਦੇ ਤਰਾਜ਼ੂ ਵਿਚ ਤੋਲਣ ਤੋਂ ਗੁਰੇਜ਼ ਕਰੋ ਕਿਉਂ ਕਿ ਨਫ਼ਾ ਅਤੇ ਨੁਕਸਾਨ ਤੁਹਾਡੀ ਨਜ਼ਰ ਦਾ ਧੋਖਾ ਹੈ।

ਹੈ, ਉਹ ਕੁਝ ਮੁਫਲਸੀ ਦੇ ਮਾਰੇ ਲੋਕਾਂ ਉੱਤੇ ਆਪਣੇ ਸਿੱਕੇ ਦੀ ਧੌਂਸ ਨੂੰ ਜਮਾਉਣ ਵਿਚ ਤਾਂ ਸਫ਼ਲ ਦਿਖਾਈ ਦੇ ਰਿਹਾ ਹੈ, ਲੇਕਿਨ ਉਸ ਦੀ ਆਪਣੀ ਸਫ਼ਲਤਾ ਹੀ ਉਸ ਦੇ ਧੁਰ ਅੰਦਰ ਕਿਤੇ ਨਾ ਕਿਤੇ ਬੇਚੈਨੀ ਨੂੰ ਵਧਾਉਣ ਵਿਚ ਮਰਕਜ਼ੀ ਕਿਰਦਾਰ ਨਿਭਾ ਰਹੀ ਹੈ । ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਉਸ ਦੀ ਅਜਿਹੀ ਹਾਲਤ ਕਿਉਂ ਹੈ? ਜੇਕਰ ਅਸੀਂ ਗਹੁ ਨਾਲ ਵੇਖੀਏ ਤਾਂ ਇਹ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਨਸਾਨ ਮਹਿਜ਼ ਇਕ ਕਠਪੁਤਲੀ ਹੈ। ਦਰਅਸਲ ਇਨਸਾਨ ਆਪਣੇ ਪਹਿਲੇ ਸਾਹ ਤੋਂ ਆਖ਼ਰੀ ਸਾਹ ਤੱਕ ਇਕ ਬੜੇ ਵੱਡੇ ਮੁਗਾਲਤੇ ਦਾ ਸ਼ਿਕਾਰ ਹੁੰਦਾ ਹੈ ਅਤੇ ਉਹ ਭੁੱਲ ਜਾਂਦਾ ਹੈ ਕਿ ਕਿਸੇ ਵੀ ਕਠਪੁਤਲੀ ਦੀ ਆਪਣੀ ਕੋਈ ਸੁਤੰਤਰ ਹੋਂਦ ਨਹੀਂ ਹੁੰਦੀ ਹੈ। ਇਨਸਾਨ ਜੋ ਵੀ ਹੈ, ਉਹ ਕਿਸੇ ਦੈਵੀ ਸ਼ਕਤੀ ਦੀ ਰਜ਼ਾ ਵਿਚ ਹੀ ਹੈ। ਵਾਸਤਵ ਵਿਚ ਉਸ ਦੀ ਹੈਸੀਅਤ ਇਸ ਬ੍ਰਹਿਮੰਡ ਦੇ ਇਕ ਤੁੱਛ ਜਿਹੇ ਕਿਣਕੇ ਦੇ ਸਮਾਨ ਹੈ, ਲੇਕਿਨ ਉਹ ਉਲਾਰ ਅਤੇ ਫ਼ਤੂਰ ਵਿਚ ਇਹ ਸਮਝ ਬੈਠਦਾ ਹੈ ਕਿ ਜਿਵੇਂ ਸਭ ਕੁਝ ਉਸ ਦੇ ਕਰਕੇ ਅਤੇ ਉਸ ਦੇ ਇਸ਼ਾਰੇ ਉੱਤੇ ਹੋ ਰਿਹਾ ਹੈ। ਇਸ ਸੰਸਾਰ ਵਿਚ ਵਿਚਰਦੇ ਹੋਏ ਇਨਸਾਨ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਾਰੇ ਖ਼ੌਫ਼, ਵਸਵਸੇ, ਵਹਿਮ, ਉਲਝਣਾਂ ਅਤੇ ਦੁਚਿੱਤੀਆਂ ਉਸ ਵੇਲੇ ਮਨੁੱਖ ਨੂੰ ਆਣ ਘੇਰਦੀਆਂ ਹਨ, ਜਦੋਂ ਮਨੁੱਖ ਉਸ ਪਰਵਦਗਾਰ ਦੀ ਰਜ਼ਾ ਵਿਚ ਚਲਣ ਤੋਂ ਮੁਨਕਰ ਹੋ ਕੇ ਨੇਕੀ ਦੇ ਰਾਹ ਨੂੰ ਛੱਡ ਕੇ ਵਿਕਾਰਾਂ ਅੱਗੇ ਆਤਮ ਸਮਰਪਣ ਕਰ ਦਿੰਦਾ ਹੈ। ਉਸ ਨਿਰੰਕਾਰ ਦੀ ਰਜ਼ਾ ਤੋਂ ਮੁਨਕਰ ਕਿਸੇ ਵੀ ਇਨਸਾਨ ਨੂੰ ਨਾ ਤਾਂ ਕੋਈ ਸਿਆਣਪ, ਚਲਾਕੀ-ਚੁਸਤੀ ਅਤੇ ਸ਼ਰਾਰਤ ਵੈਤਰਨੀ ਦੀ ਅੱਗ ਤੋਂ ਬਚਾ ਸਕਦੀ ਹੈ ਅਤੇ ਨਾ ਹੀ ਉਸ ਨੂੰ ਪੁਰਸਲਾਤ ਦੇ ਪੁੱਲ ਤੋਂ ਪਾਰ ਲੰਘਾ ਸਕਦੀ ਹੈ।

ਅਕਸਰ ਇਹ ਵੀ ਦੇਖਣ ਨੂੰ ਮਿਲਦਾ ਹੈ ਕਿ ਜ਼ਿਆਦਾਤਰ ਲੋਕ ਅਜ਼ੀਮਤਰ ਇਨਸਾਨ ਬਣਨ ਦਾ ਖ਼ਵਾਬ ਦੇਖਦੇ ਹਨ, ਲੇਕਿਨ ਉਹਨਾਂ ਦੇ ਅੰਦਰ ਦਾ ਝੂਠ, ਕਸ਼ਮਕਸ਼, ਖੁਦਗਰਜ਼ੀ, ਲਾਲਚ, ਜ਼ਹਾਲਤ ਅਤੇ ਬੁਜ਼ਦਿਲੀ ਉਹਨਾਂ ਕੋਲੋਂ ਉਹ ਬੇਸ਼ਕੀਮਤੀ ਪਲ ਖੋਹ ਲੈਂਦੀ ਹੈ, ਜਿਸ ਦਾ ਸਦਉਪਯੋਗ ਕਰਕੇ ਉਹ ਮਹਾਨ ਬਣ ਸਕਦੇ ਹੁੰਦੇ ਹਨ। ਅਜਿਹੇ ਲੋਕਾਂ ਕੋਲ ਨਾ ਤਾਂ ਨੇਕੀ, ਸਚਾਈ ਤੇ ਕੁਰਬਾਨੀ ਦੇ ਰਾਹ ਉੱਪਰ ਤੁਰਨ ਦਾ ਹੁਨਰ ਤੇ ਜਜ਼ਬਾ ਹੁੰਦਾ ਹੈ ਅਤੇ ਨਾ ਹੀ ਉਹਨਾਂ ਅੰਦਰ ਰਹਿਮਦਿਲ, ਦਿਆਨਤਦਾਰ, ਸਖੀ, ਬਹਾਦਰ ਅਤੇ ਸੱਚੇ ਇਨਸਾਨ ਬਣਨ ਦੀ ਸਲਾਹੀਅਤ ਹੁੰਦੀ ਹੈ। ਲਿਹਾਜ਼ਾ ਆਪਣੇ ਨਹਾਇਤ ਬੁਰੇ ਅਮਲਾਂ ਕਰਕੇ ਆਪਣੀ ਕਮਜ਼ਰਫੀ, ਹਵਸ ਤੇ ਨਫ਼ਸ ਦੇ ਗੁਲਾਮ ਅਜਿਹੇ ਲੋਕ ਕਦੇ ਵੀ ਅਜ਼ੀਮ ਇਨਸਾਨ ਨਹੀਂ ਬਣ ਪਾਉਂਦੇ ਹਨ। ਪ੍ਰਮਾਤਮਾ ਤਾਂ ਮੁਨਾਸਿਬ ਵ੍ਕਤ ਆਉਣ ਉੱਪਰ ਹਰੇਕ ਨੂੰ ਸਵਾਬ ਖੱਟਣ ਦਾ ਮੌਕਾ ਦਿੰਦਾ ਹੈ, ਪਰੰਤੂ ਇਨਸਾਨ ਗੁਨਾਹ ਅਤੇ ਗ਼ਫ਼ਲਤ ਦੇ ਰਾਹ ਉੱਪਰ ਬੇਖੌਫ ਤੁਰਦਿਆਂ ਭਲੇ ਵਕ਼ਤ ਦਾ ਲਾਭ ਉਠਾਉਣ ਤੋਂ ਖੁੰਝ ਜਾਂਦਾ ਹੈ। ਜੇਕਰ ਇਨਸਾਨ ਬੁਰਾਈ ਤੇ ਗੁਨਾਹ ਦੇ ਰਸਤੇ ਨੂੰ ਛੱਡ ਕੇ ਹੱਕ-ਸੱਚ ਤੇ ਨੇਕੀ ਦਾ ਰਾਹ ਅਖਤਿਆਰ ਕਰ ਲਵੇ ਤਾਂ ਇਨਸਾਨ ਫ਼ਰਿਸ਼ਤਾ ਬਣ ਜਾਵੇ, ਪਰ ਅਫਸੋਸ ਉਸ ਦੀ ਮਕਾਰੀ, ਜ਼ਿਹਨੀ ਤੰਗਦਿਲੀ ਅਤੇ ਵਿਕਾਰਾਂ ਵਿਚ ਜਕੜਿਆ ਹੋਇਆ ਉਸ ਦਾ ਵਜੂਦ ਉਸ ਨੂੰ ਇਕ ਮਹਾਨ ਇਨਸਾਨ ਬਣਨ ਤੋਂ ਰੋਕਦਾ ਹੈ। ਜਿਹੜੀਆਂ ਦੇਹਾਂ ਕਦੇ ਸਿਜਦੇ ਵਿਚ ਨਾ ਝੁਕੀਆਂ ਹੋਣ, ਜਿਹਨਾਂ ਨੇ ਕਦੇ ਆਪਣੇ ਗੁਨਾਹਾਂ ਦੀ ਤੋਬਾ ਨਾ ਕੀਤੀ ਹੋਵੇ ਅਤੇ ਜਿਹਨਾਂ ਨੇ ਆਪਣੇ ਖ਼ਵਾਬਾਂ ਦੀ ਤਾਬੀਰ ਦੀ ਕੀਮਤ ਨਾ ਅਦਾ ਕੀਤੀ ਹੋਵੇ, ਉਹ ਲੋਕ ਕੋਈ ਗੈਰਮਾਮੂਲੀ ਕੰਮ ਸਰਅੰਜ਼ਾਮ ਨਹੀਂ ਦੇ ਪਾਉਂਦੇ ਹਨ। ਨਿਡਰਤਾ, ਨਿਰਵੈਰਤਾ, ਬੁਲੰਦ ਸੋਚ, ਨੇਕ ਅਮਲ, ਦ੍ਰਿੜ ਵਿਸ਼ਵਾਸ, ਲਗਨ, ਅਨੁਸ਼ਾਸ਼ਿਤ ਜੀਵਨ-ਜਾਚ, ਪ੍ਰਤੀਬੱਧਤਾ, ਸੁਹਿਰਦਤਾ, ਈਮਾਨਦਾਰੀ ਅਤੇ ਸਹੀ ਅਵਸਰ ਦਾ ਉਚਿਤ ਪ੍ਰਯੋਗ ਹੀ ਵਿਅਕਤੀ ਨੂੰ ਸਭ ਤੋਂ ਸ੍ਰੇਸ਼ਟ, ਵਿਲੱਖਣ ਅਤੇ ਮਹਾਨ ਬਣਾਉਣ ਦਾ ਰਾਹ ਹਮਵਾਰ ਕਰਦਾ ਹੈ। ਜੇਕਰ ਦੇਖਿਆ ਜਾਵੇ ਤਾਂ ਪੋਹ ਦੇ ਮਹੀਨੇ ਚਾਰ-ਚੁਫੇਰੇ ਪਸਰੀ ਧੁੰਦ ਅਤੇ ਲੁਕਣ ਮੀਟੀ ਖੇਡਦਾ ਸੂਰਜ ਵੀ ਹਰੇਕ ਇਨਸਾਨ ਨੂੰ ਜ਼ਿੰਦਗੀ ਦਾ ਇਕ ਬੇਸ਼ਕੀਮਤੀ ਅਤੇ ਬੇਹੱਦ ਸਾਰਥਿਕ ਸਬਕ ਸਿਖਾਉਂਦਾ ਹੈ ਕਿ ਵਕਤੀ ਤੌਰ ਉੱਪਰ ਕਿਸੇ ਵਰਤਾਰੇ ਬਾਰੇ ਕਦੇ ਕੋਈ ਪੱਕੀ ਰਾਇ ਕਦੇ ਵੀ ਕਾਇਮ ਨਾ ਕਰੋ ਅਤੇ ਨਾ ਹੀ ਬਹੁਤ ਜਲਦ ਖੁਸ਼ ਜਾਂ ਮਾਯੂਸ ਹੋਵੋ। ਜ਼ਿੰਦਗੀ ਦਾ ਸਫ਼ਰ ਜਿਵੇਂ-ਜਿਵੇਂ ਤੁਸੀਂ ਤਹਿ ਕਰੋਗੇ ਤਿਵੇਂ-ਤਿਵੇਂ ਸਾਰੀ ਅਨਿਸ਼ਚਤਤਾ, ਦੁਚਿੱਤੀ ਅਤੇ ਭਟਕਣ ਰਫ਼ਤਾ-ਰਫ਼ਤਾ ਸਮਾਪਤ ਹੋ ਜਾਵੇਗੀ। ਜ਼ਿੰਦਗੀ ਦੇ ਰੰਗ ਪਹਿਲਾਂ ਨਾਲੋਂ ਹੋਰ ਉਘੜਣਗੇ ਅਤੇ ਜ਼ਿੰਦਗੀ ਦੀਆਂ ਬੇਸ਼ੁਮਾਰ ਰਮਜ਼ਾਂ ਨੂੰ ਤੁਸੀਂ ਪਹਿਲਾਂ ਨਾਲੋਂ ਹੋਰ ਬੇਹਤਰ ਢੰਗ ਨਾਲ ਸਮਝ ਪਾਉਗੇ। ਜ਼ਿੰਦਗੀ ਦੇ ਮਿਜ਼ਾਜ ਨੂੰ ਸਮਝਣ ਦਾ ਹੁਨਰ ਸਿਖੋ ਅਤੇ ਵਕ਼ਤ ਦੀ ਬਦਲਦੀ ਧਾਰਾ ਅਨੁਸਾਰ ਖੁਦ ਨੂੰ ਬਦਲਣ ਲਈ ਤਿਆਰ ਕਰੋ। ਤੁਹਾਡੇ ਸੁਭਾਅ ਅਤੇ ਸੋਚ ਵਿਚ ਦਰਿਆਵਾਂ ਵਰਗੀ ਰਵਾਨਗੀ ਹੋਣੀ ਲਾਜ਼ਮੀ ਹੈ ਕਿਉਂ ਕਿ ਕਿਸੇ ਸ਼ਖ਼ਸ ਦਾ ਕਠੋਰ ਸੁਭਾਅ ਅਤੇ ਉਸ ਦੀ ਜ਼ਿਹਨੀ ਖੜੋਤ ਉਸ ਦੇ ਆਪਣੇ ਆਪ ਲਈ ਅਤੇ ਸਮੁੱਚੇ ਮੁਆਸ਼ਰੇ ਲਈ ਬੇਹੱਦ ਘਾਤਕ ਸਿੱਧ ਹੋ ਸਕਦੀ ਹੈ। ਯਾਦ ਰੱਖੋ ਕਿ ਇਨਸਾਨ ਦੀ ਸੋਚ ਦੀ ਪਰਵਾਜ਼, ਖ਼ਿਆਲਾਂ ਦਾ ਪ੍ਰਵਾਹ ਅਤੇ ਉਸ ਦੇ ਤਰਜ਼-ਏ-ਅਮਲ ਨਾ ਤਾਂ ਬੇਲਗਾਮ ਅਤੇ ਦਿਸ਼ਾਹੀਣ ਹੋਣੇ ਚਾਹੀਦੇ ਹਨ ਅਤੇ ਨਾ ਹੀ ਜ਼ਿੰਦਗੀ ਦੇ ਕੈਨਵਸ ਦੇ ਹਾਸ਼ੀਏ ਉੱਤੇ ਇਕ ਛੋਟੇ ਜਿਹੇ ਨੁਕਤੇ ਉੱਤੇ ਸਿਮਟੇ ਹੋਣੇ ਚਾਹੀਦੇ ਹਨ। ਦਰਅਸਲ ਇਨਸਾਨ ਦੀ ਸੋਚ ਉਸ ਦੀ ਸ਼ਖ਼ਸੀਅਤ ਦਾ ਆਈਨਾ ਹੁੰਦੀ ਹੈ। ਕੋਸ਼ਿਸ਼ ਕਰੋ ਕਿ ਇਹ ਆਇਨਾ ਨਾ ਤਾਂ ਧੁੰਦਲਾ ਅਤੇ ਨਾ ਹੀ ਗੰਧਲਾ ਹੋਵੇ। ਨਾ ਹੀ ਇਸ ਵਿਚ ਝਾਂਕਣ ਉਪਰੰਤ ਤੁਸੀਂ ਸ਼ਰਮਿੰਦਗੀ ਮਹਿਸੂਸ ਕਰੋ ਅਤੇ ਨਾ ਹੀ ਤੁਹਾਡੇ ਅਮਲ ਅਤੇ ਸੋਚ ਕਿਸੇ ਉੱਤੇ ਆਪਣਾ ਬੋਝ ਲੱਦਣ।

ਆਪਣੀਆਂ ਸੋਚਾਂ ਤੇ ਵਿਚਾਰਾਂ ਦੇ ਉਡਣ ਖਟੋਲੇ ਵਿਚ ਬੇਸ਼ੱਕ ਤੁਸੀਂ ਸੈਰ ਕਰੋ, ਲੇਕਿਨ ਕਦੇ ਵੀ ਆਪਣੇ ਹੱਥੋਂ ਹੋਸ਼ ਦੀ ਤੰਦ ਨੂੰ ਛੁਟਣ ਨਾ ਦਿਉ। ਦੂਜਿਆਂ ਨਾਲ ਦੁੱਖ ਵੰਡਾਉਂਦੇ ਆਪਣੇ ਵਿਚਾਰਾਂ ਨੂੰ ਮਲ੍ਹਮ ਦੀ ਤਰ੍ਹਾਂ ਇਸਤੇਮਾਲ ਕਰੋ ਨਾ ਕਿ ਕਿਸੇ ਨਸ਼ਤਰ ਦੀ ਤਰ੍ਹਾਂ ਲੋਕਾਂ ਦੇ ਦੁਖਾਂ ਨੂੰ ਖਰੋਦੋ। ਦੂਜਿਆਂ ਨਾਲ ਉਹਨਾਂ ਦੇ ਸੁੱਖ ਤੇ ਖੁਸ਼ੀਆਂ ਵੰਡਾਉਂਦੇ ਹੋਏ ਇਸ ਗੱਲ ਦਾ ਜ਼ਰੂਰ ਅਹਿਸਾਸ ਰਹੇ ਕਿ ਤੁਸੀਂ ਲੋਕਾਂ ਦੇ ਹਾਸਿਆਂ ਨੂੰ ਕਹਿਕਹਿਆਂ ਵਿਚ ਪਰਿਵਰਤਤ ਕਰ ਸਕੋ। ਇਸ ਕਹਿਕਸ਼ਾਂ ਵਿਚ ਮਨੁੱਖ ਚਾਹੇ ਤਾਂ ਉਹ ਜਿਥੇ ਚਾਹੇ ਆਪਣੇ ਲਈ ਆਪਣੇ ਹਿੱਸੇ ਦੀ ਜੱਨਤ ਸਿਰਜ ਸਕਦਾ ਹੈ ਅਤੇ ਜਦੋਂ ਚਾਹੇ ਪਲਕ ਝਪਕਦਿਆਂ ਆਪਣੇ ਆਪ ਨੂੰ ਆਪਣੀ ਨਾਕਾਰਾਤਮਕ ਸੋਚ ਦੇ ਇਵਜ਼ ਵਿਚ ਜਹੁੱਨਮ ਦੀ ਭੱਠੀ ਵਿਚ ਝੋਕ ਸਕਦਾ ਹੈ। ਜ਼ਿੰਦਗੀ ਨੂੰ ਨਫ਼ੇ ਨੁਕਸਾਨ ਦੇ ਤਰਾਜ਼ੂ ਵਿਚ ਤੋਲਣ ਤੋਂ ਗੁਰੇਜ਼ ਕਰੋ ਕਿਉਂ ਕਿ ਨਫ਼ਾ ਅਤੇ ਨੁਕਸਾਨ ਤੁਹਾਡੀ ਨਜ਼ਰ ਦਾ ਧੋਖਾ ਹੈ। ਜਿਸ ਸ਼ੈਅ ਨੂੰ ਹਾਸਲ ਕਰਕੇ ਤੁਸੀਂ ਅੱਜ ਮੁਤਮੀਨ ਨਜ਼ਰ ਆ ਰਹੇ ਹੋ ਇਹ ਵੀ ਐਨ ਮੁਮਕਿਨ ਹੈ ਕਿ ਕੁਝ ਸਮੇਂ ਪਿੱਛੋਂ ਉਹ ਸ਼ੈਅ ਤੁਹਾਡੇ ਲਈ ਬਹੁਤ ਤਕਲੀਫ਼ਦੇਹ ਸਾਬਿਤ ਹੋਵੇ ਅਤੇ ਜੋ ਕੁੱਝ ਤੁਹਾਡੀ ਗਿਰਫ਼ਤ ਤੋਂ ਹਾਲ ਦੀ ਘੜੀ ਵਿਚ ਬਾਹਰ ਹੈ, ਹੋ ਸਕਦਾ ਹੈ ਕਿ ਇਸ ਵਿਚ ਵੀ ਕੋਈ ਰੱਬੀ ਰਮਜ਼ ਛੁੱਪੀ ਹੋਵੇ। ਜ਼ਿੰਦਗੀ ਵਿਚ ਛਟਪਟਾਉਂਦੇ ਹੋਏ ਤੁਰੰਤ ਫ਼ੈਸਲੇ ਉੱਪਰ ਪੁੱਜਣ ਤੋਂ ਜਿੰਨਾ ਹੋ ਸਕੇ ਗੁਰੇਜ਼ ਕਰੋ। ਆਪਣੇ ਖਿਆਲਾਂ ਦੇ ਰੱਥ ਉੱਤੇ ਸਵਾਰ ਹੋ ਕੇ ਕਿਸੇ ਨੂੰ ਪਛਾੜਨ ਦੀ ਜੁਸਤਜੂ ਤੋਂ ਖੁਦ ਨੂੰ ਮੁਕਤ ਕਰੋ। ਲੋਕਾਂ ਜਾਂ ਵਰਤਾਰਿਆਂ ਉੱਪਰ ਤਨਕੀਦ ਕਰਨ ਦਾ ਰਾਹ ਤਿਆਗ ਕੇ ਆਪਣੀ ਸੂਝਬੂਝ ਦੇ ਘੇਰੇ ਨੂੰ ਵਸੀਹ ਕਰਨ ਨਾਲ ਵਸਵਸੇ, ਅੰਦੇਸ਼ੇ ਅਤੇ ਕੁੜੱਤਣ ਦੂਰ ਹੁੰਦੀ ਹੈ। ਆਪਣੇ ਨੁਕਤਾ-ਏ-ਨਜ਼ਰ ਵ਼ਲ ਉਚਿਤ ਤਵੱਜੋ ਦਿਉ ਅਤੇ ਆਪਣੇ ਦ੍ਰਿਸ਼ਟੀਕੋਣ ਨੂੰ ਲੋੜ ਅਨੁਸਾਰ ਦੁਰਸਤ ਕਰਦੇ ਸਮੇਂ ਕਦੇ ਵੀ ਕਿਸੇ ਕਸ਼ਮਕਸ਼ ਵਿਚ ਖੁਦ ਨੂੰ ਫ਼ਸਿਆ ਹੋਇਆ ਮਹਿਸੂਸ ਨਾ ਕਰੋ । ਆਪਣੇ ਲਈ ਕਿਸੇ ਚਾਨਣ ਮੁਨਾਰੇ ਦੀ ਤਲਾਸ਼ ਕਰੋ, ਧੁੰਦਲੇ ਰਾਹਾਂ ਉੱਤੇ ਚਲਦਿਆਂ ਜਿਸ ਤਰਫ਼ ਤੋਂ ਵੀ ਚਾਨਣ ਦਿਖਾਈ ਦੇਵੇ ਉਸ ਦਿਸ਼ਾ ਵੱਲ ਆਪਣੇ ਕਦਮ ਵਧਾਉ ਅਤੇ ਪਹਿਲਾਂ ਆਪਣੇ ਅੰਦਰ ਦੇ ਹਨੇਰੇ ਖ਼ਤਮ ਕਰੋ ਅਤੇ ਫਿਰ ਆਪਣੇ ਅੰਦਰ ਸਮਾਏ ਹੋਏ ਉਸ ਨਿਰਕਾਰ ਦੇ ਨੂਰ ਦੇ ਸਹਾਰੇ ਪਗਡੰਡੀਆਂ ਤੋਂ ਸ਼ਾਹਰਾਹ ਤੱਕ ਦਾ ਆਪਣਾ ਸਫ਼ਰ ਤੈਅ ਕਰਨਾ ਸ਼ੁਰੂ ਕਰੋ। ਜ਼ਿੰਦਗੀ ਵਿਚ ਵਿਸਮਾਦ, ਖੇੜਾ ਅਤੇ ਸਕੂਨ ਹਾਸਲ ਕਰਨ ਲਈ ਤੁਹਾਡੇ ਜ਼ਮੀਰ ਦਾ ਜ਼ਿੰਦਾ ਹੋਣਾ ਬੇਹੱਦ ਜ਼ਰੂਰੀ ਹੈ। ਸਾਨੂੰ ਹਰ ਪਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਮਾਹਵਾਕ ਯਾਦ ਰੱਖਣਾ ਚਾਹੀਦਾ ਹੈ "ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ"। ਅਰਦਾਸ ਕਰੋ ਕਿ ਹਯਾਤੀ ਦੇ ਇਸ ਸਫ਼ਰ ਦੌਰਾਨ ਤੁਹਾਡੇ ਰਾਹਾਂ ਨੂੰ ਰੁਸ਼ਨਾਉਣ ਲਈ ਤੁਹਾਡਾ ਜ਼ਮੀਰ ਸਦਾ ਤੁਹਾਡਾ ਰਾਹ ਦਸੇਰਾ ਬਣੇ ਅਤੇ ਜ਼ਿੰਦਗੀ ਦੇ ਹਰ ਮੁਕਾਮ ਉੱਤੇ ਤੁਹਾਨੂੰ ਆਪਣੇ ਅੰਦਰ ਦੀ ਆਵਾਜ਼ ਹਮੇਸ਼ਾ ਸੁਣਾਈ ਦਿੰਦੀ ਰਹੇ।

# 1 ਜਨਵਰੀ ਲਈ ਭੀਮਾ ਕੋਰੇਗਾਓਂ ਦੀ ਇਤਿਹਾਸਕ ਲੜਾਈ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਭੀਮਾ ਕੋਰੇਗਾਓਂ ਦੀ ਲੜ੍ਹਾਈ 01 ਜਨਵਰੀ 1818 ਨੂੰ ਕੋਰੇਗਾਓਂ ਭੀਮਾ ਵਿਖੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਅਤੇ ਪੇਸ਼ਵਾ ਸੈਨਾ ਵਿਚਕਾਰ ਲੜੀ ਗਈ ਸੀ। ਹਰ ਸਾਲ 01 ਜਨਵਰੀ ਨੂੰ ਸਮੂਹ ਦਲਿਤ ਭਾਈਚਾਰੇ ਵਲੋਂ ਇਸ ਗੌਰਵਮਈ ਲੜ੍ਹਾਈ ਦੀ ਵਰ੍ਹੇਗੰਢ ਮਨਾਈ ਜਾਂਦੀ ਹੈ ਜਿਸ ਵਿੱਚ ਦਲਿਤ ਸਿਪਾਹੀਆਂ ਨੇ ਪੇਸ਼ਵਾ ਦੀ ਫ਼ੌਜ ਨੂੰ ਹਰਾਇਆ ਸੀ। ਇਸ ਮੌਕੇ ਇੱਥੇ ਯਾਦਗਾਰੀ ਪ੍ਰੋਗਰਾਮ ਕਰਵਾਏ ਜਾਂਦੇ ਹਨ। ਦਲਿਤ ਇਸ ਜਿੱਤ ਨੂੰ ਦੱਬੇ-ਕੁਚਲੇ ਭਾਈਚਾਰਿਆਂ ਦੇ ਸਵੈ-ਮਾਣ ਦੀ ਮੁੜ ਪ੍ਰਾਪਤੀ ਦੀ ਸ਼ੁਰੂਆਤ ਵਜੋਂ ਮਨਾਉਂਦੇ ਹਨ। ਇਸ ਲੜਾਈ ਦੀ ਖਾਸ ਗੱਲ ਇਹ ਸੀ ਕਿ ਅੰਗਰੇਜੀ ਹਕੂਮਤ ਵਲੋਂ ਸਥਾਪਿਤ ਈਸਟ ਇੰਡੀਆ ਕੰਪਨੀ ਦੇ ਝੰਡੇ ਹੇਠ ਮਹਾਰ ਸਿਪਾਹੀਆਂ ਨੇ ਪੇਸ਼ਵਾ ਬਾਜੀਰਾਓ ਦੇ ਸਿਪਾਹੀਆਂ ਨਾਲ ਯੁੱਧ ਕੀਤਾ ਸੀ। ਉਸ ਸਮੇਂ ਮਹਾਰ ਜਾਤੀ ਨੂੰ ਅਛੂਤ ਜਾਤ ਮੰਨਿਆ ਜਾਂਦਾ ਸੀ ਅਤੇ ਅੰਗਰੇਜ਼ਾਂ ਅਤੇ ਮਹਾਰਾਂ ਨੇ ਮਿਲ ਕੇ ਪੇਸ਼ਵਾ ਨੂੰ ਹਰਾਇਆ ਸੀ। ਪੇਸ਼ਵਾ ਬਾਜੀ ਰਾਓ ਦੀ ਅਗਵਾਈ ਵਿੱਚ ਲੱਗਭੱਗ 28000 ਵਿਅਕਤੀਆਂ ਵਾਲੀ ਮਜ਼ਬੂਤ ਫੋਰਸ ਜਦੋਂ ਕੰਪਨੀ ਦੇ ਕਬਜ਼ੇ ਵਾਲੇ ਪੁਣੇ ਉੱਤੇ ਹਮਲਾ ਕਰਨ ਦੇ ਰਸਤੇ ਵਿੱਚ ਸੀ ਤਾਂ ਅਚਾਨਕ ਇੱਕ 800 ਵਿਅਕਤੀਆਂ ਵਾਲੀ ਸੁਰੱਖਿਆ ਫੋਰਸ ਦੁਆਰਾਮੁਲਾਕਾਤ ਕੀਤੀ ਗਈ ਜੋ ਪੁਣੇ ਵਿੱਚ ਅੰਗਰੇਜ ਸੈਨਿਕਾਂ ਦੀ ਮੱਦਦ ਲਈ ਜਾ ਰਹੀ ਸੀ। ਪੇਸ਼ਵਾ ਨੇ ਲਗਭਗ 2000 ਸਿਪਾਹੀ ਉਸ ਸੁਰੱਖਿਆ ਫੋਰਸ ਤੇ ਹਮਲਾ ਕਰਨ ਲਈ ਭੇਜੇ ਜੋ ਕੋਰੇਗਾਓਂ ਵਿਚ ਸ਼ਾਮਲ ਹੋਣ ਦੀ ਮੰਗ ਕਰ ਰਹੇ ਸਨ। ਕੈਪਟਨ ਫਰਾਂਸਿਸ ਸਟੌਨਟਨ ਦੀ ਅਗਵਾਈ ਵਿੱਚ ਕੰਪਨੀ ਦੀਆਂ ਫੌਜਾਂ ਨੇ ਲਗਭਗ 12 ਘੰਟਿਆਂ ਤੱਕ ਆਪਣਾ ਬਚਾਅ ਕੀਤਾ। ਇਹ ਲੜਾਈ ਤੀਸਰੇ ਐਂਗਲੋ ਮਰਾਠਾ ਯੁੱਧ ਦਾ ਹੀ ਹਿੱਸਾ ਸੀ। 1800 ਦੇ ਦਹਾਕੇ ਤੱਕ ਮਰਾਠਿਆਂ ਨੂੰ ਇੱਕ ਕਮਜੋਰ  ਸੰਘ ਵਿੱਚ ਸੰਗਠਿਤ ਕਰ ਦਿੱਤਾ ਗਿਆ ਸੀ ਜਿਸ ਦੇ ਮੁੱਖ ਹਿੱਸੇ ਪੁਣੇ ਦੇ ਪੇਸ਼ਵਾ, ਗਵਾਲੀਅਰ ਦੇ ਸਿੰਧੀਆ, ਇੰਦੌਰ ਦੇ ਹੋਲਕਰ, ਬੜੌਦਾ ਦੇ ਗਾਇਕਵਾੜ ਅਤੇ ਨਾਗਪੁਰ ਦੇ ਭੋਂਸਲੇ ਸਨ। ਅੰਗਰੇਜ਼ਾਂ ਨੇ ਇਨ੍ਹਾਂ ਵੱਖ ਵੱਖ ਧੜਿਆਂ ਨੂੰ ਅਪਣੇ ਅਧੀਨ ਕਰ ਲਿਆ ਸੀ ਅਤੇ ਉਨ੍ਹਾਂ ਨਾਲ ਸ਼ਾਂਤੀ ਸੰਧੀਆਂ ਤੇ ਦਸਤਖਤ ਕੀਤੇ ਸਨ ਅਤੇ ਆਪਣੀਆਂ ਰਾਜਧਾਨੀਆਂ ਤੇ ਰਿਹਾਇਸ਼ਾਂ ਦੀ ਸਥਾਪਨਾ ਕੀਤੀ ਸੀ। ਅੰਗਰੇਜ਼ਾਂ ਨੇ ਪੇਸ਼ਵਾ ਅਤੇ ਗਾਇਕਵਾੜ ਵਿਚਕਾਰ ਮਾਲੀਆ ਵੰਡ ਵਿਵਾਦ ਵਿੱਚ ਦਖਲ ਦਿੱਤਾ ਅਤੇ 13 ਜੂਨ 1817 ਨੂੰ ਕੰਪਨੀ ਨੇ ਪੇਸ਼ਵਾ ਬਾਜੀ ਰਾਓ ਨੂੰ ਗਾਇਕਵਾੜ ਦੇ ਮਾਲੀਏ ਤੇ ਦਾਅਵਿਆਂ ਦਾ ਤਿਆਗ ਕਰਨ ਅਤੇ ਅੰਗਰੇਜ਼ਾਂ ਦੇ ਵੱਡੇ ਹਿੱਸੇ ਦੇ ਖੇਤਰ ਨੂੰ ਸੌਂਪਣ ਲਈ ਇੱਕ ਸਮਝੌਤੇ ਤੇ ਦਸਤਖਤ ਕਰਨ ਲਈ ਮਜਬੂਰ ਕੀਤਾ। ਇਸ ਤੋਂ ਬਾਦ ਪੇਸ਼ਵਾ ਨੇ ਪੁਣੇ ਵਿਖੇ ਬ੍ਰਿਟਿਸ਼ ਰੈਜ਼ੀਡੈਂਸੀ ਨੂੰ ਸਾੜ ਦਿੱਤਾ ਪਰ 5 ਨਵੰਬਰ 1817 ਨੂੰ ਪੁਣੇ ਨੇੜੇ ਖੜਕੀ ਦੀ ਲੜਾਈ ਵਿੱਚ ਹਾਰ ਗਿਆ। ਪੇਸ਼ਵਾ ਫਿਰ ਸਤਾਰਾ ਵੱਲ ਭੱਜ ਗਿਆ ਅਤੇ ਕੰਪਨੀ ਦੀਆਂ ਫ਼ੌਜਾਂ ਨੇ ਪੁਣੇ ਤੇ ਪੂਰਾ ਕਬਜ਼ਾ ਕਰ ਲਿਆ। ਪੁਣੇ ਨੂੰ ਕਰਨਲ ਚਾਰਲਸ ਬਾਰਟਨ ਬੁਰ ਦੇ ਅਧੀਨ ਰੱਖਿਆ ਗਿਆ ਸੀ ਜਦੋਂ ਕਿ ਜਨਰਲ ਸਮਿਥ ਦੀ ਅਗਵਾਈ ਵਾਲੀ ਬ੍ਰਿਟਿਸ਼ ਫੋਰਸ ਨੇ ਪੇਸ਼ਵਾ ਦਾ ਪਿੱਛਾ ਕੀਤਾ। ਸਮਿਥ ਨੂੰ ਡਰ ਸੀ ਕਿ ਪੇਸ਼ਵਾ ਕੋਂਕਣ ਵੱਲ ਭੱਜ ਸਕਦਾ ਹੈ ਅਤੇ ਉੱਥੇ ਛੋਟੀ ਬ੍ਰਿਟਿਸ਼ ਟੁਕੜੀ ਨੂੰ ਹਾਵੀ ਕਰ ਸਕਦਾ ਹੈ। ਇਸਲਈ ਉਸਨੇ ਕਰਨਲ ਬੁਰ ਨੂੰ ਕੋਂਕਣ ਵਿੱਚ ਫੌਜ ਭੇਜਣ ਲਈ ਕਿਹਾ ਅਤੇ ਲੋੜ ਪੈਣ ਤੇ ਸ਼ਿਰੂਰ ਤੋਂ ਹੋਰ ਫੌਜ ਮੰਗਵਾਉਣ ਲਈ ਕਿਹਾ। ਪੇਸ਼ਵਾ ਸਮਿਥ ਤੋਂ ਦੂਰ ਭੱਜਣ ਵਿੱਚ ਕਾਮਯਾਬ ਹੋ ਗਿਆ ਪਰ ਜਨਰਲ ਥੀਓਫਿਲਸ ਪ੍ਰਿਟਜ਼ਲਰ ਦੀ ਅਗਵਾਈ ਵਿੱਚ ਉਸਨੂੰ ਦੱਖਣ ਵੱਲ ਵੱਧਣ ਤੋਂ ਰੋਕਿਆ ਗਿਆ। ਉਸਨੇ ਆਪਣਾ ਰਸਤਾ ਬਦਲਕੇ ਉੱਤਰ-ਪੱਛਮ ਨਾਸਿਕ ਵੱਲ ਮੁੜਨ ਤੋਂ ਪਹਿਲਾਂ ਪੂਰਬ ਵੱਲ ਮਾਰਚ ਕੀਤਾ। ਉਸਨੇ ਅਚਾਨਕ ਪੁਣੇ ਵੱਲ ਦੱਖਣ ਵੱਲ ਨੂੰ ਜਾਣਾ ਸ਼ੁਰੂ ਕਰ ਦਿਤਾ। ਦਸੰਬਰ ਦੇ ਅੰਤ ਵਿੱਚ ਰਨਲ ਬੁਰ ਨੂੰ ਖਬਰ ਮਿਲੀ ਕਿ ਪੇਸ਼ਵਾ ਪੁਣੇ ਉੱਤੇ ਹਮਲਾ ਕਰਨ ਦਾ ਇਰਾਦਾ ਰੱਖਦਾ ਹੈ ਅਤੇ ਸ਼ਿਰੂਰ ਵਿਖੇ ਤਾਇਨਾਤ ਕੰਪਨੀ ਫੌਜਾਂ ਨੂੰ ਮੱਦਦ ਲਈ ਕਿਹਾ। ਸ਼ਿਰੂਰ ਤੋਂ ਭੇਜੀਆਂ ਗਈਆਂ ਫ਼ੌਜਾਂ ਅਤੇ ਪੇਸ਼ਵਾ ਦੀਆਂ ਫ਼ੌਜਾਂ ਵਿਚਕਾਰ ਲੜਾਈ ਹੋਈ ਜਿਸ ਕਾਰਨ ਕੋਰੇਗਾਓਂ ਦੀ ਲੜਾਈ ਹੋਈ। ਪੇਸ਼ਵਾ ਦੀ ਫੌਜ ਵਿੱਚ ਲੱਗਭੱਗ 20000 ਘੋੜਸਵਾਰ ਅਤੇ 8000 ਪੈਦਲ ਸਿਪਾਹੀ ਸ਼ਾਮਿਲ ਸਨ। ਇਹਨਾਂ ਵਿੱਚੋਂ ਲੱਗਭਗ 2000 ਆਦਮੀਆਂ ਨੂੰ ਤਾਇਨਾਤ ਕੀਤਾ ਗਿਆ ਸੀ ਜੋ ਲੜਾਈ ਦੌਰਾਨ ਲਗਾਤਾਰ ਮਜ਼ਬੂਤ ਹੁੰਦੇ ਰਹੇ ਸਨ। ਕੰਪਨੀ ਦੀਆਂ ਫੌਜਾਂ ਤੇ ਹਮਲਾ ਕਰਨ ਵਾਲੀ ਫੋਰਸ ਵਿਚ 600 ਸਿਪਾਹੀਆਂ ਦੇ ਤਿੰਨ ਪੈਦਲ ਦਲ ਸ਼ਾਮਲ ਸਨ। ਇਹਨਾਂ ਸਿਪਾਹੀਆਂ ਵਿੱਚ ਅਰਬੀ, ਗੋਸਾਈਂ ਅਤੇ ਮਰਾਠੇ ਸ਼ਾਮਲ ਸਨ। ਜ਼ਿਆਦਾਤਰ ਹਮਲਾਵਰ ਅਰਬ ਸਨ ਜੋ ਪੇਸ਼ਵਾ ਦੇ ਸਿਪਾਹੀਆਂ ਵਿੱਚ ਸਭ ਤੋਂ ਉੱਤਮ ਮੰਨੇ ਜਾਂਦੇ ਸਨ। ਹਮਲੇ ਦਾ ਨਿਰਦੇਸ਼ਨ ਬਾਪੂ ਗੋਖਲੇ, ਅੱਪਾ ਦੇਸਾਈ ਅਤੇ ਤ੍ਰਿੰਬਕਜੀ ਡੇਂਗਲੇ ਨੇ ਕੀਤਾ ਪਰੰਤੂ ਕੋਰੇਗਾਓਂ ਪਿੰਡ ਵਿੱਚ ਦਾਖਲ ਹੋਣ ਵਾਲੇ ਤ੍ਰਿੰਬਕਜੀ ਹੀ ਸਨ। ਪੇਸ਼ਵਾ ਅਤੇ ਹੋਰ ਫੌਜ ਮੁੱਖੀ ਕੋਰੇਗਾਓਂ ਨੇੜੇ ਫੂਲਸ਼ਹਿਰ ਮੌਜੂਦਾ ਫੂਲਗਾਓਂ ਵਿਖੇ ਠਹਿਰੇ ਸਨ। ਮਰਾਠਾ ਛਤਰਪਤੀ ਸਤਾਰਾ ਦਾ ਪ੍ਰਤਾਪ ਸਿੰਘ ਵੀ ਪੇਸ਼ਵਾ ਦੇ ਨਾਲ ਸੀ। ਸ਼ਿਰੂਰ ਤੋਂ ਰਵਾਨਾ ਕੀਤੀ ਗਈ ਕੰਪਨੀ ਦੀਆਂ ਫ਼ੌਜਾਂ ਵਿੱਚ 834 ਆਦਮੀ ਸਨ ਜਿਨ੍ਹਾਂ ਵਿੱਚ ਬੰਬੇ ਨੇਟਿਵ ਇਨਫੈਂਟਰੀ ਦੀ ਪਹਿਲੀ ਰੈਜੀਮੈਂਟ ਦੀ ਦੂਜੀ ਬਟਾਲੀਅਨ ਦੇ ਲਗਭਗ 500 ਸਿਪਾਹੀ, ਕੈਪਟਨ ਫਰਾਂਸਿਸ ਸਟੌਨਟਨ ਦੀ ਅਗਵਾਈ ਵਿੱਚ ਲੈਫਟੀਨੈਂਟ ਅਤੇ ਐਡਜੂਟੈਂਟ ਪੈਟੀਸਨ, ਲੈਫਟੀਨੈਂਟ ਜੋਨਸ, ਸਹਾਇਕ ਸਰਜਨ ਵਿਂਗੇਟ, ਲੈਫਟੀਨੈਂਟ ਸਵੈਨਸਟਨ ਦੇ ਅਧੀਨ ਲੱਗਭਗ 300 ਸਹਾਇਕ ਘੋੜਸਵਾਰ ਅਤੇ ਹੋਰ ਅਧਿਕਾਰੀ ਸ਼ਾਮਲ ਹਨ। ਕੰਪਨੀ ਫੌਜਾਂ ਵਿੱਚ ਮਹਾਰ, ਮਰਾਠੇ, ਰਾਜਪੂਤ, ਮੁਸਲਮਾਨ ਅਤੇ ਯਹੂਦੀ ਵੀ ਸ਼ਾਮਲ ਸਨ। ਇਹ ਫੌਜਾਂ ਕੈਪਟਨ ਸਟੌਨਟਨ ਨੇ ਤਿੰਨ ਮਹੀਨੇ ਪਹਿਲਾਂ ਪੂਨਾ ਦੀ ਰੱਖਿਆ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਰੱਖੀਆਂ ਸਨ। ਕੰਪਨੀ ਦੀਆਂਫੌਜਾਂ 31 ਦਸੰਬਰ 1817 ਨੂੰ ਰਾਤ ਲੱਗਭੱਗ 8 ਵਜੇ ਸ਼ਰੂਰ ਤੋਂ ਰਵਾਨਾ ਹੋਈਆਂ ਅਤੇ 25 ਮੀਲ ਦੀ ਦੂਰੀ ਤੈਅ ਕਰਨ ਤੋਂ ਬਾਅਦ ਉਹ ਤਾਲੇਗਾਂਵ ਧਮਧੇਰੇ ਦੇ ਪਿੱਛੇ ਉੱਚੇ ਮੈਦਾਨ ਤੇ ਪਹੁੰਚ ਗਏ। ਕੈਪਟਨ ਸਟੌਨਟਨ ਨੇ ਕੋਰੇਗਾਓਂ ਭੀਮਾ ਪਿੰਡ ਤੱਕ ਮਾਰਚ ਕੀਤਾ ਜੋ ਕਿ ਨਦੀ ਦੇ ਕੰਢੇ ਸਥਿਤ ਸੀ। ਪਿੰਡ ਇੱਕ ਨੀਵੀਂ ਮਿੱਟੀ ਦੀ ਕੰਧ ਨਾਲ ਘਿਰਿਆ ਹੋਇਆ ਸੀ। ਕੈਪਟਨ ਸਟੌਨਟਨ ਨੇ ਭੀਮਾ ਨਦੀ ਨੂੰ ਪਾਰ ਕਰਨ ਦੀ ਯੋਜਨਾ ਬਣਾਈ। 5000 ਮਜ਼ਬੂਤ ਪੈਦਲ ਫੌਜ ਜੋ ਕਿ ਪੇਸ਼ਵਾ ਦੇ ਅੱਡੇ ਤੋਂ ਥੋੜ੍ਹਾ ਅੱਗੇ ਸੀ ਬ੍ਰਿਟਿਸ਼ ਫੌਜਾਂ ਦੀ ਮੌਜੂਦਗੀ ਬਾਰੇ ਸੂਚਿਤ ਕਰਨ ਲਈ ਪਿੱਛੇ ਹਟ ਗਈ। ਇਸ ਦੌਰਾਨ ਸਟੌਨਟਨ ਨੇ ਨਦੀ ਪਾਰ ਕਰਨ ਦੀ ਬਜਾਏ ਕੋਰੇਗਾਓਂ ਵਿੱਚ ਆਪਣੀਆਂ ਫੌਜਾਂ ਤਾਇਨਾਤ ਕੀਤੀਆਂ। 5000 ਮਜ਼ਬੂਤ ਪੈਦਲ ਫੌਜ ਦੀ ਵਾਪਸੀ ਤੋਂ ਬਾਅਦ ਪੇਸ਼ਵਾ ਨੇ ਅਰਬ, ਗੋਸਾਈਂ ਅਤੇ ਮਰਾਠਾ ਸਿਪਾਹੀਆਂ ਦੀਆਂ ਤਿੰਨ ਪੈਦਲ ਦਲਾਂ ਨੂੰ ਰਵਾਨਾ ਕੀਤਾ। ਹਰੇਕ ਦਲ ਵਿੱਚ ਲੱਗਭੱਗ 300 ਤੋਂ 600 ਸਿਪਾਹੀ ਸ਼ਾਮਲ ਸਨ। ਇਨ੍ਹਾਂ ਨੇ ਭੀਮਾ ਨਦੀ ਨੂੰ ਤਿੰਨ ਵੱਖ-ਵੱਖ ਥਾਵਾਂ ਤੇ ਪਾਰ ਕੀਤਾ। ਪੇਸ਼ਵਾ ਦੀਆਂ ਫ਼ੌਜਾਂ ਨੇ ਵੀ ਸ਼ਿਰੂਰ ਰੋਡ ਤੋਂ ਇੱਕ ਹਮਲਾ ਕੀਤਾ।ਦੁਪਹਿਰ ਤੱਕ ਅਰਬਾਂ ਨੇ ਪਿੰਡ ਦੇ ਬਾਹਰਵਾਰ ਕਬਜ਼ਾ ਕਰ ਲਿਆ। ਅਰਬਾਂ ਨੇ ਨਦੀ ਦੀ ਰਾਖੀ ਕਰਨ



ਵਾਲੀ ਤੋਪ ਤੇ ਵੀ ਕਬਜ਼ਾ ਕਰ ਲਿਆ ਅਤੇ ਉਨ੍ਹਾਂ ਦੇ ਅਫਸਰ ਲੈਫਟੀਨੈਂਟ ਚਿਸ਼ੋਲਮ ਸਮੇਤ ਗਿਆਰਾਂ ਤੋਪਾਂ ਨੂੰ ਖਤਮ ਕਰ ਦਿੱਤਾ ਗਿਆ। ਪਿਆਸ ਅਤੇ ਭੁੱਖ ਦੇ ਕਾਰਨ ਕੰਪਨੀ ਦੇ ਕੁਝ ਸੁਰੱਖਿਆ ਕਰਮਚਾਰੀਆਂ ਨੇ ਸਮਰਪਣ ਲਈ ਗੱਲਬਾਤ ਕਰਨ ਦਾ ਸੁਝਾਅ ਦਿੱਤਾ ਹਾਲਾਂਕਿ ਕੈਪਟਨ ਸਟੌਨਟਨ ਨੇ ਝੁਕਣ ਤੋਂ ਇਨਕਾਰ ਕਰ ਦਿੱਤਾ। ਲੈਫਟੀਨੈਂਟ ਪੈਟੀਸਨ ਦੀ ਅਗਵਾਈ ਵਿੱਚ ਇੱਕ ਸਮੂਹ ਨੇ ਤੋਪ ਨੂੰ ਵਾਪਸ ਲਿਆ ਅਤੇ ਲੈਫਟੀਨੈਂਟ ਚਿਸ਼ੋਲਮ ਦਾ ਸਿਰ ਕੱਟੀ ਲਾਸ਼ ਮਿਲੀ। ਕੈਪਟਨ ਸਟੌਨਟਨ ਨੇ ਫੌਜਾਂ ਨੂੰ ਲੜਨ ਲਈ ਉਤਸ਼ਾਹਿਤ ਕੀਤਾ। ਕੰਪਨੀ ਦੀਆਂ ਫੌਜਾਂ ਨੇ ਸਫਲਤਾ ਪੂਰਵਕ ਪਿੰਡ ਦੀ ਰੱਖਿਆ ਕੀਤੀ। ਪੇਸ਼ਵਾ ਦੀਆਂ ਫ਼ੌਜਾਂ ਨੇ ਗੋਲੀਬਾਰੀ ਬੰਦ ਕਰ ਦਿੱਤੀ ਅਤੇ ਜਨਰਲ ਜੋਸਫ਼ ਸਮਿਥ ਦੇ ਅਧੀਨ ਬ੍ਰਿਟਿਸ਼ ਫ਼ੌਜ ਦੇ ਨੇੜੇ ਆਉਣ ਦੇ ਡਰ ਤੋਂ ਰਾਤ 9 ਵਜੇ ਤੱਕ ਪਿੰਡ ਛੱਡ ਦਿੱਤਾ। ਸਟੌਨਟਨ ਨੇ ਪਹਿਲਾਂ ਪੁਣੇ ਦੀ ਦਿਸ਼ਾ ਵਿੱਚ ਜਾਣ ਦਾ ਦਿਖਾਵਾ ਕੀਤਾ ਪਰ ਫਿਰ ਆਪਣੇ ਜ਼ਿਆਦਾਤਰ ਜ਼ਖਮੀ ਸਿਪਾਹੀਆਂ ਨੂੰ ਲੈ ਕੇ ਸ਼ਿਰੂਰ ਵੱਲ ਵਾਪਸ ਕੂਚ ਕੀਤਾ। ਲੰਡਨ ਗਜ਼ਟ ਅਨੁਸਾਰਬੰਬੇ ਨੇਟਿਵ ਇਨਫੈਂਟਰੀ ਦੀ ਦੂਜੀ ਬਟਾਲੀਅਨ 1 ਰੈਜੀਮੈਂਟ ਦੀ ਕਮਾਂਡ ਕਰ ਰਹੇ ਕੈਪਟਨ ਸਟੌਨਟਨ ਖੁਸ਼ਕਿਸਮਤੀ ਨਾਲ ਸਫਲ ਹੋ ਗਏ ਸਨ। 125 ਜ਼ਖਮੀਆਂ ਦੇ ਨਾਲ  ਕੁੱਝ ਨੂੰ ਉੱਥੇ ਛੱਡਕੇ ਵਾਪਸ ਮਾਰਚ ਸ਼ੁਰੂ ਕਰਨ ਲਈ ਪੇਸ਼ਵਾ ਜਨਰਲ ਸਮਿਥ ਦਾ ਪਿੱਛਾ ਕਰਦੇ ਹੋਏ ਦੱਖਣ ਵੱਲ ਵਧਿਆ ਸੀ। ਕੰਪਨੀ ਦੇ 834 ਸੈਨਿਕਾਂ ਵਿੱਚੋਂ 275 ਮਾਰੇ ਗਏ ਮਰਨ ਵਾਲਿਆਂ ਵਿੱਚ ਦੋ ਅਧਿਕਾਰੀ ਵੀ ਸ਼ਾਮਲ ਸਨ। ਪੈਦਲ ਸੈਨਿਕਾਂ ਵਿੱਚੋ 50 ਮਾਰੇ ਗਏ ਅਤੇ 105 ਜ਼ਖਮੀ ਹੋਏ। ਤੋਪਖਾਨੇ ਵਿੱਚੋਂ 12 ਮਾਰੇ ਗਏ ਅਤੇ 8 ਜ਼ਖਮੀ ਹੋ ਗਏ। ਭਾਰਤੀ ਮੂਲ ਦੇ ਮਰੇ ਹੋਏ ਕੰਪਨੀ ਸਿਪਾਹੀਆਂ ਵਿੱਚ 22 ਮਹਾਰ, 16 ਮਰਾਠੇ, 8 ਰਾਜਪੂਤ, 2 ਮੁਸਲਮਾਨ ਅਤੇ 1-2 ਯਹੂਦੀ ਸ਼ਾਮਲ ਸਨ। ਅੰਗਰੇਜ਼ਾਂ ਦੇ ਅਨੁਮਾਨਾਂ ਅਨੁਸਾਰ ਪੇਸ਼ਵਾ ਦੇ ਲਗਭਗ 500 ਤੋਂ 600 ਸਿਪਾਹੀ ਲੜਾਈ ਵਿੱਚ ਮਾਰੇ ਗਏ ਜਾਂ ਜ਼ਖਮੀ ਹੋਏ ਸਨ।

ਮਾਊਂਟਸਟੂਅਰਟ ਐਲਫਿੰਸਟਨ ਜਿਸਨੇ ਦੋ ਦਿਨ ਬਾਅਦ 3 ਜਨਵਰੀ 1818 ਨੂੰ ਕੋਰੇਗਾਓਂ ਦਾ ਦੌਰਾ ਕੀਤਾ ਸੀ ਨੇ ਲਿਖਿਆ ਕਿ ਘਰ ਸਾੜ ਦਿੱਤੇ ਗਏ ਸਨ ਅਤੇ ਗਲੀਆਂ ਘੋੜਿਆਂ ਅਤੇ ਆਦਮੀਆਂ ਦੀਆਂ ਲਾਸ਼ਾਂ ਨਾਲ ਭਰੀਆਂ ਸਨ। ਪਿੰਡ ਵਿੱਚ 50 ਦੇ ਕਰੀਬ ਲਾਸ਼ਾਂ ਪਈਆਂ ਸਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੇਸ਼ਵਾ ਦੇ ਅਰਬ ਸੈਨਿਕਾਂ ਦੀਆਂ ਸਨ। ਪਿੰਡ ਦੇ ਬਾਹਰ ਛੇ ਲਾਸ਼ਾਂ ਪਈਆਂ ਸਨ। ਇਸ ਤੋਂ ਇਲਾਵਾ ਇੱਥੇ 50 ਮੂਲ ਸਿਪਾਹੀਆਂ 11 ਯੂਰਪੀਅਨ ਸਿਪਾਹੀਆਂ ਅਤੇ ਕੰਪਨੀ ਬਲਾਂ ਨਾਲ ਸਬੰਧਤ 2 ਮ੍ਰਿਤਕ ਅਫਸਰਾਂ ਦੀਆਂ ਕਬਰਾਂ ਸਨ। ਜਦੋਂ ਐਲਫਿੰਸਟਨ ਨੇ ਲੜਾਈ ਦੇ ਮੈਦਾਨ ਦਾ ਦੌਰਾ ਕੀਤਾ ਤਾਂ ਉਸਨੇ ਦੇਖਿਆ ਕਿ ਕੰਪਨੀ ਦੇ ਸਿਪਾਹੀ ਪੂਰੀ ਤਰ੍ਹਾਂ ਆਪਣਾ ਮਨੋਬਲ ਗੁਆ ਚੁੱਕੇ ਸਨ ਅਤੇ ਮਿਲ ਰਹੀ ਪ੍ਰਸੰਸਾ ਨੂੰ ਮੰਨਣ ਤੋਂ ਘਬਰਾ ਰਹੇ ਸਨ। ਜਨਰਲ ਸਮਿਥ 3 ਜਨਵਰੀ ਨੂੰ ਕੋਰੇਗਾਓਂ ਪਹੁੰਚਿਆ ਪਰ ਇਸ ਸਮੇਂ ਤੱਕ ਪੇਸ਼ਵਾ ਪਹਿਲਾਂ ਹੀ ਇਲਾਕਾ ਛੱਡ ਚੁੱਕਾ ਸੀ। ਜਨਰਲ ਪ੍ਰਿਟਜ਼ਲਰ ਦੀ ਅਗਵਾਈ ਵਾਲੀ ਇੱਕ ਕੰਪਨੀ ਫੋਰਸ ਨੇ ਪੇਸ਼ਵਾ ਦਾ ਪਿੱਛਾ ਕੀਤਾ ਜਿਸਨੇ ਮੈਸੂਰ ਵੱਲ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਜਨਰਲ ਸਮਿਥ ਨੇ ਰਾਜਧਾਨੀ ਸਤਾਰਾ ਉੱਤੇ ਕਬਜ਼ਾ ਕਰ ਲਿਆ। ਸਮਿਥ ਨੇ 19 ਫਰਵਰੀ 1818 ਨੂੰ ਇੱਕ ਲੜਾਈ ਵਿੱਚ ਪੇਸ਼ਵਾ ਨੂੰ ਰੋਕਿਆ ਅਤੇ ਇਸ ਕਾਰਵਾਈ ਵਿੱਚ ਬਾਪੂ ਜੀ ਗੋਖਲੇ ਮਾਰਿਆ ਗਿਆ। ਪੇਸ਼ਵਾ ਫਿਰ ਭੱਜ ਗਿਆ ਜਦੋਂ ਕਿ ਉਸਦੇ ਜਗੀਰਦਾਰਾਂ ਨੇ ਕੰਪਨੀ ਦੀ ਅਧੀਨਗੀ ਸਵੀਕਾਰ ਕਰ ਲਈ। ਕੋਰੇਗਾਓਂ ਦੀ ਲੜਾਈ ਵਿੱਚ ਉਨ੍ਹਾਂ ਦੀ ਬਹਾਦਰੀ ਦੇ ਇਨਾਮ ਵਜੋਂ ਬੰਬੇ ਨੇਟਿਵ ਇਨਫੈਂਟਰੀ ਦੀ ਪਹਿਲੀ ਰੈਜੀਮੈਂਟ ਦੀ ਦੂਜੀ ਬਟਾਲੀਅਨ ਨੂੰ ਗ੍ਰੇਨੇਡੀਅਰ ਬਣਾਇਆ ਗਿਆ ਸੀ। ਉਹਨਾਂ ਦੀ ਰੈਜੀਮੈਂਟ ਨੂੰ ਬੰਬੇ ਨੇਟਿਵ ਇਨਫੈਂਟਰੀ ਦੀ ਪਹਿਲੀ ਗ੍ਰੇਨੇਡੀਅਰ ਰੈਜੀਮੈਂਟ ਵਜੋਂ ਜਾਣਿਆ ਜਾਂਦਾ ਹੈ। ਪੂਨਾ ਵਿਖੇ ਬ੍ਰਿਟਿਸ਼ ਨਿਵਾਸੀਆਂ ਨੂੰ ਦਿੱਤੀ ਗਈ ਰਿਪੋਰਟ ਸਿਪਾਹੀਆਂ ਦੀ ਬਹਾਦਰੀ, ਸਹਿਣਸ਼ੀਲਤਾ, ਅਨੁਸ਼ਾਸਿਤ, ਨਿਡਰਤਾ ਅਤੇ ਉਹਨਾਂ ਦੇ ਕੰਮਾਂ ਦੀ ਸਮਰਪਣ ਦਲੇਰੀ ਅਤੇ ਪ੍ਰਸ਼ੰਸਾਯੋਗ ਨਿਰੰਤਰਤਾ ਨੂੰ ਦੱਸਦੀ ਹੈ।  ਕੈਪਟਨ ਸਟੌਨਟਨ ਨੂੰ ਭਾਰਤ ਦੇ ਗਵਰਨਰ ਜਨਰਲ ਦਾ ਆਨਰੇਰੀ ਸਹਾਇਕ-ਡੀ-ਕੈਂਪ ਨਿਯੁਕਤ ਕੀਤਾ ਗਿਆ ਸੀ। ਕੋਰਟ ਆਫ਼ ਡਾਇਰੈਕਟਰਜ਼ ਨੇ ਉਸਨੂੰ ਇੱਕ ਤਲਵਾਰ ਅਤੇ 500 ਸੋਨੇ ਦੇ ਸਿੱਕੇ ਪੇਸ਼ ਕੀਤੇ। ਬਾਅਦ ਵਿੱਚ 1823 ਵਿੱਚ ਉਹ ਮੇਜਰ ਬਣ ਗਿਆ ਅਤੇ ਉਸਨੂੰ ਸਭ ਤੋਂ ਮਾਣਯੋਗ ਮਿਲਟਰੀ ਆਰਡਰ ਦਾ ਸਾਥੀ ਨਿਯੁਕਤ ਕੀਤਾ ਗਿਆ। ਜਨਰਲ ਥਾਮਸ ਹਿਸਲੋਪ ਨੇ ਇਸ ਲੜਾਈ ਨੂੰ ਫੌਜ ਦੇ ਇਤਿਹਾਸ ਵਿੱਚ ਦਰਜ ਕੀਤੀ ਗਈ ਸਭ ਤੋਂ ਬਹਾਦਰੀ ਅਤੇ ਸ਼ਾਨਦਾਰ ਪ੍ਰਾਪਤੀਆਂ ਵਿੱਚੋਂ ਇੱਕ ਕਿਹਾ ਹੈ। ਐਮ.ਐਸ. ਨਰਵਾਣੇ ਅਨੁਸਾਰ ਇੱਕ ਭਾਰੀ ਮਰਾਠਾ ਫੋਰਸ ਦੇ ਵਿਰੁੱਧ ਕੰਪਨੀ ਦੀਆਂ ਥੋੜ੍ਹੀਆਂ ਜਿਹੀਆਂ ਫੌਜਾਂ ਦੁਆਰਾ ਬਹਾਦਰੀ ਨਾਲ ਬਚਾਅ ਕਰਨਾ ਕੰਪਨੀ ਦੀਆਂ ਫੌਜਾਂ ਦੇ ਇਤਿਹਾਸ ਵਿੱਚ ਬਹਾਦਰੀ ਅਤੇ ਦ੍ਰਿੜਤਾ ਦੀਆਂ ਸਭ ਤੋਂ ਸ਼ਾਨਦਾਰ ਉਦਾਹਰਣਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਜਨਰਲ ਸਮਿਥ ਨੇ ਇਸ ਲੜਾਈ ਦੀ ਆਪਣੀ ਅਧਿਕਾਰਤ ਰਿਪੋਰਟ ਵਿੱਚ ਲਿਖਿਆ ਹੈ ਕਿ ਕੋਰੇਗਾਮ ਵਿਖੇ ਹੋਈ ਕਾਰਵਾਈ ਕਿਸੇ ਵੀ ਫੌਜ ਦੁਆਰਾ ਪ੍ਰਾਪਤ ਕੀਤੇ ਗਏ ਸਭ ਤੋਂ ਸ਼ਾਨਦਾਰ ਮਾਮਲਿਆਂ ਵਿੱਚੋਂ ਇੱਕ ਸੀ ਜਿਸ ਵਿੱਚ ਯੂਰਪੀਅਨ ਅਤੇ ਮੂਲ ਸੈਨਿਕਾਂ ਨੇ ਭੁੱਖ ਅਤੇ ਪਿਆਸ ਦੇ ਦਬਾਅ ਹੇਠ ਸਭ ਤੋਂ ਉੱਤਮ ਸ਼ਰਧਾ ਅਤੇ ਸਭ ਤੋਂ ਵੱਧ ਬਹਾਦਰੀ ਦਾ ਪ੍ਰਦਰਸ਼ਨ ਕੀਤਾ। ਲੜਾਈ ਵਿੱਚ ਕਿਸੇ ਵੀ ਪੱਖ ਨੇ ਨਿਰਣਾਇਕ ਜਿੱਤ ਪ੍ਰਾਪਤ ਨਹੀਂ ਕੀਤੀ। ਲੜਾਈ ਤੋਂ ਬਾਅਦ ਐਲਫਿੰਸਟਨ ਨੇ ਇਸਨੂੰ ਪੇਸ਼ਵਾ ਲਈ ਛੋਟੀ ਜਿੱਤ ਦੱਸਿਆ ਅਤੇ ਈਸਟ ਇੰਡੀਆ ਕੰਪਨੀ ਦੀ ਸਰਕਾਰ ਨੇ ਆਪਣੀਆਂ ਫੌਜਾਂ ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ। ਇਹ ਲੜਾਈ ਤੀਜੀ ਐਂਗਲੋ-ਮਰਾਠਾ ਯੁੱਧ ਵਿੱਚ ਲੜੀਆਂ ਜਾਣ ਵਾਲੀਆਂ ਆਖਰੀ ਲੜਾਈਆਂ ਵਿੱਚੋਂ ਇੱਕ ਸੀ ਜਿਸਨੂੰ ਪੇਸ਼ਵਾ ਦੀ ਹਾਰ ਦੇ ਨਾਲ ਯੁੱਧ ਖਤਮ ਹੋਣ ਤੋਂ ਬਾਅਦ ਕੰਪਨੀ ਦੀ ਜਿੱਤ ਵਜੋਂ ਜਾਣਿਆ ਜਾਂਦਾ ਹੈ। ਸ਼ਹੀਦ ਹੋਏ ਸਿਪਾਹੀਆਂ ਦੀ ਯਾਦ ਵਿੱਚ ਈਸਟ ਇੰਡੀਆ ਕੰਪਨੀ ਨੇ ਕੋਰੇਗਾਓਂ ਵਿੱਚ ਇੱਕ ਜਿੱਤ ਦਾ ਥੰਮ ਬਣਾਇਆ। ਇਸ ਥੰਮ ਦਾ ਸ਼ਿਲਾਲੇਖ ਘੋਸ਼ਣਾ ਕਰਦਾ ਹੈ ਕਿ ਕੈਪਟਨ ਸਟੌਨਟਨ ਦੀ ਫੌਜ ਨੇ ਪੂਰਬ ਵਿੱਚ ਬ੍ਰਿਟਿਸ਼ ਫੌਜ ਦੀ ਸਭ ਤੋਂ ਸ਼ਾਨਦਾਰ ਜਿੱਤਾਂ ਵਿੱਚੋਂ ਇੱਕ ਨੂੰ ਪੂਰਾ ਕੀਤਾ। ਕੋਰੇਗਾਓਂ ਥੰਮ ਤੇ ਲੜਾਈ ਵਿੱਚ ਮਾਰੇ ਗਏ 49 ਕੰਪਨੀ ਸਿਪਾਹੀਆਂ ਦੇ ਨਾਮ ਦਰਜ ਹਨ।

ਇਸ ਨੂੰ ਅੰਗਰੇਜ਼ਾਂ ਨੇ ਆਪਣੀ ਸ਼ਕਤੀ ਅਤੇ ਜਿੱਤ ਦੇ ਪ੍ਰਤੀਕ ਵਜੋਂ ਬਣਾਇਆ ਸੀ ਅਤੇ ਹੁਣ ਇਹ ਮਹਾਰਾਂ ਦੀ ਯਾਦਗਾਰ ਵਜੋਂ ਜਾਣਿਆ ਜਾਂਦਾ ਹੈ।ਆਜ਼ਾਦੀ ਤੋਂ ਬਾਅਦ ਮਹਾਰਾਂ ਵਲੋਂ ਕੋਰੇਗਾਂਵ ਦੇ ਇਸ ਵਿਜੇ ਥੰਮ ਨੂੰ ਉੱਚ-ਜਾਤੀ ਦੇ ਜ਼ੁਲਮ ਉੱਤੇ ਆਪਣੀ ਜਿੱਤ ਦੇ ਪ੍ਰਤੀਕ ਵਜੋਂ ਦੇਖਿਆ ਜਾਂਦਾ ਹੈ। ਡਾਕਟਰ ਭੀਮ ਰਾਓ ਅੰਬੇਡਕਰ ਨੇ ਆਪ 1 ਜਨਵਰੀ 1927 ਨੂੰ ਇਸ ਜਗ੍ਹਾ ਦਾ ਦੌਰਾ ਕੀਤਾ ਸੀ ਅਤੇ ਹਰ ਸਾਲ ਹਜ਼ਾਰਾਂ ਪੈਰੋਕਾਰ 01 ਜਨਵਰੀ ਨੂੰ ਇੱਥੇ ਆਂਦੇ ਹਨ। 01 ਜਨਵਰੀ 2018 ਨੂੰ ਲੜਾਈ ਦੀ 200 ਵੀਂ ਵਰ੍ਹੇਗੰਢ ਮੌਕੇ ਇੱਥੇ ਆਪਸੀ ਝੜਪ ਹੋ ਗਈ ਸੀ ਅਤੇ ਇਸ ਹਿੰਸਾ ਦੇ ਵਿਰੁੱਧ ਦਲਿਤਾਂ ਨੇ ਰੋਸ ਮੁਜ਼ਾਹਰੇ ਕੀਤੇ ਸਨ ਜਿਸ ਵਿਚ 01 ਵਿਅਕਤੀ ਦੀ ਮੌਤ ਹੋ ਗਈ ਅਤੇ 10 ਪੁਲਸ ਕਰਮਚਾਰੀਆਂ ਸਮੇਤ ਕਈ ਲੋਕ ਜ਼ਖਮੀ ਹੋ ਗਏ। ਪੁਲਿਸ ਨੇ 162 ਲੋਕਾਂ ਖਿਲਾਫ 58 ਮਾਮਲੇ ਦਰਜ ਕੀਤੇ ਸਨ। ਇਸ ਨਾਲ ਮੁੰਬਈ ਅਤੇ ਮਹਾਰਾਸ਼ਟਰ ਵਿੱਚ ਦੋ ਦਿਨਾਂ ਤੱਕ ਹਿੰਸਕ ਪ੍ਰਦਰਸ਼ਨ ਅਤੇ ਦੰਗੇ ਹੋਏ। ਫਰਵਰੀ 2018 ਵਿੱਚ, ਮਹਾਰਾਸ਼ਟਰ ਗ੍ਰਹਿ ਵਿਭਾਗ ਨੇ ਇੱਕ ਤੱਥ ਖੋਜ ਕਮਿਸ਼ਨ ਦੀ ਸਥਾਪਨਾ ਕੀਤੀ। ਇਹ ਕਮਿਸ਼ਨ ਸਤੰਬਰ 2018 ਵਿੱਚ ਕਾਰਜਸ਼ੀਲ ਹੋਇਆ ਅਤੇ ਇਸ ਵਿੱਚ ਕਲਕੱਤਾ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਜੇ. ਐਨ. ਪਟੇਲ ਅਤੇ ਰਾਜ ਦੇ ਮੁੱਖ ਸੂਚਨਾ ਕਮਿਸ਼ਨਰ ਸੁਮਿਤ ਮੂਲਿਕ ਸ਼ਾਮਲ ਸਨ। ਕਮਿਸ਼ਨ ਦਾ ਕਾਰਜਕਾਲ 8 ਅਪ੍ਰੈਲ 2020 ਨੂੰ ਖਤਮ ਹੋ ਗਿਆ ਸੀ ਅਤੇ ਉਨ੍ਹਾਂ ਨੇ 06 ਮਹੀਨੇ ਦੇ ਵਾਧੇ ਦੀ ਬੇਨਤੀ ਕੀਤੀ ਸੀ। 14 ਅਪ੍ਰੈਲ 2020 ਨੂੰ ਡਾਕਟਰ ਅੰਬੇਡਕਰ ਦੀ 129ਵੀਂ ਜਯੰਤੀ ਮੌਕੇ ਉਨ੍ਹਾਂ ਦੇ ਪੋਤਰੇ, ਆਨੰਦ ਤੇਲਤੁੰਬੜੇ ਨੂੰ ਐਨਆਈਏ ਨੇ ਕੇਸ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਸੀ। 08 ਅਪ੍ਰੈਲ ਨੂੰ ਉਸਦੀ ਗ੍ਰਿਫਤਾਰੀ ਤੋਂ ਇੱਕ ਹਫਤਾ ਪਹਿਲਾਂ ਭਾਰਤ ਦੀ ਸੁਪਰੀਮ ਕੋਰਟ ਨੇ ਉਸਨੂੰ ਅਗਾਊਂ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਬਾਅਦ ਵਿੱਚ ਐਨਆਈਏ ਦੁਆਰਾ ਇਹ ਖੁਲਾਸਾ ਕੀਤਾ ਗਿਆ ਸੀ ਕਿ ਆਨੰਦ ਤੇਲਤੁੰਬੜੇ ਆਪਣੇ ਸਾਥੀਆਂ ਦੇ ਨਾਲ ਆਰ ਡੀ ਐਫ (ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਵਿੱਚ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ) ਅਤੇ ਸੀਪੀਆਈ (ਮਾਓਵਾਦੀ) ਦੇ ਸੰਪਰਕ ਵਿੱਚ ਸਨ ਅਤੇ ਕੋਰਚੀ ਦੇ ਜੰਗਲੀ ਖੇਤਰ ਵਿੱਚ ਅੱਤਵਾਦੀਆਂ ਲਈ ਹਥਿਆਰ ਅਤੇ ਵਿਸਫੋਟਕ ਸਿਖਲਾਈ ਦਾ ਆਯੋਜਨ ਕੀਤਾ ਸੀ। 09 ਅਕਤੂਬਰ 2020 ਨੂੰ, ਐਨਆਈਏ ਨੇ ਇਸ ਮਾਮਲੇ ਦੇ ਸਬੰਧ ਵਿੱਚ 83 ਸਾਲਾ ਸਟੈਨ ਸਵਾਮੀ ਨੂੰ ਗ੍ਰਿਫਤਾਰ ਕੀਤਾ ਸੀ। ਐਨਆਈਏ ਨੇ ਦੋਸ਼ ਲਾਇਆ ਕਿ ਸਵਾਮੀ ਅਤੇ ਸੁਧਾ ਭਾਰਦਵਾਜ ਦੁਆਰਾ ਸਹਿ-ਬੁਲਾਈ ਗਈ ਸਤਾਏ ਕੈਦੀ ਏਕਤਾ ਕਮੇਟੀ (ਪੀਪੀਐਸਸੀ) ਮਾਓਵਾਦੀਆਂ ਲਈ ਇੱਕ ਮੋਰਚਾ ਸੀ। 28 ਜੁਲਾਈ 2023 ਨੂੰ ਸੁਪਰੀਮ ਕੋਰਟ ਨੇ ਹਿੰਸਾ ਦੇ ਮਾਮਲੇ ਵਿੱਚ ਦੋਸ਼ੀ ਕਾਰਕੁਨਾਂ ਵਰਨਨ ਗੋਂਸਾਲਵੇਸ ਅਤੇ ਅਰੁਣ ਫਰੇਰਾ ਨੂੰ ਜ਼ਮਾਨਤ ਦੇ ਦਿੱਤੀ। ਦਸੰਬਰ 2022 ਵਿੱਚ ਉਪ-ਮੰਡਲ ਪੁਲਿਸ ਅਧਿਕਾਰੀ ਗਣੇਸ਼ ਮੋਰੇ ਨੇ ਮੰਨਿਆ ਕਿ ਕੇਸ ਦੀ ਜਾਂਚ ਕਰ ਰਹੇ ਨਿਆਂਇਕ ਕਮਿਸ਼ਨ ਦੇ ਸਾਹਮਣੇ ਸਹੁੰ ਚੁੱਕ ਕੇ ਕਿਹਾ ਕਿ ਏਲਗਾਰ ਪ੍ਰੀਸ਼ਦ ਘਟਨਾ ਦੀ ਹਿੰਸਾ ਵਿੱਚ ਕੋਈ ਭੂਮਿਕਾ ਨਹੀਂ ਸੀ। ਰਾਸ਼ਟਰੀ ਸਵੈਮ ਸੇਵਕ ਸੰਘ ਦਾ ਸਮਰਥਨ ਪ੍ਰਾਪਤ ਇੱਕ ਥਿੰਕ ਟੈਂਕ ਫੋਰਮ ਫਾਰ ਇੰਟੈਗਰੇਟਿਡ ਨੈਸ਼ਨਲ ਸਕਿਓਰਿਟੀ ਜਿਸ ਵਿੱਚ ਮੁੱਖ ਤੌਰ ਤੇ ਸੇਵਾਮੁਕਤ ਫੌਜੀ ਅਧਿਕਾਰੀ ਸ਼ਾਮਲ ਹਨ ਨੇ ਭੀਮਾ ਕੋਰੇਗਾਓਂ ਦੰਗਿਆਂ ਬਾਰੇ ਇੱਕ ਰਿਪੋਰਟ ਜਾਰੀ ਕੀਤੀ। ਰਿਪੋਰਟ ਨੇ ਭਾਜਪਾ ਕਾਰਪੋਰੇਟਰ ਮਿਲਿੰਦ ਏਕਬੋਟੇ ਅਤੇ ਆਰਐਸਐਸ ਵਰਕਰ ਸੰਭਾਜੀ ਭਿੜੇ ਨੂੰ ਸਿੱਧੇ ਤੌਰ ਤੇ ਸ਼ਮੂਲੀਅਤ ਤੋਂ ਮੁਕਤ ਕਰ ਦਿੱਤਾ ਹੈ। ਇਸਦੀ ਬਜਾਏ ਇਸਨੇ ਦਲਿਤ ਕਾਰਕੁਨਾਂ ਨੂੰ ਭੜਕਾਉਣ ਲਈ ਮਾਓਵਾਦੀਆਂ ਅਤਿ ਖੱਬੇ-ਪੱਖੀ ਸੰਗਠਨਾਂ ਨੂੰ ਦੋਸ਼ੀ ਠਹਿਰਾਇਆ। ਇਸਨੇ ਮਹਾਰਾਸ਼ਟਰ ਪੁਲਿਸ ਨੂੰ ਵੀ ਦੋਸ਼ੀ ਠਹਿਰਾਇਆ। ਡਿਪਟੀ ਮੇਅਰ ਸਿਧਾਰਥ ਢੇਂਡੇ ਦੀ ਅਗਵਾਈ ਵਾਲੀ ਬਹੁ-ਮੈਂਬਰੀ ਤੱਥ ਖੋਜ ਕਮੇਟੀ ਦੁਆਰਾ ਰਿਪੋਰਟ ਪੇਸ਼ ਕੀਤੀ ਗਈ ਹੈ ਕਿ ਸੱਜੇ-ਪੱਖੀ ਕਾਰਕੁੰਨ ਸੰਭਾਜੀ ਭਿੜੇ ਅਤੇ ਮਿਲਿੰਦ ਏਕਬੋਟੇ ਨੇ ਪੂਰੀ ਹਿੰਸਾ ਦੀ ਪਹਿਲਾਂ ਤੋਂ ਯੋਜਨਾ ਬਣਾਈ ਸੀ। ਰਾਸ਼ਟਰ ਸੇਵਾ ਦਲ ਦੀ ਰਿਪੋਰਟ ਵਿੱਚ ਸਵਾਲ ਕੀਤਾ ਗਿਆ ਹੈ ਕਿ ਐੱਫ.ਆਈ.ਆਰ. ਵਿੱਚ ਸ਼ੁਰੂਆਤੀ ਤੌਰ ਤੇ ਨਾਮਜ਼ਦ ਕੀਤੇ ਗਏ ਸੱਜੇ ਪੱਖੀ ਕਾਰਕੁਨ ਅਜੇ ਵੀ ਇੰਟਰਵਿਊ ਦੇਣ ਦੇ ਯੋਗ ਕਿਵੇਂ ਹਨ। ਉਨਾਂ ਨੇ ਨਿਆਂਇਕ ਜਾਂਚ ਦੀ ਮੰਗ ਕੀਤੀ। ਦਲਿਤ ਵਿਦਵਾਨ ਆਨੰਦ ਤੇਲਤੁੰਬੜੇ ਨੇ ਦਲੀਲ ਦਿੱਤੀ ਕਿ ਭੀਮਾ ਕੋਰੇਗਾਓਂ ਦੀ ਲੜਾਈ ਨੂੰ ਪੇਸ਼ਵਾ ਸ਼ਾਸਨ ਵਿੱਚ ਉਨ੍ਹਾਂ ਦੇ ਜਾਤੀ ਦੇ ਜ਼ੁਲਮ ਵਿਰੁੱਧ ਮਹਾਰਾਂ ਦੀ ਲੜਾਈ ਦੇ ਰੂਪ ਵਿੱਚ ਦਰਸਾਉਣਾ ਗੁੰਮਰਾਹਕੁੰਨ ਹੈ। ਤੇਲਤੁੰਬੜੇ ਨੇ ਜ਼ਿਕਰ ਕੀਤਾ ਹੈ ਕਿ ਲੜਾਈ ਵਿੱਚ ਮਰਨ ਵਾਲਿਆਂ ਵਿੱਚੋਂ ਬਹੁਤੇ 49 ਵਿੱਚੋਂ 27 ਮਹਾਰ ਨਹੀਂ ਸਨ ਅਤੇ ਪੇਸ਼ਵਾ ਫ਼ੌਜ ਇੱਕ ਵੱਡੀ ਬ੍ਰਿਟਿਸ਼ ਫ਼ੌਜ ਦੇ ਆਉਣ ਦੇ ਡਰੋਂ ਪਿੱਛੇ ਹਟ ਗਈ ਸੀ। ਭੀਮਾ ਕੋਰੇਗਾਂਵ ਦੀ ਲੜਾਈ ਇੱਕ ਅਨਐਂਡਿੰਗ ਜਰਨੀ ਭਾਰਤੀ ਫਿਲਮ ਨਿਰਮਾਤਾ ਸੋਮਨਾਥ ਵਾਘਮਾਰੇ ਦੁਆਰਾ 2017 ਦੀ ਇੱਕ ਦਸਤਾਵੇਜ਼ੀ ਫਿਲਮ ਹੈ।ਇਸਨੇ ਪੇਸ਼ਵਾ ਰਾਜਵੰਸ਼ ਦੇ ਖਿਲਾਫ 01 ਜਨਵਰੀ 1818 ਨੂੰ ਕੋਰੇਗਾਓਂ ਦੀ ਲੜਾਈ ਵਿੱਚ 500 ਮਹਾਰ ਸਿਪਾਹੀਆਂ ਦੀ ਭੂਮਿਕਾ ਦੀ ਪੜਚੋਲ ਕੀਤੀ ਹੈ। ਭੀਮਾ ਕੋਰੇਗਾਓਂ ਦੀ ਲੜਾਈ ਇੱਕ ਆਗਾਮੀ ਭਾਰਤੀ ਹਿੰਦੀ-ਭਾਸ਼ਾ ਦੀ ਯੁੱਧ ਡਰਾਮਾ ਫਿਲਮ ਹੈ ਜੋ ਰਮੇਸ਼ ਥੀਟੇ ਦੁਆਰਾ ਨਿਰਦੇਸ਼ਿਤ ਅਤੇ ਉਸ ਦੇ ਬੈਨਰ ਰਮੇਸ਼ ਥੀਟੇ ਫਿਲਮਜ਼ ਦੇ ਅਧੀਨ ਬਣਾਈ ਗਈ ਹੈ। ਹਰ ਸਾਲ 01 ਜਨਵਰੀ ਨੂੰ ਲੋਕ ਵੱਡੀ ਗਿਣਤੀ ਵਿੱਚ 1818 ਦੀ ਇਸ ਇਤਿਹਾਸਿਕ ਲੜਾਈ ਦੀ ਵਰ੍ਹੇਗੰਢ ਮਨਾਉਂਦੇ ਹਨ ਅਤੇ ਯਾਦਗਾਰੀ ਪ੍ਰੋਗਰਾਮ ਕਰਵਾਏ ਜਾਂਦੇ ਹਨ।

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ




### ਕਰਨਵੀਰ ਪੁਰੀ- ਖ਼ਾਹਿਸ ਅਮਰ ਨੂਰੀ ਨਾਲ ਦੋਗਾਣਾ


'ਕਾਲੀ ਥਾਰ' ਗੀਤ ਨੇ ਕਰਨਵਵੀਰ ਪੁਰੀ ਨੂੰ ਜਾਣਿਆ-ਪਹਿਚਾਣਿਆ ਬਣਾ ਦਿੱਤਾ ਹੈ। ਨਾਲ ਹੀ ਉਸਦਾ ਗੀਤ 'ਜਿਆਲਸੀ' ਤੇ ਇਹ ਚਰਚਿਤ ਹੋ ਰਿਹਾ ਹੈ। ਹੁਣ ਕਰਨਵੀਰ ਪੁਰੀ ਦੀ ਤਮੰਨਾ ਹੈ ਕਿ ਉਹ ਆਵਾਜ ਦੀ ਮਲਿਕਾ ਅਮਰ ਨੂਰੀ ਨਾਲ ਕੋਈ ਦੋਗਾਣਾ ਗਾ ਕਿ ਸਰੋਤਿਆਂ ਸਨਮੁੱਖ ਕਰੇ।

ਹੁਣ ਇਹ ਤਮੰਨਾ ਕਦ ਪੂਰੀ ਹੁੰਦੀ ਹੈ? ਦੇਖਾਂਗੇ ਪਰ ਇਹ ਗੱਲ ਸਾਫ ਹੈ ਕਿ 2024'ਚ ਕਰਨਵੀਰ ਨੂਰੀ ਔਜਲਾ ਨੂੰ ਮੰਜਿਲ ਬਣ ਕਾਫੀ ਕੁਝ ਕਰੇਗਾ।










### ਸਿੰਮੀ ਚਾਹਲ- ਮੇਰੀ ਮਾਂ ਮੇਰਾ ਰੱਬ





ਪੰਜਾਬੀ ਸਿਨੇਮਾ ਦੀ ਸਟਾਰ ਨਾਇਕਾ ਸਿੰਮੀ ਚਾਹਲ ਆਪਣੀ ਮਾਂ ਹਰਪ੍ਰੀਤ ਕੌਰ ਨੂੰ ਧਰਤੀ ਤੇ ਰੱਬ ਮੰਨਦੀ ਹੈ। ਅੰਬਾਲਾ ਤੋਂ ਜਨਮ ਲੈ ਕਿ ਕਨੇਡਾ ਤੱਕ ਪਹੁੰਚੀ ਸਿੰਮੀ ਚਾਹਲ ਨੇ ਅਮਰਿੰਦਰ ਗਿੱਲ ਨਾਲ ਕਾਮਯਾਬ ਫ਼ਿਲਮਾਂ ਦਿੱਤੀਆਂ ਹਨ ਤੇ ਹੁਣ ਲਾੱਲੀਵੁੱਡ ਦੇ ਹੀਰੋ ਇਮਰਾਨ ਨਾਲ ਮਨੀਸ਼ ਸਾਹਨੀ ਦੀ ਨਵੀਂ ਫ਼ਿਓਮਪ;ਲਮ ਕਰ ਰਹੀ ਹੈ। ਆਪਣੀ ਮਾਂ ਨਾਲ ਨਾਨਕੇ ਪਿੰਡ ਬੁੰਡਾਲਾ ਆਉਣਾ, ਖੇਤਾਂ ਵਿੱਚ ਘੁੰਮਣਾ ਤੇ ਮਾਂ ਨਾਲ 'ਰੀਲ' ਬਣਾਉਣੀ ਸਿੰਮੀ ਨੂੰ ਪਸੰਦ ਹੈ।

### ਇੰਦਰਜੀਤ ਕੁਮਾਰ ਦੇ ਸਟੰਟ

ਫ਼ਿਲਮਾਂ ਹੋਣ ਹਾਲੀਵੁੱਡ ਦੀਆਂ ਤਾਂ ਸਟੰਟ ਜਰੂਰੀ ਹਨ। ਕਾਰਾਂ ਤੇ ਜਹਾਜ ਉਡਾਉਣੇ, ਅਸਮਾਨ ਤੋਂ ਵਾਲਾਂ ਇਹ ਜਾਨ ਲੇਵਾ ਸਟੰਟ ਬਹੁਤ ਹੀ ਸਹਿਜ ਹੋ ਕਿ ਇੰਦਰਜੀਤ ਕੁਮਾਰ ਹਾਲੀਵੁੱਡ ਫ਼ਿਓਮਪ;ਲਮਾਂ ਲਈ ਕਰਵਾ ਰਹੇ ਹਨ। ਇੰਦਰ ਕੁਮਾਰ ਨੇ 150 ਦੇ ਕਰੀਬ ਹਾਲੀਵੁੱਡ ਫ਼ਿਲਮਾਂ ਕਰ ਲਈਆਂ ਹਨ। ਵਿਨ ਡੀਜਲ ਤੇ ਜੇਮੀ ਰੇਨਰ ਨਾਲ ਸਟੰਟ ਕਰਨ ਸਮੇਂ ਉਹ ਮਾਣ ਮਹਿਸੂਸ ਕਰਦਾ ਹੈ ਕਿ ਭਾਰਤ ਚੋਂ ਆ ਕਿ ਉਸ ਹਾਲੀਵੁੱਡ 'ਚ ਆਪਣੀ ਪਛਾਣ ਜਬਰਦਸਤ ਬਣਾਈ ਹੈ।

### ਸਤਵਿੰਦਰ 'ਸੱਚ ਮੁੱਚ' ਹਰ ਪੱਖੋਂ 'ਲਵਲੀ' ਹੈ

ਫ਼ਿਲਮਾਂ ਲਈ ਸ਼ਾਨਦਾਰ ਚਿਹਰਾ ਹੈ ਸਤਵਿੰਦਰ ਲਵਲੀ, ਗਾਇਕਾ ਉਹ ਚੋਟੀ ਦੀ ਹੈ, 'ਸੁਰਮਾ' ਤੋਂ ਲੈ ਕਿ ਅਨੇਕਾਂ ਵਧੀਆ ਗਾਣੇ ਤੇ ਹੁਣ ਆਰ. ਨੇਤ ਜਿਹੇ ਸਟਾਰ ਕਲਾਕਾਰਾਂ ਨਾਲ ਕਨੇਡਾ ਵਿਖੇ ਸਟੇਜਾਂ ਤੇ ਗਾ ਰਹੀ ਨਵਾਂ ਸ਼ਹਿਰ ਦੀ ਸਤਵਿੰਦਰ ਲਵਲੀ ਦੀ ਜਿਸਮਾਨੀ ਭਾਸ਼ਾ ਬਿਲਕੁਲ ਫ਼ਿਲਮਾਂ ਦੇ ਅਨੁਕੂਲ ਹੈ। ਸਤਵਿੰਦਰ ਬਿੱਟੀ ਤੋਂ ਬਾਅਦ ਸਤਵਿੰਦਰ ਲਵਲੀ ਸੁਪਰ ਗਾਇਕਾ ਬਣ ਸਕਦੀ ਹੈ। ਉਸਦੇ ਭਵਿੱਖ ਲਈ ਕਾਮਨਾਵਾਂ।

### ਮਲਕੀਤ ਦਿਓਲ 'ਨੇਕ ਕਲਾਕਾਰ'



ਸਮਾਜ ਨੂੰ ਸੁਧਾਰਨ ਲਈ 'ਜਾਗੋ ਪੰਜਾਬ' ਜਿਹੀ ਫ਼ਿਲਮ ਬਣਾ ਕਿ ਮਲਕੀਤ ਦਿਓਲ ਨੇ ਬੱਲੇ-ਬੱਲੇ ਕਰਵਾਈ ਹੈ। ਲੇਖਕ ਤੇ ਨਿਰਦੇਸ਼ਕ ਮਲਕੀਤ ਦਿਓਲ ਦੂਰਦਰਸ਼ਨ ਜਲੰਧਰ ਦੇ ਪ੍ਰਵਾਨਿਤ ਕਲਾਕਾਰ ਤੇ ਸਾਹਿਤਕਾਰ ਹਨ 'ਸ਼ੰਘਰਸ਼' ਫ਼ਿਲਮ ਤੋਂ ਬਾਅਦ ਮਲਕੀਤ ਦਿਓਲ ਸਮਾਜ ਸੇਵਾ ਦੇ ਕੰਮ ਵੀ ਕਰ ਰਹੇ ਹਨ ਤੇ ਹੁਣ ਵੱਡੀ ਪੰਜਾਬੀ ਫ਼ਿਲਮ ਬਣਾਉਣ ਦੀ ਤਿਆਰੀ 'ਚ ਹਨ।

### ਸਰਬਜੀਤ ਫੁੱਲ ਦੀ ਫੁੱਲਵਾੜੀ

ਆਪਣੇ ਬੱਚੇ ਨਾਲ ਲਾਰਕਰ ਸੁਰ ਹੋਰ ਨਿੱਖਰਦੀ ਹੈ ਗਾਇਕ ਤੇ ਐਕਟਰ ਸਰਬਜੀਤ ਫੁੱਲ ਆਖਦੇ ਹਨ। ਸਰਬਜੀਤ ਫੁੱਲ ਆਪਣੀ ਧਰਮ ਪਤਨੀ ਦੇ ਸਾਥ ਨਾਲ 'ਫੁੱਲ' ਵਰਗੀ ਸਟੇਜ ਅਦਾਇਗੀ ਕਰਦੇ ਹਨ। ਬਮਰਾਹ ਦੀ ਫ਼ਿਲਮ 'ਜਿੰਦਰਾ' ਲਈ ਸਰਬਜੀਤ ਫੁੱਲ ਨੇ ਗੀਤ ਗਾਏ ਹਨ ਤੇ ਸਰਗਰਮ ਹਨ।



## ਖੇਡ ਦੁਨੀਆਂ

# ਕੁਸ਼ਤੀ ਫੈਡਰੇਸ਼ਨ ਦਾ ਕੰਮਕਾਜ ਚਲਾਉਣ ਲਈ ਐਡਹਾਕ ਕਮੇਟੀ ਕਾਇਮ ਹੋਈ

**ਨਵੀਂ ਦਿੱਲੀ-** ਭਾਰਤੀ ਓਲੰਪਿਕ ਐਸੋਸੀਏਸ਼ਨ (ਆਈਓਏ) ਨੇ ਮੁਅੱਤਲਸ਼ੁਦਾ ਭਾਰਤੀ ਕੁਸ਼ਤੀ ਫੈਡਰੇਸ਼ਨ (ਡਬਲਿਊਐੱਫਆਈ) ਦਾ ਰੋਜ਼ਮੱਰ੍ਹਾ ਦਾ ਕੰਮਕਾਜ ਚਲਾਉਣ ਲਈ ਤਿੰਨ ਮੈਂਬਰੀ ਐਡਹਾਕ ਕਮੇਟੀ ਬਣਾ ਦਿੱਤੀ ਹੈ। ਖੇਡ ਮੰਤਰਾਲੇ ਨੇ ਪਿਛਲੇ ਦਿਨੀਂ ਫੈਡਰੇਸ਼ਨ ਨੂੰ ਇਹ ਕਹਿੰਦਿਆਂ ਮੁਅੱਤਲ ਕਰ ਦਿੱਤਾ ਸੀ ਕਿ ਕੁਸ਼ਤੀ ਨਾਲ ਜੁੜੀ ਖੇਡ ਸੰਸਥਾ ਨੇ ਕੁਝ ਫੈਸਲੇ ਲੈਣ ਲੱਗਿਆਂ ਆਪਣੀਆਂ ਸੰਵਿਧਾਨਕ ਵਿਵਸਥਾਵਾਂ ਦੀ ਉਲੰਘਣਾ ਕੀਤੀ ਹੈ। ਭਾਰਤੀ ਵੁਸ਼ੂ ਐਸੋਸੀਏਸ਼ਨ ਦੇ ਪ੍ਰਧਾਨ ਭੁਪਿੰਦਰ ਸਿੰਘ ਬਾਜਵਾ ਕਮੇਟੀ ਦੇ ਚੇਅਰਮੈਨ ਹੋਣਗੇ ਜਦੋਂਕਿ ਹਾਕੀ ਓਲੰਪੀਅਨ ਐੱਮ.ਐੱਮ. ਸੋਮਾਇਆ ਤੇ ਸਾਬਕਾ ਕੌਮਾਂਤਰੀ ਸ਼ਟਲਰ ਮੰਜੂਸ਼ਾ ਕੰਵਰ ਨੂੰ ਦੋ ਹੋਰ ਮੈਂਬਰਾਂ ਵਜੋਂ ਸ਼ਾਮਲ ਕੀਤਾ ਗਿਆ ਹੈ। ਭਾਰਤੀ ਕੁਸ਼ਤੀ ਫੈਡਰੇਸ਼ਨ ਵੱਲੋਂ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਨਜ਼ਦੀਕੀ ਸੰਜੈ ਸਿੰਘ ਨੂੰ ਪ੍ਰਧਾਨ ਚੁਣੇ ਜਾਣ ਤੋਂ ਤਿੰਨ ਦਿਨ ਮਗਰੋਂ ਖੇਡ ਮੰਤਰਾਲੇ ਨੇ ਫੈਡਰੇਸ਼ਨ ਨੂੰ ਮੁਅੱਤਲ ਕਰ ਦਿੱਤਾ ਸੀ। ਮੰਤਰਾਲੇ ਨੇ ਫੈਡਰੇਸ਼ਨ ਦੇ ਰੋਜ਼ਮੱਰ੍ਹਾ ਦੇ ਕੰਮਕਾਜ ਨੂੰ ਚਲਾਉਣ ਲਈ ਭਾਰਤੀ ਓਲੰਪਿਕ ਐਸੋਸੀਏਸ਼ਨ ਨੂੰ ਐਡਹਾਕ ਕਮੇਟੀ ਬਣਾਉਣ ਲਈ ਵੀ ਕਿਹਾ ਸੀ। ਆਈਓਏ ਮੁਖੀ ਪੀ।ਟੀ।ਊਸ਼ਾ ਨੇ ਇਕ ਰਿਲੀਜ਼ ਵਿਚ ਕਿਹਾ, ''ਆਈਓਏ ਨੂੰ ਹਾਲ ਹੀ ਵਿਚ ਪਤਾ ਲੱਗਾ ਹੈ ਕਿ ਡਬਲਿਊਐੱਫਆਈ ਦੇ ਨਵ-ਨਿਯੁਕਤ ਪ੍ਰਧਾਨ ਤੇ ਹੋਰ ਅਧਿਕਾਰੀਆਂ ਨੇ ਆਪਣੀਆਂ ਹੀ ਸੰਵਿਧਾਨਕ ਵਿਵਸਥਾਵਾਂ ਦੀ ਉਲੰਘਣਾ ਕੀਤੀ ਤੇ ਚੰਗੇ ਪ੍ਰਸ਼ਾਸਨ ਦੇ ਸਿਧਾਂਤਾਂ ਖਿਲਾਫ਼ ਪੱਖਪਾਤੀ ਫੈਸਲੇ ਲਏ ਹਨ। ਇਹੀ ਨਹੀਂ ਆਈਓਏ ਵੱਲੋਂ ਨਿਯੁਕਤ ਐਡਹਾਕ ਕਮੇਟੀ ਦੇ ਕੁਝ ਫੈਸਲਿਆਂ ਨੂੰ ਯੋਗ ਅਮਲ ਦੀ ਪਾਲਣਾ ਕੀਤੇ ਬਗੈਰ ਪਲਟਾਇਆ ਗਿਆ।'' ਰਿਲੀਜ਼ ਵਿੱਚ ਅੱਗੇ ਕਿਹਾ ਗਿਆ, ''ਕਿਉਂ ਜੋ ਆਈਓਏ ਦਾ ਮੰਨਣਾ ਹੈ ਕਿ ਨਿਰਪੱਖ ਖੇਡ, ਪਾਰਦਰਸ਼ਤਾ ਤੇ ਜਵਾਬਦੇਹੀ ਅਤੇ ਖਿਡਾਰੀਆਂ ਦੇ ਹਿੱਤਾਂ ਦੀ ਸੁਰੱਖਿਆ ਤੇ ਲਗਾਤਾਰਤਾ ਯਕੀਨੀ ਬਣਾਉਣ ਲਈ ਸ਼ਾਸਕੀ ਨੇਮਾਂ ਦੀ ਪਾਲਣਾ ਜ਼ਰੂਰੀ ਹੈ, ਲਿਹਾਜ਼ਾ ਐਡਹਾਕ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ।'' ਐਡਹਾਕ ਕਮੇਟੀ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਕਾਰਜਾਂ ਦੀ ਨਿਗਰਾਨੀ ਕਰੇਗੀ, ਜਿਸ ਵਿੱਚ ਅਥਲੀਟਾਂ ਦੀ ਚੋਣ, ਕੌਮਾਂਤਰੀ ਖੇਡ ਈਵੈਂਟਾਂ ਵਿੱਚ ਸ਼ਮੂਲੀਅਤ ਲਈ ਅਥਲੀਟਾਂ ਦੇ ਦਾਖਲੇ ਭੇਜਣ, ਖੇਡ ਸਰਗਰਮੀਆਂ ਦਾ ਆਯੋਜਨ, ਬੈਂਕ ਖਾਤਿਆਂ ਦੀ ਸਾਂਭ ਸੰਭਾਲ, ਵੈੱਬਸਾਈਟ ਦਾ ਪ੍ਰਬੰਧ ਤੇ ਹੋਰ ਜ਼ਿੰਮੇਵਾਰੀਆਂ ਸ਼ਾਮਲ ਹਨ।



### ਸਹੀ ਸਮੇਂ 'ਤੇ ਸਹੀ ਫ਼ੈਸਲਾ: ਬਬੀਤਾ ਫੋਗਾਟ

'ਦੰਗਲ ਗਰਲ' ਵਜੋਂ ਜਾਣੀ ਜਾਂਦੀ ਸਾਬਕਾ ਕੁਸ਼ਤੀ ਖਿਡਾਰਨ ਅਤੇ ਹਰਿਆਣਾ ਮਹਿਲਾ ਵਿਕਾਸ ਨਿਗਮ ਦੀ ਪ੍ਰਧਾਨ ਬਬੀਤਾ ਫੋਗਾਟ ਨੇ ਕਿਹਾ ਹੈ ਕਿ ਨਵੀਂ ਚੁਣੀ ਗਈ ਭਾਰਤੀ ਕੁਸ਼ਤੀ ਫੈਡਰੇਸ਼ਨ ਨੂੰ ਮੁਅੱਤਲ ਕਰ ਕੇ ਖੇਡ ਮੰਤਰਾਲੇ ਨੇ ਸਹੀ ਸਮੇਂ 'ਤੇ ਸਹੀ ਫੈਸਲਾ ਲਿਆ ਹੈ। ਬਬੀਤਾ ਫੋਗਾਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, ''ਖੇਡ ਮੰਤਰਾਲੇ ਦਾ ਸਹੀ ਸਮੇਂ 'ਤੇ ਸਹੀ ਫੈਸਲਾ ਆਇਆ ਹੈ। ਇਸ ਨਾਲ ਪਹਿਲਵਾਨਾਂ ਨੂੰ ਇਨਸਾਫ ਮਿਲੇਗਾ। ਖੇਡ ਮੰਤਰਾਲਾ ਸਮੇਂ-ਸਮੇਂ 'ਤੇ ਇਸ ਸਾਰੇ ਮਾਮਲੇ ਦੀ ਜਾਂਚ ਕਰ ਰਿਹਾ ਹੈ।'' ਹਾਲਾਂਕਿ ਬਬੀਤਾ ਨੇ ਆਪਣੇ ਚਚੇਰੀ ਭੈਣ ਵਿਨੇਸ਼ ਫੋਗਾਟ ਨੂੰ ਲੈ ਕੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਵਿਨੇਸ਼ ਨੇ ਮੰਗਲਵਾਰ ਨੂੰ ਟਵੀਟ ਕਰ ਕੇ ਖੇਡ ਰਤਨ ਅਤੇ ਅਰਜੁਨ ਪੁਰਸਕਾਰ ਵਾਪਸ ਕਰਨ ਦਾ ਐਲਾਨ ਕੀਤਾ ਸੀ।



### ਵਿਨੇਸ਼ ਫੋਗਾਟ ਨੇ ਖੇਲ ਰਤਨ ਤੇ ਅਰਜੁਨ ਐਵਾਰਡ ਮੋੜੇ

ਵਰਲਡ ਚੈਂਪੀਅਨਸ਼ਿਪ ਤਗ਼ਮਾ ਜੇਤੂ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਨੇ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਵਫ਼ਾਦਾਰ ਸੰਜੈ ਸਿੰਘ ਦੀ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਵਜੋਂ ਚੋਣ ਦਾ ਵਿਰੋਧ ਕਰਦਿਆਂ ਆਪਣਾ ਖੇਲ ਰਤਨ ਤੇ ਅਰਜੁਨ ਐਵਾਰਡ ਸਰਕਾਰ ਨੂੰ ਮੋੜ ਦਿੱਤਾ ਹੈ। ਵਿਨੇਸ਼ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਰੋਸ ਜਤਾਇਆ ਹੈ। ਇਸ ਤੋਂ ਪਹਿਲਾਂ ਓਲੰਪਿਕ ਤਗ਼ਮਾ ਜੇਤੂ ਬਜਰੰਗ ਪੂਨੀਆ ਤੇ ਡੈੱਫਲੰਪਿਕਸ ਚੈਂਪੀਅਨ ਵੀਰੇਂਦਰ ਸਿੰਘ ਯਾਦਵ ਨੇ ਵੀ ਪਿਛਲੇ ਦਿਨੀਂ ਆਪਣੇ ਪਦਮ ਸ੍ਰੀ ਐਵਾਰਡ ਵਾਪਸ ਕੀਤੇ ਸਨ। ਵਿਨੇਸ਼ ਐੱਕਸ 'ਤੇ ਪੋਸਟ ਕੀਤੇ ਇਕ ਪੱਤਰ ਰਾਹੀਂ ਐਲਾਨ ਕੀਤਾ, ''ਮੈਂ ਆਪਣਾ ਮੇਜਰ ਧਿਆਨਚੰਦ ਖੇਲ ਰਤਨ ਤੇ ਅਰਜੁਨ ਐਵਾਰਡ ਵਾਪਸ ਕਰ ਰਹੀ ਹਾਂ।'' ਸੰਜੈ ਸਿੰਘ ਨੂੰ ਲੰਘੇ ਵੀਰਵਾਰ ਡਬਲਿਊਐੱਫਆਈ ਦਾ ਨਵਾਂ ਪ੍ਰਧਾਨ ਚੁਣਿਆ ਗਿਆ ਸੀ। ਚੇਤੇ ਰਹੇ ਕਿ ਪਹਿਲਵਾਨਾਂ ਨੇ ਮੰਗ ਕੀਤੀ ਸੀ ਕਿ ਬ੍ਰਿਜ ਭੂਸ਼ਨ ਦੇ ਨੇੜਲਿਆਂ ਨੂੰ ਭਾਰਤੀ ਕੁਸ਼ਤੀ ਫੈਡਰੇਸ਼ਨ ਦੀਆਂ ਚੋਣਾਂ ਤੋਂ ਦੂਰ ਰੱਖਿਆ ਜਾਵੇ। ਸੰਜੈ ਸਿੰਘ ਦੀ ਚੋਣ ਤੋਂ ਫੌਰੀ ਮਗਰੋਂ ਰੀਓ ਓਲੰਪਿਕ 'ਚ ਕਾਂਸੇ ਦਾ ਤਗ਼ਮਾ ਜੇਤੂ ਮਹਿਲਾ ਪਹਿਲਵਾਨ ਸਾਕਸ਼ੀ ਮਲਿਕ ਨੇ ਕੁਸ਼ਤੀ ਦੀ ਖੇਡ ਛੱਡਣ ਦਾ ਐਲਾਨ ਕੀਤਾ ਸੀ। ਖੇਡ ਮੰਤਰਾਲੇ ਨੇ ਹਾਲਾਂਕਿ ਦੋ ਦਿਨ ਮਗਰੋਂ ਫੈਡਰੇਸ਼ਨ ਦੀ ਨਵੀਂ ਚੁਣੀ ਟੀਮ ਨੂੰ ਮੁਅੱਤਲ ਕਰ ਦਿੱਤਾ। ਮੰਤਰਾਲੇ ਨੇ ਭਾਰਤੀ ਓਲੰਪਿਕ ਐਸੋਸੀਏਸ਼ਨ ਨੂੰ ਖੇਡ ਸੰਸਥਾ ਦੇ ਨਿੱਤ ਦੇ ਕੰਮਕਾਜ ਨੂੰ ਚਲਾਉਣ ਲਈ ਐਡਹਾਕ ਕਮੇਟੀ ਬਣਾਉਣ ਲਈ ਵੀ ਕਿਹਾ ਸੀ।

## ਹਾਕੀ: ਓਲੰਪਿਕ ਕੁਆਲੀਫਾਇਰ ਦੀ ਤਿਆਰੀ ਲਈ 34 ਖਿਡਾਰਨਾਂ ਦੀ ਚੋਣ

**ਬੰਗਲੂਰੂ-** ਓਲੰਪਿਕ ਕੁਆਲੀਫਾਇਰ ਅਤੇ ਹਾਕੀ ਫਾਈਵ ਵਿਸ਼ਵ ਕੱਪ ਦੀ ਤਿਆਰੀ ਲਈ ਭਾਰਤ ਦੀਆਂ 34 ਖਿਡਾਰਨਾਂ ਭਲਕੇ ਬੁੱਧਵਾਰ ਤੋਂ ਇੱਥੇ ਸੀਨੀਅਰ ਮਹਿਲਾ ਹਾਕੀ ਕੋਚਿੰਗ ਕੈਂਪ ਵਿੱਚ ਹਿੱਸਾ ਲੈਣਗੀਆਂ। ਸਪੇਨ 'ਚ ਪੰਜ ਦੇਸ਼ਾਂ ਦੇ ਟੂਰਨਾਮੈਂਟ 'ਚ ਮੇਜ਼ਬਾਨ ਤੋਂ ਇਲਾਵਾ ਬੈਲਜੀਅਮ, ਜਰਮਨੀ ਅਤੇ ਆਇਰਲੈਂਡ ਦਾ ਸਾਹਮਣਾ ਕਰਨ ਤੋਂ ਬਾਅਦ ਭਾਰਤੀ ਖਿਡਾਰਨਾਂ ਨੂੰ ਬਰੇਕ ਮਿਲੀ ਸੀ ਅਤੇ ਹੁਣ ਉਹ ਕੈਂਪ 'ਚ ਹਿੱਸਾ ਲੈਣਗੀਆਂ। ਰਾਂਚੀ ਵਿੱਚ 13 ਤੋਂ 19 ਜਨਵਰੀ ਤੱਕ ਓਲੰਪਿਕ ਕੁਆਲੀਫਾਇਰ ਹੋਵੇਗਾ ਜਿਸ ਵਿੱਚ ਭਾਰਤ ਨੂੰ ਨਿਊਜ਼ੀਲੈਂਡ, ਇਟਲੀ ਅਤੇ ਅਮਰੀਕਾ ਦੇ ਨਾਲ ਪੂਲ ਬੀ ਵਿੱਚ ਰੱਖਿਆ ਗਿਆ ਹੈ। ਜਰਮਨੀ, ਜਾਪਾਨ, ਚਿੱਲੀ ਅਤੇ ਚੈੱਕ ਗਣਰਾਜ ਨੂੰ ਪੂਲ ਏ ਵਿੱਚ ਜਗ੍ਹਾ ਮਿਲੀ ਹੈ। ਭਾਰਤ ਨੇ ਰਾਂਚੀ 'ਚ ਮਹਿਲਾ ਏਸ਼ਿਆਈ ਚੈਂਪੀਅਨਜ਼ ਟਰਾਫੀ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ ਅਤੇ ਹੁਣ ਉਹ ਉਸੇ ਮੈਦਾਨ 'ਤੇ ਲੈਅ ਜਾਰੀ ਰੱਖਣ ਦੀ ਕੋਸ਼ਿਸ਼ ਕਰੇਗਾ। ਕੈਂਪ ਵਿੱਚ ਹਿੱਸਾ ਲੈਣ ਵਾਲੀਆਂ ਖਿਡਾਰਨਾਂ ਵਿੱਚ ਸਵਿਤਾ, ਰਜਨੀ, ਬਿਚੂ ਦੇਵੀ, ਦੀਪ ਗ੍ਰੇਸ, ਗੁਰਜੀਤ ਕੌਰ, ਨਿੱਕੀ ਪ੍ਰਧਾਨ, ਉਦਿਤਾ, ਇਸ਼ਿਕਾ ਚੌਧਰੀ, ਅਕਸ਼ਤਾ ਅਬਾਸੋ, ਜਯੋਤੀ ਛੇਤਰੀ, ਮਹਿਮਾ ਚੌਧਰੀ, ਨਿਸ਼ਾ, ਸਲੀਮਾ ਟੇਟੇ, ਸੁਸ਼ੀਲਾ ਚਾਨੂ, ਜਯੋਤੀ, ਨਵਜੋਤ ਕੌਰ, ਮੋਨਿਕਾ, ਸੋਨਿਕਾ, ਨੇਹਾ, ਬਲਜੀਤ ਕੌਰ, ਰੀਨਾ ਖੋਖਰ, ਵੈਸ਼ਨਵੀ ਵਿੱਠਲ ਫਾਲਕੇ, ਨਵਨੀਤ ਕੌਰ, ਵੰਦਨਾ ਕਟਾਰੀਆ ਤੇ ਹੋਰ ਸ਼ਾਮਲ ਹਨ।



NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928



AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

510- 733- 2222

1421 Industrial PKWY West#F Hayward, CA 94544



Harmandeep Singh



Raja SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗਾੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

